# ਵਰਿਆਮ

ਅਗਸਤ-੨੦੧੬

੪੧ਵਾਂ ਸਾਲ



**ਸਾਵਣ ਮਾਹ ਸੁਹਾਵਣਾ, ਜੋ ਧਰਤੀ ਬੂੰਦ ਪਈ**
**ਅਨਹਦ ਗਾਜੇ ਮੇਘਲਾ, ਜੇ ਮਨ ਦੀ ਤੱਪਤ ਗਈ**

*(ਬੁੱਲੇ ਸ਼ਾਹ ਬਾਰਾ ਮਾਹ)*

25/-

Namdhari Elibrary

NamdhariElibrary@gmail.com



ਸ੍ਰੀ ਸਤਿਗੁਰੂ ਉਦੈ ਸਿੰਘ ਜੀ ਆਪਣੇ ਕਨੇਡਾ ਦੌਰੇ ਦੌਰਾਨ ਆਪਣੇ ਸਿੱਖਾਂ ਨੂੰ ਨਿਵਾਜਦੇ ਹੋਏ।



ਸ੍ਰੀ ਸਤਿਗੁਰੂ ਉਦੈ ਸਿੰਘ ਜੀ ਆਪਣੇ ਅਮਰੀਕਾ ਦੌਰੇ ਦੌਰਾਨ ਆਪਣੇ ਸਿੱਖਾਂ ਅਤੇ ਸੇਵਕਾਂ ਨਾਲ ।

ਤਸਵੀਰ ਵਿੱਚ ਸਤਿਗੁਰੂ ਜੀ ਦੇ ਮਹਿਲ ਬੀਬੀ [illegible] ਕੌਰ ਜੀ [illegible] ਹਨ।

Namdhari Elibrary NamdhariElibrary@gmail.com

# ਵਰਿਆਮ


ਅਗਸਤ - ੨੦੧੬

ਜਿਲਦ-੪੧

ਅੰਕ- ੧੦



ਸੰਪਾਦਕ

ਜਗਦੀਸ਼ ਸਿੰਘ 'ਵਰਿਆਮ'

ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ

ਮੋਬ.- 98143-18720

ਮੈਨੇਜਰ : ਡਾ. ਰਜਵੰਤ ਕੌਰ

ਮੋਬਾਇਲ : 98786-16996

ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ)
ਜਲੰਧਰ- ੧੪੪੦੦੧

Office Address :
Monthly WARIAM
Ladowali Road.
Opp. Central Town,
Jalandhar-144001

ਫੋਨ-:੦੧੮੧- ੨੨੨੨੫੪੩ Ph. :0181-2222543 (O)

ਘਰ : ੦੧੮੧-੨੪੫੬੨੮੯ 0181-2456289 (R)


## ਵਰਿਆਮ ਦੇ ਦਰ

| | |
|---|---|
| ਇਹ ਅੰਕ | ੨੫-੦੦ |
| ਸਲਾਨਾ ਚੰਦਾ | ੨੫੦-੦੦ |
| ਪੰਜ ਸਾਲ ਲਈ | ੧੦੦੦-੦੦ |
| ਜੀਵਨ ਮੈਂਬਰ | ੨੫੦੦-੦੦ |
| ਵਿਦੇਸ਼ ਲਈ ਹਵਾਈ ਡਾਕ ਰਾਹੀਂ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ (ਸਾਲਾਨਾ) |

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬ੍ਰੇਰੀਆਂ ਲਈ ਪ੍ਰਵਾਨ ਹੈ।

# ਤਤਕਰਾ


ਆਪਨੜੇ ਗਿਰੀਵਾਨ ਮਹਿ ....2

ਦੇਸ਼ ਦੀ ਆਜ਼ਾਦੀ ਵਿੱਚ ਨਾਮਧਾਰੀਆਂ ਦਾ ਯੋਗਦਾਨ
—*ਜਗਦੀਸ਼ ਸਿੰਘ* ....3

ਅਪਰਾਧ —ਤਾਰਾ ਸਿੰਘ ਅਨਜਾਣ ....8

ਕੂਕਾ ਲਹਿਰ ਦੇ ਅਮਰ ਨਾਇਕ ਸੰਤ ਸੰਮਾ ਸਿੰਘ ਮਾਂਗਾ
—*ਸੁਵਰਨ ਸਿੰਘ ਵਿਰਕ* ....9

ਮੁੰਡਿਆਂ ਚ ਤੇਲ ਪਈ ਰੱਖਣਾ ਜ਼ਰੂਰੀ ਹੈ !
—ਵਰਿਆਮ ਸਿੰਘ ਸੰਧੂ ....18

ਅਭੁੱਲ ਯਾਦਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ
—*ਸੰਤ ਸਿੰਘ* ....22

ਪੰਜਾਬੀ ਪੱਤਰਕਾਰੀ ਦਾ ਧਰੂ-ਤਾਰਾ ਅਤੇ ਠਹਾਕਿਆਂ ਦਾ ਬਾਦਸ਼ਾਹ —*ਭੁਪਿੰਦਰ ਉਸਤਾਦ* ....27

ਤੇਜ਼ ਬੁਖ਼ਾਰ ਕਾਰਣ ਬੱਚੇ ਨੂੰ ਦੌਰਾ ਪੈਣਾ
—*ਡਾ. ਹਰਸ਼ਿੰਦਰ ਕੌਰ, ਐਮ. ਡੀ.* ....31

ਸੌਣ ਮਹੀਨੇ ਪਿਪਲੀਂ ਪੀਂਘਾਂ, ਸਈਆਂ ਝੂਟਣ ਆਈਆਂ
—*ਡਾ ਰਾਜਵੰਤ ਕੌਰ* ....33

ਨਾਮਧਾਰੀ ਸਿੰਘਾਂ ਦੀਆਂ ਸ਼ਹੀਦੀਆਂ
—*ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ* ....34

ਪੈਂਦਾ ਏ ਆਜ਼ਾਦੀ ਲਈ.... —*ਜਰਨੈਲ ਸਿੰਘ ਬੱਧਣ* ....36

ਵਿਲੱਖਣ ਆਯੁਰਵੇਦ —*ਡਾ. ਚੇਤਨ ਮਹਿਤਾ* ....37

ਦਿਲ ਬਿਮਾਰ ਹੈ ! —*ਬਲਦੇਵ ਮਾਧੋਪੁਰੀ* ....39

ਪ੍ਰੋ. ਵਰਿੰਦਰ ਕੁਮਾਰ ਜੀ ਨੂੰ ਯਾਦ ਕਰਦਿਆਂ
—*ਹਰਜਿੰਦਰ ਸਿੰਘ* ....40

ਕਿੰਨਾ ਪਰ-ਉਪਕਾਰ ਕਮਾ ਗਏ ਓ
—*ਪ੍ਰੋ: ਜੋਗਿੰਦਰ ਸਿੰਘ ਕੰਗ* ....42

ਮੇਰੇ ਚੋਣਵੇਂ ਸ਼ਿਅਰ —ਡਾ. ਹਰਨੇਕ ਸਿੰਘ ਕੋਮਲ ....43

ਹੋਣੀ —*ਮਹਿੰਦਰ ਸਿੰਘ 'ਨਾਗੀ'* ....44

ਗ਼ਜ਼ਲ—ਜਰਨੈਲ ਸਿੰਘ ਬੱਧਣ ....44

ਗ਼ਜ਼ਲ—ਜਸੰਵਤ ਸਿੰਘ ਕੈਲਵੀ ....44

ਪ੍ਰਤੀਕਿਰਿਆ ....45



**WARIAM** Current A/C No.

071300 5500 288 342

RTGS/NEFT IFS CODE : PUNB0071300

Punjab National Bank Central Town Jal. City

ਈ-ਮੇਲ ਪਤਾ :

jagdishsinghwariam@gmail.com

drrajwant@gmail.com





Namdhari Elibrary NamdhariElibrary@gmail.com

ਸੰਪਾਦਕੀ

# ਆਪਨੜੇ ਗਿਰੀਵਾਨ ਮਹਿ

ਭਾਰਤ 15 ਅਗਸਤ ਨੂੰ ਆਪਣਾ ਸੱਤਰਵਾਂ ਸੁਤੰਤਰਤਾ ਦਿਵਸ ਮਨਾ ਰਿਹਾ ਹੈ। ਇਸਦਾ ਮਤਲਬ ਇਹ ਹੈ ਕਿ ਦੇਸ਼ ਦੀ ਸੁਤੰਤਰਤਾ ਬਜ਼ੁਰਗ ਹੋ ਗਈ ਹੈ, ਮੱਤਾਂ ਦੇਣ ਵਾਲੀ ਅਵਸਥਾ ਵਿਚ। ਜਿਹੜਾ ਭਾਰਤੀ 1947 ਵਿਚ ਪੈਦਾ ਹੋਇਆ ਸੀ, ਉਸ ਦੀ ਤੀਜੀ ਪੀੜ੍ਹੀ ਵੀ ਸੁਤੰਤਰਤਾ ਦੇ ਮਾਹੌਲ ਦਾ ਫ਼ਾਇਦਾ ਉਠਾ ਰਹੀ ਹੈ। ਉਦੋਂ ਤੋਂ ਹੀ ਹਰ ਸਰਕਾਰ ਨੇ ਕੰਮ ਕੀਤਾ ਹੈ ਆਪਣੀ ਸਮਰੱਥਾ ਅਨੁਸਾਰ ਅਤੇ ਉਸ ਤੋਂ ਵੱਧ ਵੀ। ਜਿਸ ਨਾਲ ਦੇਸ਼ ਤਰੱਕੀ ਵਧਿਆ ਹੈ, ਇਸਨੇ ਅੱਗੇ ਕੀਤੀ ਹੈ। ਪਰ ਕੀ ਦੇਸ਼ ਨੇ ਚੰਗਾ ਹੀ ਕੀਤਾ ਹੈ, ਜਦੋਂ ਇਸਦਾ ਮੁਲਾਂਕਣ ਕਰਾਂਗੇ ਤਾਂ ਨਾਲ ਹੀ ਇੱਥੋਂ ਦੇ ਨਾਗਰਿਕਾਂ ਦੇ ਮੁਲਾਂਕਣ ਤੋਂ ਵੀ ਪੜਦਾ ਚੁੱਕਿਆ ਜਾਵੇਗਾ।

ਹਰ ਦੇਸ਼ ਵਿਚ ਜੋ ਵੀ ਹੋਣਾ ਹੁੰਦਾ ਹੈ ਨਾਗਰਿਕਾਂ ਨੇ ਕਰਨਾ ਹੁੰਦਾ ਹੈ। ਖੋਜ ਵੀ ਉਹਨਾਂ ਨੇ ਕਰਨੀ ਹੈ। ਸੰਦ, ਔਜ਼ਾਰ ਅਤੇ ਹਥਿਆਰ ਵੀ ਉਹਨਾਂ ਨੇ ਬਣਾਉਣੇ ਹਨ। ਵਰਤਣੇ ਵੀ ਉਹਨਾਂ ਨੇ ਹਨ। ਕਿਵੇਂ ਵਰਤਣੇ ਹਨ ਇਹ ਵੀ ਉਹਨਾਂ ਨੇ ਸੋਚਣਾ ਹੈ। ਭਾਰਤ ਦੀ ਆਬਾਦੀ 1947 ਨਾਲੋਂ ਤਿੰਨ ਗੁਣਾਂ ਤੋਂ ਵੀ ਵੱਧ ਗਈ ਹੈ। ਇਨੇ ਕਾਮਿਆਂ ਦੇ ਹੀ ਹੱਥ ਵਧੇ ਹਨ, ਦਿਮਾਗ ਵਧੇ ਹਨ ਅਤੇ ਸਭ ਨੇ ਕੁਝ ਨਾ ਕੁਝ ਕਰਨ ਦੀਆਂ ਜੁਗਤਾਂ ਸੋਚੀਆਂ ਹਨ। ਉਸ ਕਰਨ ਨਾਲ ਆਪਣੇ ਆਪ ਨੂੰ ਜਾਂ ਦੇਸ਼ ਨੂੰ ਕੀ ਨਫਾ-ਨੁਕਸਾਨ ਹੋਇਆ ਹੈ ਸੋਚਿਆ ਹੀ ਹੋਇਗਾ।

ਹਰ ਇਕ ਨੂੰ ਪੀੜ ਨਿਜ ਤੋਂ ਹੁੰਦੀ ਹੈ ਆਪਣੇ ਆਪ ਤੋਂ। ਉਹ ਪਹਿਲਾਂ ਆਪਣੇ ਹੀ ਸੁੱਖ-ਦੁੱਖ ਬਾਰੇ ਸਚੇਤ ਹੁੰਦਾ ਹੈ ਅਤੇ ਸੁੱਖਾਂ ਨੂੰ ਵਧਾਉਣ ਲਈ ਉੱਦਮ ਉਪਰਾਲੇ ਕਰਦਾ ਹੈ। ਨਿਜ ਤੋਂ ਬਾਦ ਘਰ ਹੈ, ਸਮਾਜ ਹੈ, ਪ੍ਰਾਂਤ ਹੈ, ਤੇ ਦੇਸ਼ ਹੈ, ਪਰ ਇਹਨਾਂ ਦਾ ਆਪਸੀ ਵਿਰੋਧ ਕਿਤੇ ਨਹੀਂ, ਇੱਕ ਦੀ ਤਰੱਕੀ ਦਾ ਦੂਜੇ ਨੂੰ ਲਾਹਾ ਮਿਲਦਾ ਹੈ ਅਤੇ ਇੱਕ ਦੇ ਨਕਾਰਾਤਮਕ ਕੰਮਾਂ ਦਾ ਦੇਸ਼ ਨੂੰ ਵੀ ਨੁਕਸਾਨ ਪਹੁੰਚਦਾ ਹੈ।

ਨਿਜ ਜਾਂ ਆਪਣੇ ਆਪ ਵਿਚ ਭੌਤਿਕ ਸਾਧਨ ਤਾਂ ਕੰਮ ਕਰਦੇ ਹੀ ਹਨ, ਮਨੁੱਖ ਦੇ ਅੰਦਰ ਦੇ ਗੁਣ ਵੀ ਉਹਨਾਂ ਨੂੰ ਵਰਤਣ ਵਿਚ ਸਹਾਈ ਹੁੰਦੇ ਹਨ। ਸਾਨੂੰ ਪੰਜਾਬੀਆਂ ਨੂੰ ਦੇਸ਼ ਨਾਲ ਪਿਆਰ ਹੈ ਪਰ ਇਹ ਵੀ ਲੋੜ ਮਹਿਸੂਸ ਕਰਦੇ ਹਾਂ ਕਿ ਸਾਡੇ ਪ੍ਰਾਂਤ ਦੀ ਵੀ ਮਹਿਮਾ ਹੋਏ। ਅੱਜ ਕੱਲ੍ਹ ਇਕ ਘੁਣ ਪੰਜਾਬ ਨੂੰ ਲੱਗਾ ਸਮਝਿਆ ਗਿਆ ਹੈ। ਅਸੀਂ ਇਸ ਤੋਂ ਮੁਨਕਰ ਹੋ ਸਕਦੇ ਹਾਂ ਪਰ ਨਸ਼ੇ ਬਾਰੇ ਦਆਵੇ ਨਾਲ ਨਹੀਂ ਕਹਿ ਸਕਦੇ ਕਿ ਪੰਜਾਬ ਨਸ਼ਾ ਮੁਕਤ ਹੈ। ਸਗੋਂ ਜੇ ਸਾਨੂੰ ਕੋਈ ਉਲਾਂਭਾ ਦੇਂਦਾ ਹੈ ਕਿ ਨਸ਼ੇ ਨੇ ਪੰਜਾਬ ਦੀ ਜਵਾਨੀ ਗਾਲ ਦਿੱਤੀ ਹੈ ਤਾਂ ਸਾਨੂੰ ਇਸ ਤੋਂ ਬਚਣ ਦਾ ਰਾਹ ਲੱਭਣਾ ਪੈਂਦਾ ਹੈ।

ਪਹਿਲਾਂ ਇਹ ਆਮ ਗੱਲ ਸੁਣਦੇ ਸਾਂ ਕਿ ਅਤਿਵਾਦ ਨੇ ਜਵਾਨੀ ਦਾ ਨਾਸ ਕਰ ਦਿੱਤਾ। ਕੁਝ ਜਵਾਨ ਮਾਰੇ ਗਏ, ਕੁੱਛ ਪੰਜਾਬ ਛਡ ਗਏ। ਹੁਣ ਨਸ਼ਾ ਸਾਡੇ ਘਰਾਂ ਦੀਆਂ ਡਿਉੜੀਆਂ ਲੰਘ ਆਇਆ ਹੈ। ਪਹਿਲਾਂ ਤਾਂ ਕੋਈ ਮਾੜ੍ਹ ਨਸ਼ਾ ਨਹੀਂ ਸੀ ਸਮਝਿਆ ਜਾਂਦਾ। ਕੋਈ ਪੋਸਤ ਪੀਂਦਾ ਭੁੱਕੀ ਵਰਤਦਾ, ਭੰਗ ਪੀਂਦਾ ਤਾਂ ਉਹਨੂੰ ਸਮਝਾਉਣ ਦੀ ਕੋਸ਼ਿਸ਼ ਹੀ ਕਰਦੇ, ਪਰ ਹੁਣ ਤਾਂ ਸ਼ਰਾਬ ਦੇ ਨਾਲ ਨਾਲ ਅਫੀਮ ਤੇ ਕਈ ਤਰ੍ਹਾਂ ਦੀਆਂ ਨਸ਼ੀਲੀਆਂ ਗੋਲੀਆਂ ਨੇ ਪੰਜਾਬ ਖ਼ਰਾਬ ਕਰ ਦਿੱਤਾ ਹੈ। ਅਤੇ ਚਿੱਟਾ ਸ਼ਬਦ ਤਾਂ ਹੈਰੋਇਨ ਦਾ ਪ੍ਰਤੀਕ ਬਣ ਗਿਆ ਹੈ। ਹੋਰ ਪਤਾ ਨਹੀਂ ਕੀ ਕੀ ਕੁਝ ਸਾਡੇ ਨੌਜਵਾਨ ਪੁੱਤਰ-ਪੋਤਰਿਆਂ ਨੂੰ ਨੇਗੜ, ਵਿਹਲੜ, ਸੁਸਤ ਆਦਿ ਕਰ ਰਿਹਾ ਹੈ ਅਤੇ ਸਾਡੀਆਂ ਜੇਬ੍ਹਾਂ ਨੂੰ ਸੰਨ੍ਹ ਲਾ ਰਿਹਾ ਹੈ, ਆਮਦਨ ਤੋਂ ਵੱਧ ਖ਼ਰਚ ਹੈ ਕਿਉਂਕਿ ਜਵਾਨੀ ਕੰਮ ਕਰਨ ਜੋਗੀ ਨਹੀਂ ਰਹੀ ਜਾਂ ਕਰ ਨਹੀਂ ਰਹੀ।

ਅਸੀਂ ਕਿਸੇ ਵੀ ਸਰਕਾਰ ਨੂੰ ਕਦੀ ਵੀ ਦੋਸ਼ੀ ਠਹਰਾ ਸਕਦੇ ਹਾਂ ਕਿ ਨਸ਼ੇ ਦਾ ਕਾਰਨ ਉਹ ਹੈ, ਸਾਨੂੰ ਕੰਮ ਨਹੀਂ ਦਿੰਦੀ, ਸਾਡੀਆਂ ਜ਼ਮੀਨਾਂ ਖ਼ਰਾਬ ਹੋਣ ਦਾ ਤੇ ਘਟਣ ਦਾ ਧਿਆਨ ਨਹੀਂ ਰੱਖਦੀ, ਸਾਨੂੰ ਉਸਨੇ ਕਰਜ਼ਾਈ ਕਰ ਦਿੱਤਾ ਹੈ। ਇਹ ਤਾਂ ਆਪਣੇ ਆਪ ਨੂੰ ਬਚਾਉਣ ਦਾ ਤਰੀਕਾ ਹੈ, ਜ਼ਿੰਮੇਵਾਰੀ ਤੋਂ ਭੱਜਣ ਦਾ ਤਰੀਕਾ। ਅਸੀਂ ਆਪਣੇ ਬੱਚਿਆਂ ਦਾ ਆਪ ਧਿਆਨ ਰੱਖਣਾ ਹੈ। ਉਹ ਕੈਸੀ ਸੰਗਤ ਵਿਚ ਹਨ ਕਿਉਂਕਿ ਸੰਗ ਤਾਰੇ ਕੁਸੰਗ ਡੋਬੇ। ਜੇ ਉਹ ਗ਼ਲਤ ਨਸ਼ਈਆਂ, ਵਿਸ਼ਈਆਂ ਦੀ ਸੰਗਤ ਵਿਚ ਪੈ ਗਏ ਹਨ ਤਾਂ ਖ਼ਤਰੇ ਦੀ ਘੰਟੀ ਵੱਜ ਗਈ ਹੈ। ਆਪਣੇ ਹਮਸਾਏ ਦਾ, ਬੱਚੇ ਦਾ ਜੇ ਵਿਗੜਨ ਦਾ ਦੁੱਖ ਸਾਨੂੰ ਨਹੀਂ ਤਾਂ ਕਿਸੇ ਹੋਰ ਨੂੰ ਨਹੀਂ ਹੋਇਗਾ। ਕੀ ਅਸੀਂ ਹੀ ਤਾਂ ਨਹੀਂ ਉਸਨੂੰ ਪੁਠੇ ਰਾਹ ਲਜਾਣ ਵਾਲੇ ? ਕਿਸੇ ਵੇਲੇ ਆਪ ਛੋਟਾ ਵੱਡਾ ਨਸ਼ਾ ਕਰਦੇ ਰਹੇ ਹੋਈਏ ਤੇ ਹੁਣ ਬੱਚੇ ਨੂੰ ਰੋਕਣਾ ਔਖਾ ਹੋ ਗਿਆ ਹੋਵੇ। ਉਹ ਕਿਤੇ ਪੁਛ ਨਾ ਬੈਠੇ "ਬਾਪੂ ਤੂੰ ਕੀ ਕਰਦਾ ਰਿਹਾ ਹੈਂ ?"

ਜਵਾਨੀ ਨੂੰ ਨਸ਼ੇ ਵਲੋਂ ਮੋੜਨਾ ਸਾਡੀ ਹੀ ਲੋੜ ਹੈ ਸਾਨੂੰ ਹੀ ਆਪਣੇ ਗਿਰੀਵਾਨ ਵਿਚ ਸਿਰ ਨੀਵਾਂ ਕਰਕੇ ਵੇਖਣਾ ਪਵੇਗਾ।

—ਤਾਰਾ ਸਿੰਘ ਅਨਜਾਣ


Namdhari Elibrary NamdhariElibrary@gmail.com

# ਦੇਸ਼ ਦੀ ਆਜ਼ਾਦੀ ਵਿੱਚ ਨਾਮਧਾਰੀਆਂ ਦਾ ਯੋਗਦਾਨ



—ਜਗਦੀਸ਼ ਸਿੰਘ

ਭਾਰਤ ਦੀ ਆਜ਼ਾਦੀ ਦੀ ਜੰਗ ਅਨੇਕਾਂ ਪੜਾਵਾਂ ਵਿਚੋਂ ਹੋ ਕੇ ਲੰਘੀ ਹੈ। ਇਸ ਵਿੱਚ ਜੀਵਨ ਦੀ ਆਹੂਤੀ ਪਾਉਣ ਵਾਲੇ ਜੇਹਲਾਂ ਵਿੱਚ ਜਾਣ ਵਾਲੇ ਅਤੇ ਹੋਰ ਕੁਰਬਾਨੀਆਂ ਕਰਨ ਵਾਲਿਆਂ ਦੀ ਇੱਕ ਲੰਮੀ ਸੂਚੀ ਹੈ। ਦੇਸ਼ ਨੂੰ ਆਜ਼ਾਦ ਕਰਾਉਣ ਵਾਸਤੇ ਸ਼ਾਂਤਮਈ ਅੰਦੋਲਨ ਵੀ ਚਲੇ ਅਤੇ ਹਿੰਸਕ ਅੰਦੋਲਨ ਵੀ। ਜੇ ੧੫ ਅਗਸਤ ੧੯੪੭ ਨੂੰ ਭਾਰਤ ਆਜ਼ਾਦ ਹੋਇਆ ਤਾਂ ਇਸ ਪਿੱਛੇ ਕੁਰਬਾਨੀਆਂ ਦਾ ਲੰਮਾ ਇਤਿਹਾਸ ਹੈ। ਵੱਖ-ਵੱਖ ਵਿਅਕਤੀਆਂ, ਜਥੇਬੰਦੀਆਂ ਅਤੇ ਲਹਿਰਾਂ ਨੇ ਆਪਣਾ-ਆਪਣਾ ਹਿੱਸਾ ਪਾਇਆ ਹੈ।

ਆਜ਼ਾਦੀ ਦੇ ਅੰਦੋਲਨ ਵਿੱਚ ਨਾਮਧਾਰੀ ਜਾਂ ਕੂਕਾ 'ਲਹਿਰ' ਦਾ ਸਿਰ ਕੱਢਵਾਂ ਯੋਗਦਾਨ ਹੈ। ਜੇ ਇਹ ਵੀ ਕਹਿ ਦਿੱਤਾ ਜਾਵੇ ਕਿ ਮੁਕੰਮਲ ਭਾਰਤ ਵਿੱਚ ਬ੍ਰਿਟਿਸ਼ ਸੱਤਾ ਕਾਇਮ ਹੋਣ ਬਾਦ ਜਿਸ ਜਮਾਤ ਨੇ ਅੰਗਰੇਜ਼ੀ ਹਕੂਮਤ ਦੀ ਨੀਂਦ ਹਰਾਮ ਕਰ ਦਿੱਤੀ ਸੀ, ਉਹ ਨਾਮਧਾਰੀ ਹੀ ਸੀ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਸੱਚੀ ਗੱਲ ਤਾਂ ਇਹ ਹੈ ਕਿ ਅੰਤ ਨੂੰ ਭਾਰਤ ਦੀ ਬੰਦ ਖਲਾਸ, ਨਾਮਧਾਰੀਆਂ ਵੱਲੋਂ ਪਾਈਆਂ ਪੈੜਾਂ ਤੇ ਚਲ ਕੇ ਹੀ ਹੋਈ। ਇਹਨਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਅਤੇ ਸ਼ਹੀਦੀਆਂ ਨੇ ਲੂੰ ਕੰਡੇ ਖੜ੍ਹੇ ਕਰਾ ਦੇਣ ਵਾਲਾ ਇਤਿਹਾਸ ਸਿਰਜਿਆ ਅਤੇ ਲੋਕ ਮਨਾਂ ਵਿਚੋਂ ਉਸ ਅੰਗਰੇਜ਼ੀ ਸਰਕਾਰ ਦਾ ਭੈ ਦੂਰ ਕੀਤਾ, ਜਿਸ ਬਾਰੇ ਇਹ ਮਸ਼ਹੂਰ ਸੀ ਕਿ ਇਸ ਦੇ ਰਾਜ ਵਿੱਚ ਸੂਰਜ ਨਹੀਂ ਡੁੱਬਦਾ। ਪੰਜਾਬੀ ਦੇ ਸੁਰਗਵਾਸੀ ਕਵੀ ਸਰਦਾਰ ਪਿਆਰਾ ਸਿੰਘ ਨਿਰਛਲ ਦੀ ਵੱਡੀ ਕਵਿਤਾ ਦੇ ਕੁਝ ਬੰਦ ਇਸ ਗੱਲ ਨੂੰ ਪ੍ਰਗਟ ਕਰਦੇ ਹਨ।

ਗੋਰਾ ਸ਼ਾਹੀ ਵੱਲੋਂ ਜਦੋਂ ਛਾਈ ਸੀ ਹਨ੍ਹੇਰੀ ਰਾਤ
ਉਦੋਂ ਇੱਕ ਰੌਸ਼ਨੀ ਵਿਖਾਈ ਨਾਮਧਾਰੀਆਂ
ਦੇਸ਼ ਆਪਣੇ 'ਚੋਂ ਕਿਹਾ ਨਿਕਲੋ ਬਦੇਸ਼ੀਆਂ ਨੂੰ
ਹਰ ਥਾਂ ਤੇ ਗੂੰਜ ਹੈਸੀ ਪਾਈ ਨਾਮਧਾਰੀਆਂ
ਤੋਪਾਂ ਨਾਲ ਉੱਡ ਗਏ- ਸੀ ਨਾ ਉਚਾਰੀ ਮੁਖੋਂ
ਜ਼ੁਲਮ ਸਾਹਵੇਂ ਹਿੱਕ ਐਸੀ ਡਾਹੀ ਨਾਮਧਾਰੀਆਂ

ਨਾਮਧਾਰੀ ਸਿੰਘਾਂ ਨੇ ਅਕਹਿ ਅਤੇ ਅਸਹਿ ਕਸ਼ਟ ਸਹਾਰੇ। ਉਹ ਤੋਪਾਂ ਨਾਲ ਉਡਾਏ ਗਏ, ਫਾਂਸੀਆਂ ਤੇ ਲਟਕਾਏ ਗਏ, ਉਨ੍ਹਾਂ ਕੈਦਾਂ, ਨਜ਼ਰਬੰਦੀਆਂ ਅਤੇ ਕਾਲੇ ਪਾਣੀ ਦੀਆਂ ਮੁਸ਼ਕੱਤਾਂ ਭੋਗੀਆਂ, ਪਰ ਉਹਨਾਂ ਆਪਣੇ ਪੈਰਾਂ ਵਿੱਚ ਜ਼ਰਾ ਵੀ ਲਰਜ਼ਿਸ਼ ਨਹੀਂ ਆਉਣ ਦਿੱਤੀ ਅਤੇ ਉਹ ਪੂਰੇ ੯੦ ਸਾਲ ਬਦੇਸ਼ੀ ਅੰਗਰੇਜ਼ੀ ਸਾਮਰਾਜ ਦੇ ਕੱਟੜ ਵਿਰੋਧੀਆਂ ਦੀ ਮੂਹਰਲੀ ਪਾਲ ਵਿੱਚ ਖੜੇ ਰਹੇ।

ਭਾਰਤ ਦੀ ਆਜ਼ਾਦੀ ਵਾਸਤੇ ਚਲੀਆਂ ਤਹਿਰੀਕਾਂ ਵਿੱਚ ਦੋ ਸਮਾਨੰਤਰ ਵਿਚਾਰਧਾਰਾਵਾਂ ਸਪੱਸ਼ਟ ਤੌਰ ਤੇ ਦਿੱਸਦੀਆਂ ਹਨ। ਇੱਕ ਹੈ ਹਥਿਆਰਬੰਦ ਸੰਘਰਸ਼ ਜਿਸ ਦੀ ਵਿਚਾਰਧਾਰਾ ਹਿੰਸਾਵਾਦੀ ਹੈ। ਇਸ ਵਿੱਚ ਗ਼ਦਰ ਪਾਰਟੀ ਦੇ ਸੂਰਬੀਰ, ਸ਼ਹੀਦ ਭਗਤ ਸਿੰਘ ਦੀ ਪਾਰਟੀ, ਬੱਬਰ ਅਕਾਲੀ, ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਆਜ਼ਾਦ ਹਿੰਦ ਫੌਜ ਅਤੇ ਇਹੋ ਜਿਹੀਆਂ ਹੋਰ ਜਥੇਬੰਦੀਆਂ ਆਉਂਦੀਆਂ ਹਨ। ਇਹਨਾਂ ਆਜ਼ਾਦੀ ਵਾਸਤੇ ਹਿੰਸਕ ਤਰੀਕੇ ਵਰਤੇ। ਸਿਰ ਦਿੱਤੇ ਅਤੇ ਸਿਰ ਲਏ।

ਦੂਜੀ ਵਿਚਾਰਧਾਰਾ ਹੈ ਅਹਿੰਸਕ ਜਾਂ ਸ਼ਾਂਤਮਈ ਅੰਦੋਲਨ ਵਾਲੀ। ਇਸ ਵਿੱਚ ਸਤਿਆਗ੍ਰਹਿ ਅਤੇ ਮਰਨ ਵਰਤ ਸ਼ਾਮਲ ਹਨ। ਇਸ ਵਿਚਾਰਧਾਰਾ ਦੇ ਪ੍ਰਮੁੱਖ ਨੇਤਾ ਮਹਾਤਮਾ ਗਾਂਧੀ, ਪੰਡਿਤ ਨਹਿਰੂ, ਬਾਬੂ ਰਾਜਿੰਦਰ ਪ੍ਰਸ਼ਾਦ ਅਤੇ ਕਾਂਗਰਸ ਦੇ ਹੋਰ ਪ੍ਰਮੁੱਖ ਨੇਤਾ ਸਨ। ਇਹਨਾਂ ਨੇ ਸੁਦੇਸ਼ੀ ਅਤੇ ਨਾ ਮਿਲਵਰਤਨ ਦਾ ਪ੍ਰਚਾਰ ਕਰਦਿਆਂ ਅਹਿੰਸਕ ਸ਼ਾਂਤਮਈ ਅੰਦੋਲਨ ਕੀਤੇ। ਅੰਤ ਉੱਤੇ ਆਜ਼ਾਦੀ ਮਿਲਣ ਬਾਦ ਰਾਜ ਸੱਤਾ ਇਸੇ ਵਰਗ ਦੇ ਹਿੱਸੇ ਆਈ।

ਪਰ ਕਮਾਲ ਦੀ ਗੱਲ ਇਹ ਹੈ ਕਿ ਦੋਹਾਂ ਹੀ ਵਿਚਾਰਧਾਰਾ ਵਾਲਿਆਂ ਨਾਮਧਾਰੀ ਲਹਿਰ ਤੋਂ ਪ੍ਰਭਾਵ ਅਤੇ ਪ੍ਰੇਰਣਾ ਗ੍ਰਹਿਣ ਕੀਤੀ। ਇੱਕ ਪਾਸੇ ਤਾਂ ਭਾਰਤ ਦੇ ਪਹਿਲੇ ਰਾਸ਼ਟਰਪਤੀ ਬਾਬੂ


NamdhariElibrary@gm

ਰਾਜਿੰਦਰ ਪ੍ਰਸਾਦ ਅਤੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਨਹਿਰੂ ਲਿਖਦੇ ਹਨ ਕਿ ਸਾਡੇ ਦੇਸ਼ ਵਿੱਚ ਜੋ ਅਸਹਿਯੋਗ ਮਹਾਤਮਾ ਗਾਂਧੀ ਜੀ ਨੇ ਏਡੇ ਜ਼ੋਰ ਨਾਲ ਚਲਾਇਆ ਉਸ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਹ ਸਾਲ ਪਹਿਲਾਂ ਹੀ ਨਾਮਧਾਰੀਆਂ ਵਿੱਚ ਪ੍ਰਚਾਰਿਆ ਸੀ ਤਾਂ ਦੂਜੇ ਪਾਸੇ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਆਖਦੇ ਹਨ ਕਿ "ਸੱਚ ਤਾਂ ਇਹ ਹੈ ਕਿ ਮੈਨੂੰ ਅੰਗਰੇਜ਼ੀ ਸਾਮਰਾਜ ਦੀ ਗ਼ੁਲਾਮੀ ਨਾਲ ਜੋ ਨਫ਼ਰਤ ਸੀ ਉਹ ਨਾਮਧਾਰੀ ਮੂਵਮੈਂਟ ਤੋਂ ਵਿਰਸੇ ਵਿੱਚ ਮਿਲੀ ਸੀ।"

ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਕੋਲ ਪਈ ਉਹਨਾਂ ਦੀ ਉਰਦੂ ਵਿੱਚ ਹਥ ਲਿਖਤ ਸਵੈ ਜੀਵਨੀ ਵਿੱਚ ਇਵੇਂ ਦਰਜ ਹੈ।

"ਜਦੋਂ ਮੈਂ ਨਾਮਧਾਰੀ ਮੂਵਮੈਂਟ ਵਿੱਚ ਸ਼ਾਮਿਲ ਹੋਇਆ ਤਾਂ ਬਾਬਾ ਜੀ (ਭਾਵ ਬਾਬਾ ਕੇਸਰ ਸਿੰਘ ਮੁਹਾਵਾ) ਅਤੇ ਦੂਜੇ ਮਹਾਰਾਜ ਰਾਮ ਸਿੰਘ ਜੀ ਦੇ ਸਾਥੀਆਂ ਤੋਂ ਮੈਂ ਮਹਾਰਾਜ ਰਾਮ ਸਿੰਘ ਜੀ ਦੀ ਜ਼ਿੰਦਗੀ ਦੇ ਹਾਲਾਤ ਸੁਣੇ। ਕੈਦ ਵਿੱਚ ਉਹਨਾਂ ਦੀ ਅਡੋਲਤਾ, ਦੇਸ਼ ਭਗਤੀ ਅਤੇ ਨਾਮਧਾਰੀਆਂ ਦਾ ਹੱਸ-ਹੱਸ ਕੇ ਤੋਪਾਂ ਅੱਗੇ ਉੱਡਣਾ, ਅੰਗਰੇਜ਼ ਗੌਰਮਿੰਟ ਦੀ ਸਖ਼ਤੀ ਦੇ ਬਾਵਜੂਦ, ਭੱਜੇ ਹੋਏ ਨਾਮਧਾਰੀਆਂ ਨੂੰ ਉਮਰ ਭਰ ਲਈ ਨਾਮਧਾਰੀ ਸਾਥੀਆਂ ਦੇ ਘਰਾਂ ਵਿੱਚ ਪਨਾਹ ਦੇਣਾ ਅਤੇ ਮੌਤ ਨਾਲ ਖੇਡ ਕੇ ਮਫਰੂਰ ਸਾਥੀਆਂ ਦੀਆਂ ਜਾਨਾਂ ਬਚਾਣੀਆਂ, ਬਾਵਜੂਦ ਪੁਲਸ ਦੀ ਸਖ਼ਤ ਨਿਗਰਾਨੀ ਦੇ ਡਾਕ ਅਤੇ ਖੁਫ਼ੀਆ ਮੀਟਿੰਗਾਂ ਦੇ ਸਿਲਸਿਲੇ ਨੂੰ ਜਾਰੀ ਰੱਖਣਾ ਆਦਿ। ਇਹਨਾਂ ਸਾਰੇ ਕਾਰਨਾਮਿਆਂ ਅਤੇ ਨਾਮਧਾਰੀਆਂ ਦੇ ਸੱਚੇ ਪਰੇਮ ਅਤੇ ਖ਼ਾਸਕਰ ਬਾਬਾ ਕੇਸਰ ਦੀ ਸੱਚਾਈ ਅਤੇ ਰੂਹਾਨੀਅਤ ਅਤੇ ਆਜ਼ਾਦ ਖ਼ਿਆਲੀ ਦਾ ਮੇਰੇ ਉੱਤੇ ਡੂੰਘਾ ਪ੍ਰਭਾਵ ਪਿਆ ਅਤੇ ਮੈਂ ਆਪਣਾ ਸਾਰਾ ਤਨ, ਮਨ, ਧਨ ਨਾਮਧਾਰੀ ਮੂਵਮੈਂਟ ਉੱਤੇ ਨਿਛਾਵਰ ਕਰ ਦਿੱਤਾ।" ਐਸੀ ਜ਼ਬਰਦਸਤ ਸੰਗਰਾਮਕਾਰੀ ਜਥੇਬੰਦੀ 'ਨਾਮਧਾਰੀ ਲਹਿਰ' ਨੂੰ ਜਨਮ ਦੇਣ ਵਾਲੀ ਚਮਤਕਾਰੀ ਸ਼ਖ਼ਸੀਅਤ ਸਤਿਗੁਰੂ ਰਾਮ ਸਿੰਘ ਜੀ ਦਾ ਦੇਸ਼ ਸਦਾ ਹੀ ਰਿਣੀ ਰਹੇਗਾ।

ਆਪ ਦਾ ਜਨਮ ਭਾਵੇਂ ਸੰਨ ੧੮੧੬ ਨੂੰ ਲੁਧਿਆਣਾ ਜ਼ਿਲ੍ਹੇ ਦੇ ਇੱਕ ਗੁਮਨਾਮ ਪਿੰਡ ਰਾਈਆਂ ਵਿੱਚ ਹੀ ਹੋਇਆ, ਪਰ ਕਰਮ ਭੂਮੀ ਪਿੰਡ ਭੈਣੀ ਬਣਿਆ, ਜੋ ਪਿੰਡ ਰਾਈਆਂ ਦਾ ਹੀ ਵਿਸਥਾਰ ਸੀ। ਇਹ ਹੀ ਪਿੰਡ ਭੈਣੀ ਅੱਜ ਕੱਲ੍ਹ ਸ੍ਰੀ ਭੈਣੀ ਸਾਹਿਬ ਦੇ ਨਾਓਂ ਨਾਲ ਜਗਤ ਪ੍ਰਸਿੱਧ ਹੈ। ਆਪ ਦੇ ਪਿਤਾ ਜੀ ਬਾਬਾ ਜੱਸਾ ਸਿੰਘ ਪਿੰਡ ਵਿੱਚ ਲੋਹਾਰਾ ਤਰਖਾਣਾ ਕੰਮ ਕਰਦੇ ਅਤੇ ਇਲਾਕੇ ਵਿੱਚ ਆਪਣੇ ਕਿਰਤ ਦੇ ਗੁਣਾਂ ਅਤੇ ਨੇਕ ਸੁਭਾ ਕਰਕੇ ਪ੍ਰਸਿੱਧ ਸਨ। ਗੁਰੂ ਰਾਮ ਸਿੰਘ ਜੀ ਦਾ ਬਚਪਨ ਆਪਣੀ ਮਹਾਨ ਭਗਤੀ ਭਾਵ ਵਾਲੀ ਮਾਤਾ ਸਦਾ ਕੌਰ ਪਾਸੋਂ ਗੁਰਮਤ ਅਤੇ ਦੇਸ਼ ਭਗਤੀ ਦੀਆਂ ਇਤਿਹਾਸਕ ਕਥਾਵਾਂ ਸੁਣਦਿਆਂ ਬੀਤਿਆ। ਧਾਰਮਿਕ ਅਤੇ ਦੇਸ਼ ਭਗਤੀ ਦੇ ਗੁਣਾਂ ਨੂੰ ਵਿਰਸੇ ਵਿੱਚ ਗ੍ਰਹਿਣ ਕਰਕੇ ਵੀਹ ਸਾਲ ਦੀ ਭਰ ਜੁਆਨ ਉਮਰ ਵਿੱਚ ਆਪ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਭਰਤੀ ਹੋ ਗਏ। ਇਥੇ ਆਪ ਨੇ ਫੌਜੀ ਅਨੁਸ਼ਾਸਨ ਵੀ ਸਿੱਖਿਆ, ਵੱਖ-ਵੱਖ ਥਾਵਾਂ ਦਾ ਭਰਮਣ ਵੀ ਕੀਤਾ ਅਤੇ ਹਜ਼ਰੋ ਜ਼ਿਲ੍ਹਾ ਅੱਟਕ (ਹੁਣ ਪਾਕਿਸਤਾਨ) ਵਿੱਚ ਪ੍ਰਸਿੱਧ ਮਹਾਪੁਰਖ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਤੋਂ ਨਾਮ ਵੀ ਪ੍ਰਾਪਤ ਕੀਤਾ ਅਤੇ ਗੁਰਗੱਦੀ ਦੀ ਵਿਰਾਸਤ ਵੀ। ਫੌਜੀ ਜੀਵਨ ਵਿੱਚ ਚੰਗੇ ਜੀਵਨ ਦੇ ਚਾਹਵਾਨ ਲੋਕ ਆਪ ਤੋਂ ਪ੍ਰਭਾਵਤ ਹੋਏ ਅਤੇ ਆਪ ਦਾ ਜੱਸ ਹਰ ਪਾਸੇ ਫੈਲਿਆ। ਆਪ ਨੇ ਡੂੰਘੇ ਚਿੰਤਨ ਬਾਦ ਪੰਜਾਬ ਦੀ ਰਾਜਸੀ, ਆਰਥਕ, ਧਾਰਮਕ ਅਤੇ ਸਮਾਜਕ ਸਥਿਤੀ ਦੇ ਨਿਘਾਰ ਨੂੰ ਭਾਂਪਿਆ। ਲੋਕਾਂ ਦੇ ਚਰਿੱਤਰ ਵਿੱਚ ਆਈ ਭਾਰੀ ਗਿਰਾਵਟ ਨੂੰ ਦੇਖਦਿਆਂ ਆਪ ਨੇ ਕਹਿ ਦਿੱਤਾ ਕਿ ਸਦੀਆਂ ਦੀ ਜੱਦੋ- ਜਹਿਦ ਬਾਦ ਆਏ ਆਜ਼ਾਦੀ ਦੇ ਕੁਝ ਸਾਲ ਖ਼ਤਮ ਹੀ ਹੋਣ ਵਾਲੇ ਹਨ।

ਪੰਜਾਬ ਦੇ ਸਿਆਸੀ ਰੰਗਮੰਚ ਉੱਤੇ ਇੱਕ ਖ਼ੂਨੀ ਡਰਾਮਾ ਖੇਡਿਆ ਗਿਆ। ਦੇਸ਼ ਧ੍ਰੋਹ, ਸਵਾਰਥ ਅਤੇ ਪਾਪਾਂ ਦਾ ਬਾਜ਼ਾਰ ਗਰਮ ਹੋਇਆ। ਨਿੱਤ ਹੁੰਦੇ ਕਤਲਾਂ ਬਾਦ ਬਾਵਜੂਦ ਸੱਚੇ ਸੂਰਬੀਰਾਂ ਦੀਆਂ ਕੁਰਬਾਨੀਆਂ ਦੇ , ਦੋ ਜੰਗਾਂ ਬਾਦ ਮਾਰਚ ੧੮੪੯ ਵਿੱਚ ਭਾਰਤ ਦਾ ਆਖਰੀ ਬਚਿਆ ਆਜ਼ਾਦ ਰਾਜ ਪੰਜਾਬ ਵੀ ਅੰਗਰੇਜ਼ੀ ਸਲਤਨਤ ਵਿੱਚ ਸ਼ਾਮਲ ਕਰ ਲਿਆ ਗਿਆ।

ਇਸ ਵੇਲੇ ਦੇਸ਼ ਵਿੱਚ, ਵਿਸ਼ੇਸ਼ ਕਰਕੇ ਪੰਜਾਬ ਵਿੱਚ ਮਾਯੂਸੀ, ਨਿਤਾਣੇਪਣ ਦੀ ਕਾਲੀ ਬੋਲੀ ਰਾਤ ਦਾ ਸਿਖਰ ਸੀ। ਕਿਸੇ ਪਾਸਿਓਂ ਵੀ ਆਸ ਦੀ ਕਿਰਨ ਨਹੀਂ ਸੀ ਦਿਸ ਰਹੀ। ਘੋਰ ਨਿਰਾਸਤਾ ਭਰੇ ਇਸ ਸਮੇਂ ਵਿੱਚ ਸਤਿਗੁਰੂ ਰਾਮ ਸਿੰਘ ਸੂਰਜ ਵਾਂਗ ਉਦੇ ਹੋਏ ਅਤੇ ਦੇਸ਼ ਵਾਸੀਆਂ ਨੂੰ ਨਵੀਂ ਜਾਗ੍ਰਿਤੀ ਦਾ ਪੈਗ਼ਾਮ ਦਿੱਤਾ। ਉਹਨਾਂ ਸੰਨ ੧੮੫੭ ਦੇ ਗ਼ਦਰ ਸ਼ੁਰੂ ਹੋਣ ਤੋਂ ਵੀ ਇੱਕ ਮਹੀਨਾ ਪਹਿਲਾਂ ਵਿਸਾਖੀ ਵਾਲੇ ਦਿਨ ਸ੍ਰੀ ਭੈਣੀ ਸਾਹਿਬ ਵਿੱਚ ਇੱਕ ਭਾਰੀ ਇਕੱਠ ਕਰਕੇ ਆਪਣੇ ਭਾਵੀ ਕਾਰਜਕ੍ਰਮ ਦਾ ਐਲਾਨ ਕੀਤਾ। ਆਪਣੇ ਭੂਲ ਚੁੱਕੇ ਗੌਰਵਮਈ ਵਿਰਸੇ ਨੂੰ ਯਾਦ ਕਰਾਉਂਦਿਆਂ ਜਿਥੇ ਆਪ ਨੇ ਪੰਜ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਨਾਮਧਾਰੀ ਸੰਤ ਖ਼ਾਲਸੇ ਦੀ ਬੁਨਿਆਦ ਰਖੀ ਉਥੇ ਸਮਾਜ ਵਿੱਚ


Namdhari Elibrary NamdhariElibrary@gmail.com

ਫੈਲੇ ਹਰ ਤਰ੍ਹਾਂ ਦੇ ਅੰਧਕਾਰ ਨੂੰ ਖ਼ਤਮ ਕਰਨ ਲਈ ਵਿਸਤ੍ਰਤ ਯੋਜਨਾ ਵੀ ਬਣਾਈ। ਪੰਜਾਬ ਵਿੱਚ ਅੰਗਰੇਜ਼ੀ ਰਾਜ ਸਥਾਪਤ ਹੋਣ ਦੇ ਅੱਠ ਸਾਲ ਅੰਦਰ ਹੀ ਨਵੀਂ ਜਥੇਬੰਦੀ ਕਾਇਮ ਕਰ ਲਈ, ਜੋ ਨਾਮ ਜਪਣ ਕਰਕੇ ਨਾਮਧਾਰੀ ਸਿੱਖ ਅਤੇ ਬਾਦ ਵਿੱਚ ਕੂਕਾਂ ਮਾਰਨ ਕਰਕੇ ਕੂਕੇ ਉਪਨਾਮ ਨਾਲ ਪ੍ਰਸਿੱਧ ਹੋਈ। ਪੂਰੇ ਵੀਹ ਸਾਲ ਦੇ ਅਧਿਐਨ ਅਤੇ ਸਾਧਨਾ ਦੇ ਬਾਦ ਆਪ ਨੇ ਸਿੱਟਾ ਕੱਢਿਆ ਕਿ ਸਮਾਜਕ ਕੁਰੀਤੀਆਂ ਵਿੱਚ ਫਸਿਆ ਕੋਈ ਵੀ ਭਾਈਚਾਰਾ ਆਜ਼ਾਦੀ ਦਾ ਸੁਪਨਾ ਨਹੀਂ ਲੈ ਸਕਦਾ। ਇਸਤਰੀ ਜ਼ਾਤੀ ਸਮਾਜ ਦਾ ਅੱਧਾ ਅੰਗ ਹੈ, ਜਿੰਨਾ ਚਿਰ ਉਹ ਗ਼ੁਲਾਮ ਹੈ ਸਮਾਜ ਆਜ਼ਾਦ ਹੋ ਹੀ ਨਹੀਂ ਸਕਦਾ। ਵਿਅਕਤੀ ਦੀ ਆਤਮਕ ਉੱਚਤਾ ਹੀ ਸਮਾਜ ਦੇ ਚਰਿੱਤਰ ਨੂੰ ਬਣਾਉਂਦੀ ਹੈ।

ਅਗਲੇ ਸਾਲਾਂ ਵਿਚ ਆਪ ਨੇ ਪੰਜਾਬ ਅਤੇ ਬਾਹਰ ਪਿੰਡ-ਪਿੰਡ ਦੌਰਾ ਕੀਤਾ ਅਤੇ ਉਪਦੇਸ਼ ਦਿੱਤਾ ਕਿ ਸਾਡੇ ਗੁਰੂ ਸਾਹਿਬਾਨ ਦੀ ਸਿੱਖਿਆ ਨੂੰ ਅਮਲੀ ਜੀਵਨ ਵਿਚ ਢਾਲਣ ਵਾਸਤੇ ਨਾਮ-ਸਿਮਰਨ, ਗੁਰੂ ਵਿਅਕਤੀ ਉੱਤੇ ਆਸਥਾ, ਦਾਨ, ਇਸ਼ਨਾਨ, ਗੁਰਬਾਣੀ ਅਧਿਐਨ, ਪਾਠ, ਕੀਰਤਨ, ਸੱਚਾ-ਸੁੱਚਾ ਜੀਵਨ ਮਰਿਆਦਾ ਵਜੋਂ ਅਪਨਾਉਣਾ ਅਤਿ ਜ਼ਰੂਰੀ ਹੈ।

ਸਮਾਜਕ ਖੇਤਰ ਵਿੱਚ ਆਪ ਨੇ ਇਸਤਰੀ ਜ਼ਾਤੀ ਦੇ ਉਥਾਨ ਵਾਸਤੇ ਜ਼ਬਰਦਸਤ ਉਪਕਾਰ ਅਤੇ ਉਪਰਾਲੇ ਕੀਤੇ। ਬੱਚੀਆਂ ਦੀ ਪੜ੍ਹਾਈ ਤੇ ਜ਼ੋਰ ਦੇਣ ਦੇ ਨਾਲ-ਨਾਲ ਉਸ ਸਮੇਂ ਦੇ ਰਿਵਾਜ਼ ਦੇ ਵਿਪ੍ਰੀਤ ਬਾਲ ਵਿਆਹ ਬੰਦ ਕੀਤੇ। ਜੰਮਦੀਆਂ ਲੜਕੀਆਂ ਨੂੰ ਮਾਰ ਦੇਣ ਜਿਹੀ ਘਿਨਾਉਣੀ ਪ੍ਰਪਾਟੀ ਤੇ ਜ਼ਬਰਦਸਤ ਰੋਕ ਲਾਈ। ਇਸਤਰੀਆਂ ਨੂੰ ਅੰਮ੍ਰਿਤ ਛਕਾ ਕੇ ਸਿੰਘਾਂ ਦੇ ਬਰਾਬਰ ਹੀ ਅਸਥਾਨ ਦਿੱਤਾ। ਅਨੰਦ ਕਾਰਜ ਦੀ ਸਾਦਾ ਅਤੇ ਸਾਤਵਿਕ ਰੀਤ ਤੋਰੀ। ਵਿਧਵਾਵਾਂ ਨੂੰ ਮੁੜਕੇ ਵਿਆਹ ਕਰਨ ਦੀ ਆਗਿਆ ਕੀਤੀ। ਥੋੜ੍ਹੇ ਸਮੇਂ ਵਿੱਚ ਹੀ ਇਸਤਰੀ ਜ਼ਾਤੀ ਦਾ ਸਨਮਾਨ ਬਹਾਲ ਕੀਤਾ।

ਆਜ਼ਾਦੀ ਪ੍ਰਾਪਤੀ ਵਾਸਤੇ ਸਤਿਗੁਰੂ ਰਾਮ ਸਿੰਘ ਜੀ ਨੇ ਸੁਦੇਸ਼ੀ ਅਤੇ ਨਾ-ਮਿਲਵਰਨ ਨੂੰ ਸਿਆਸੀ ਹਥਿਆਰ ਵਜੋਂ ਏਜਾਦ ਕੀਤਾ। ਜਿਵੇਂ ਪਹਿਲਾਂ ਵੀ ਦੱਸਿਆ ਗਿਆ ਹੈ ਕਿ ਪੰਡਿਤ ਨਹਿਰੂ ਅਤੇ ਡਾ. ਰਾਜਿੰਦਰ ਪ੍ਰਸਾਦ ਜੀ ਨੇ ਇਸ ਗੱਲ ਨੂੰ ਭਲੀ ਪ੍ਰਕਾਰ ਦਰਜ ਕੀਤਾ ਹੈ, ਪਰ ਇਥੇ ਅਸੀਂ ਸ਼ਹੀਦ ਭਗਤ ਸਿੰਘ ਦੇ ਲੇਖ ਦਾ ਹਵਾਲਾ ਦਿੰਦੇ ਹਾਂ ਜੋ ਲਿਖਦੇ ਹਨ—

" ਉਹਨਾਂ ਉਸ ਵੇਲੇ ਠੀਕ ਉਹੀ ਨਾ-ਮਿਲਵਰਤਨ ਦਾ ਪ੍ਰਚਾਰ ਸ਼ੁਰੂ ਕੀਤਾ, ਜੋ ੧੯੨੦ ਵਿੱਚ ਮਹਾਤਮਾ ਗਾਂਧੀ ਨੇ ਕੀਤਾ ਸੀ, ਉਨ੍ਹਾਂ ਦੀ ਨਾ-ਮਿਲਵਰਤਨ ਮਹਾਤਮਾ ਦੀ ਨਾ-ਮਿਲਵਰਤਨ ਤੋਂ ਵੀ ਕਈ ਗੱਲਾਂ ਵਿੱਚ ਵੱਧ ਕੇ ਸੀ।

ਅਦਾਲਤਾਂ ਦਾ ਬਾਈਕਾਟ— ਆਪਣੀਆਂ ਪੰਚਾਇਤਾਂ ਦੀ ਕਾਇਮੀ— ਸਰਕਾਰੀ ਤਾਲੀਮ ਦਾ ਬਾਈਕਾਟ— ਬਦੇਸ਼ੀ ਸਰਕਾਰ ਦੇ ਪੂਰੇ ਬਾਈਕਾਟ ਨਾਲ ਰੇਲ ਤਾਰ ਅਤੇ ਡਾਕ ਦੇ ਬਾਈਕਾਟ ਦਾ ਵੀ ਪ੍ਰਚਾਰ ਕੀਤਾ।

ਇਸ ਵੇਲੇ ਦੇਸ਼ ਇੰਨਾ ਸਾਹਸਤਹੀਣ ਹੋ ਕੇ ਉਹਨਾਂ ਚੀਜ਼ਾਂ ਉੱਤੇ ਇੰਨਾ ਨਿਰਭਰ ਹੋ ਗਿਆ ਸੀ ਕਿ ਉਹਨਾਂ ਦੇ ਬਾਈਕਾਟ ਦੀ ਗਲ ਸੋਚੀ ਵੀ ਨਹੀਂ ਸੀ ਜਾ ਸਕਦੀ। ਇਸ ਤਰ੍ਹਾਂ ਉਨ੍ਹਾਂ ਡਾਕ ਦਾ ਪ੍ਰਬੰਧ ਇੰਨਾ ਚੰਗਾ ਕਰ ਲਿਆ ਸੀ ਕਿ ਭਾਈ ਪਰਮਾਨੰਦ ਦੇ ਲੇਖ ਅਨੁਸਾਰ ਉਹਨਾਂ ਦੀ ਡਾਕ ਸਰਕਾਰੀ ਡਾਕ ਨਾਲੋਂ ਵੀ ਸ਼ਤਾਬੀ ਪਹੁੰਚਦੀ ਸੀ। ਇਹਨਾਂ ਗੱਲਾਂ ਦੇ ਨਾਲ ਸਾਦਾ ਪਹਿਰਾਵੇ ਅਤੇ ਸੁਦੇਸ਼ੀ ਪੁਸ਼ਾਕ ਪਹਿਨਣ ਦਾ ਜ਼ੋਰ ਨਾਲ ਉਪਦੇਸ਼ ਹੁੰਦਾ ਸੀ। ਪ੍ਰਚਾਰ ਦਾ ਕੰਮ ਇੰਨੀ ਦੇਰ ਨਾ ਹੋ ਸਕਿਆ ਅਤੇ ਸਰਕਾਰ ਇਸ ਉੱਤੇ ਕਰੜੀ ਨਜ਼ਰ ਰੱਖਣ ਲੱਗੀ। ਉਸ ਨੂੰ ਇਸ ਪਰਚੰਡ ਅੰਦੋਲਨ ਨੂੰ ਨੱਪ ਦੇਣ ਦੀ ਚਿੰਤਾ ਹੋ ਗਈ।"

ਸ਼ਹੀਦ ਭਗਤ ਸਿੰਘ ਦੀ ਉਪ੍ਰੋਕਤ ਟੂਕ ਬਹੁਤ ਵਿਸਤ੍ਰਿਤ ਪ੍ਰੋਗਰਾਮ ਨੂੰ ਸੰਖੇਪ ਵਿੱਚ ਵਰਨਣ ਕਰਦੀ ਹੈ —

੨ ਜੂਨ ਸੰਨ ੧੮੬੩ ਨੂੰ ਆਨੰਦ ਕਾਰਜਾਂ ਲਈ ਪਿੰਡ ਖੋਟੇ ਦੇ ਮੇਲੇ ਸਮੇਂ ਬਾਘਾ ਪੁਰਾਣੇ ਦੇ ਥਾਨੇ ਵਿੱਚ ਇਹ ਰਿਪੋਰਟ ਦਰਜ ਕਰਾਈ ਗਈ— " ਗੁਰੂ ਰਾਮ ਸਿੰਘ ਅਤੇ ਉਸ ਦੇ ਚੇਲਿਆਂ ਦੇ ਚਾਲੇ ਵੱਖਰੇ ਜਾਪਦੇ ਹਨ। ਉਹ ਸਰਕਾਰ ਵਿਰੁੱਧ ਗੱਲਾਂ ਕਰਦੇ ਹਨ। — ਉਹ ਕਹਿੰਦੇ ਹਨ ਕਿ ਸਾਰਾ ਮੁਲਕ ਜਲਦੀ ਉਹਨਾਂ ਦਾ ਹੋ ਜਾਵੇਗਾ ਉਨ੍ਹਾਂ ਪਿੱਛੇ ਸਵਾ ਲੱਖ ਆਦਮੀ ਹੋਵੇਗਾ।"

੯ ਜੂਨ ੧੮੬੩ ਨੂੰ ਪੰਜਾਬ ਦੇ ਡੀ. ਆਈ. ਜੀ ਪੁਲਿਸ ਮੇਕ ਐਂਡਰੀਓ ਨੇ ਸਰਕਾਰ ਨੂੰ ਰਿਪੋਰਟ ਭੇਜੀ ਕਿ ਗੁਰੂ ਰਾਮ ਸਿੰਘ ਦੇ ਪ੍ਰਚਾਰ ਨੇ ਪੰਜਾਬ ਵਿੱਚ ਬੜੀ ਵੱਡੀ ਤਰਥਲੀ ਮਚਾ ਦਿੱਤੀ ਹੈ।

੧੮੬੬ ਵਿੱਚ ਅੰਬਾਲਾ ਦੇ ਕਮਿਸ਼ਨਰ ਕਰਨਲ ਆਰ.ਜੀ. ਟੇਲਰ ਨੇ ਸਰਕਾਰ ਨੂੰ ਭੇਜੀ ਰਿਪੋਰਟ ਵਿੱਚ ਕਿਹਾ ਇਹ ਮੇਰਾ ਪੱਕਾ ਯਕੀਨ ਹੈ ਕਿ ਨਾਮਧਾਰੀ ਗੱਭਰੂ ਦੇਰ-ਸਵੇਰ ਜੰਗ ਕਰਨ ਦਾ ਵਿਚਾਰ ਰੱਖਦੇ ਹਨ।

ਇਹ ਕੁਝ ਕੁ ਰਿਪੋਰਟਾਂ ਨਾਮ ਮਾਤਰ ਹਨ। ਉਸ ਵੇਲੇ ਸਾਰੀ ਸੂਹੀਆ ਮਸ਼ੀਨਰੀ ਨਾਮਧਾਰੀਆਂ ਬਾਰੇ ਰਿਪੋਰਟਾਂ ਇਕੱਠੀਆਂ ਕਰਨ ਵਿੱਚ ਹੀ ਸਰਗਰਮ ਸੀ। ਹੋਰ ਸਰਕਾਰੀ ਅਤੇ ਗ਼ੈਰ ਸਰਕਾਰੀ ਰਿਪੋਰਟਾਂ ਨੇ ਸਰਕਾਰ ਦੇ ਮਨ ਅੰਦਰ ਨਾਮਧਾਰੀਆਂ ਦੀਆਂ ਸਰਗਰਮੀਆਂ ਬਾਰੇ ਡਰ ਪੈਦਾ ਕਰ ਦਿੱਤਾ। ਇਸ ਵੇਲੇ ਕਈ ਵਾਰ


NamdhariElibrary NamdhariElibrary@gmail.com

ਨਾਮਧਾਰੀਆਂ ਦੇ ਪ੍ਰਚਾਰ ਤੇ ਪਾਬੰਦੀਆਂ ਲੱਗੀਆਂ ਕਈ ਵਾਰ ਹਟੀਆਂ, ਪਰ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਭਾਵ ਖੇਤਰ ਫੈਲਦਾ ਹੀ ਗਿਆ। ਇਲਾਕਿਆਂ ਦੇ ਇਲਾਕੇ ਗੁਰੂ ਰਾਮ ਸਿੰਘ ਦੇ ਅਸਰ ਹੇਠ ਆਏ।

ਸਰਕਾਰ ਅੰਗਰੇਜ਼ੀ ਵਾਸਤੇ ਇਹ ਖ਼ਬਰ ਵੀ ਬਹੁਤ ਤੌਖਲਾ ਪੈਦਾ ਕਰਨ ਵਾਲੀ ਸੀ ਕਿ ਗੁਰੂ ਰਾਮ ਸਿੰਘ ਜੀ ਨੇ ਆਪਣੀ ਜਥੇਬੰਦੀ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਦੇਸ਼ ਨੂੰ ਬਾਦਸ਼ਾਹ ਅਕਬਰ ਵਾਂਗ ਬਾਈ ਸੂਬਿਆਂ ਵਿੱਚ ਵੰਡ ਕੇ ਸੂਬੇ ਅਥਵਾ ਸੂਬੇਦਾਰ ਕਾਇਮ ਕਰਕੇ ਅੰਗਰੇਜ਼ੀ ਹਕੂਮਤ ਦੇ ਸਮਾਨੰਤਰ ਵੱਖਰੀ ਆਜ਼ਾਦ ਹਕੂਮਤ ਕਾਇਮ ਕਰ ਲਈ ਹੈ। ਨੇਪਾਲ ਅਤੇ ਕਸ਼ਮੀਰ ਦੀਆਂ ਆਜ਼ਾਦ ਰਿਆਸਤਾਂ ਨਾਲ ਵੀ ਸਤਿਗੁਰੂ ਜੀ ਦੇ ਸਿੱਧੇ ਸੰਪਰਕ ਕਾਇਮ ਹੋ ਗਏ ਸਨ। ਹੋਰ ਹੈਰਾਨੀ ਵਾਲੀ ਇਹ ਗੱਲ ਸੀ ਕਿ ਅਫ਼ਗਾਨਿਸਤਾਨ ਦੇ ਸ਼ਾਹੀ ਘਰਾਨੇ ਦਾ ਇੱਕ ਸ਼ਹਿਜ਼ਾਦਾ ਗੁਪਤ ਰੂਪ ਵਿੱਚ ਭੈਣੀ ਸਾਹਿਬ ਗੁਰੂ ਜੀ ਨੂੰ ਮਿਲ ਕੇ ਗਿਆ ਹੈ। ਸੰਨ ੧੮੫੭ ਦੇ ਗ਼ਦਰ ਦੇ ਕਈ ਰੂਹ ਪੋਸ਼ ਬਾਗ਼ੀਆਂ ਨਾਲ ਸਤਿਗੁਰੂ ਰਾਮ ਸਿੰਘ ਜੀ ਦਾ ਵੀ ਗੁਪਤ ਸੰਬੰਧ ਹੈ।

ਅੰਤ ਅੰਦਰੋਂ-ਅੰਦਰੀ ਖੌਲਦਾ ਲਾਵਾ ਕੰਢਿਆਂ ਤੋਂ ਬਾਹਰ ਆ ਹੀ ਗਿਆ। ਸਤਿਗੁਰੂ ਰਾਮ ਸਿੰਘ ਵੱਲੋਂ ਜਗਾਈ ਜੋਤ ਪੰਦਰ ਸਾਲਾਂ ਵਿੱਚ ਹੀ ਇੱਕ ਭਾਂਬੜ ਬਣ ਗਈ। ਜੋਸ਼ੀਲੇ ਨਾਮਧਾਰੀ ਜਵਾਨ ਬਾਕੀ ਸਭ ਕੁਝ ਤਾਂ ਬਰਦਾਸ਼ਤ ਕਰਦੇ ਰਹੇ, ਪਰ ਉਨ੍ਹਾਂ ਤੋਂ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਗੁਰਦੁਆਰੇ ਕੋਲ ਗਊਆਂ ਕਤਲ ਕਰਨ ਵਾਲਾ ਬੁਚੜਖਾਨਾ ਬਰਦਾਸ਼ਤ ਨਾ ਹੋਇਆ ਅਤੇ ਨਾ ਹੀ ਰਾਇਕੋਟ ਵਿੱਚ ਦਸ਼ਮ ਪਾਤਸ਼ਾਹ ਦੇ ਗੁਰਦੁਆਰੇ ਕੋਲ ਹੀ ਅਜਿਹਾ ਕਾਰਾ। ਉਹਨਾਂ ਨੇ ਬੁਚੜਾਂ ਨੂੰ ਮਾਰ ਦਿੱਤਾ ਅਤੇ ਗਊਆਂ ਆਜ਼ਾਦ ਕਰ ਦਿੱਤੀਆਂ। ਸਰਕਾਰ ਅੰਗਰੇਜ਼ੀ ਨੇ ਇਸ ਨੂੰ ਬਗ਼ਾਵਤ ਦਾ ਨਾਮ ਦਿੱਤਾ। ਅਤੇ ਥਾਓਂ ਥਾਈਂ ਹੁਣ ਸ਼ਾਨਦਾਰ ਸ਼ਹੀਦੀਆਂ ਦੇ ਕਾਂਡ ਸ਼ੁਰੂ ਹੋ ਗਏ।

੧੫ ਸਤੰਬਰ ੧੮੭੧ ਨੂੰ ਅੰਮ੍ਰਿਤਸਰ ਵਿੱਚ ਚਾਰ ਨਾਮਧਾਰੀ ਸਿੰਘਾਂ ਲਹਿਣਾ ਸਿੰਘ, ਫਤਹਿ ਸਿੰਘ, ਹਾਕਮ ਸਿੰਘ, ਬੀਹਲਾ ਸਿੰਘ ਨੂੰ ਆਮ ਜਨਤਾ ਦੇ ਸਾਹਮਣੇ ਰਾਮ ਬਾਗ਼ ਦੇ ਇੱਕ ਬੋਹੜ ਨਾਲ ਫਾਹੇ ਲਾਇਆ ਗਿਆ। ਸਰਕਾਰ ਵਾਸਤੇ ਭਾਰੀ ਨਮੋਸ਼ੀ ਅਤੇ ਫਟਕਾਰ ਵਾਲੀ ਗੱਲ ਇਹ ਸੀ ਕਿ ਇਹਨਾਂ ਨਾਮਧਾਰੀਆਂ ਨੇ ਬਦੋਸ਼ਿਆਂ ਨੂੰ ਬਚਾਉਣ ਲਈ ਆਪ ਦੋਸ਼ ਕਬੂਲ ਕੀਤੇ ਅਤੇ ਕਤਲ ਦੇ ਸਬੂਤ ਪੇਸ਼ ਕੀਤੇ ਸਨ। ਇਥੇ ਹੀ ਬਸ ਨਹੀਂ, ਉਹਨਾਂ ਫਾਂਸੀ ਦੇ ਰੇਸ਼ਮੀ ਰੱਸੇ ਵੀ ਆਪ ਗੱਲਾਂ ਵਿੱਚ ਪਾਏ। ਇਹਨਾਂ ਸ਼ਹੀਦੀਆਂ ਨਾਲ ਨਾਮਧਾਰੀਆਂ ਦੀ ਬਹੁਤ ਜੈ-ਜੈ ਕਾਰ ਹੋਈ। ਇਸੇ ਕੇਸ ਵਿੱਚ ਇੱਕ ਹੋਰ ਸਿੰਘ, ਝੰਡਾ ਸਿੰਘ ਨੂੰ ਇੱਕ ਸਾਲ ਬਾਦ ਫਾਹੇ ਲਾਇਆ ਗਿਆ। ਸ. ਲਹਿਣਾ ਸਿੰਘ ਅਤੇ ਲਾਲ ਸਿੰਘ ਸਿਪਾਹੀ ਨੂੰ ਕਾਲੇ ਪਾਣੀ ਦੀ ਸਜ਼ਾ ਹੋਈ।

ਰਾਇਕੋਟ ਵਿੱਚ ਸੰਤ ਮੰਗਲ ਸਿੰਘ, ਮਸਤਾਨ ਸਿੰਘ, ਗੁਰਮੁਖ ਸਿੰਘ ਨੂੰ ਵੀ ਆਮ ਲੋਕਾਂ ਦੇ ਸਾਹਮਣੇ ਫਾਂਸੀ ਤੇ ਟੰਗਿਆ ਗਿਆ।

ਇਸੇ ਸਾਲ ਹੀ ਨਵੰਬਰ ਵਿੱਚ ਦੋ ਅਹਿਮ ਨਾਮਧਾਰੀਆਂ ਸੂਬਾ ਰਤਨ ਸਿੰਘ ਮੰਡੀ ਅਤੇ ਸੰਤ ਰਤਨ ਸਿੰਘ ਨਾਈਵਾਲਾ ਨੂੰ ਲੁਧਿਆਣਾ ਸੈਂਟਰਲ ਜੇਲ੍ਹ ਦੇ ਬਾਹਰ ਫਾਂਸੀ ਲਾਇਆ ਗਿਆ। ਇਹ ਦੋਵੇਂ ਸਜਨ ਵਾਰਦਾਤ ਵਿੱਚ ਸ਼ਾਮਲ ਨਹੀਂ ਸਨ। ਇਹਨਾਂ ਦੀ ਫਾਂਸੀ ਵਿਰੁੱਧ ਭਾਰੀ ਗੁੱਸਾ ਫੈਲਿਆ, ਜੋ ਮਾਲੇਰਕੋਟਲਾ ਰਿਆਸਤ ਤੇ ਹਮਲੇ ਦੇ ਰੂਪ ਵਿੱਚ ਨਿਕਲਿਆ।

ਸੰਨ ੧੮੭੨ ਦੀ ਜਨਵਰੀ ਨੂੰ ਮਲੇਰਕੋਟਲੇ ਵਿੱਚ ਭਾਰੀ ਘਲੂਘਾਰਾ ਹੋਇਆ। ੧੭ ਜਨਵਰੀ ਨੂੰ ੪੯ ਸਿੰਘ ਬਗ਼ੈਰ ਕਿਸੇ ਅਦਾਲਤੀ ਕਾਰਵਾਈ ਦੇ ਤੋਪ ਨਾਲ ਉਡਾਏ ਗਏ। ਸਿੰਘਾਂ ਨੇ ਬਹੁਤ ਬਹਾਦਰੀ ਨਾਲ ਖੁਦ ਮੰਗ ਕੇ ਤੋਪਾਂ ਵੱਲ ਮੂੰਹ ਕਰਕੇ ਆਜ਼ਾਦਾਨਾ ਰੂਪ ਵਿੱਚ ਸ਼ਹੀਦੀਆਂ ਪਾਈਆਂ। ਇੱਕ ਬੱਚੇ ਬਿਸ਼ਨ ਸਿੰਘ ਨੇ ਅੰਗਰੇਜ਼ ਡਿਪਟੀ ਕਮਿਸ਼ਨਰ ਕਾਵਨ ਦੀ ਦਾੜ੍ਹੀ ਫੜੀ ਤਾਂ ਉਸਨੂੰ ਤਲਵਾਰ ਨਾਲ ਸ਼ਹੀਦ ਕੀਤਾ ਗਿਆ। ਅਗਲੇ ਦਿਨ ਭਾਵ ੧੮ ਜਨਵਰੀ ਨੂੰ ੧੬ ਹੋਰ ਨਾਮਧਾਰੀਆਂ ਨੂੰ ਤੋਪ ਨਾਲ ਉਡਾ ਦਿੱਤਾ ਗਿਆ। ਲੋਕ ਕਵੀ ਹਰਨਾਮ ਸਿੰਘ ਬਗਲੀ ਨੇ ਆਪਣੀ ਕਾਵਿ ਪੁਸਤਕ 'ਸੰਤ ਖ਼ਾਲਸਾ' ਵਿੱਚ ਇਹਨਾਂ ਸ਼ਹੀਦੀਆਂ ਦਾ ਸ਼ਬਦੀ ਚਿੱਤਰ ਇੰਵੇਂ ਖਿੱਚਿਆ ਹੈ :

ਚਲੇ ਤੋਪ ਨਜ਼ਦੀਕ ਤੇ ਬਹੁਤ ਕੜਕੇ  
ਤੂੰਬੇ ਤੂੰਬੇ ਸਰੀਰ ਉਡਾਇ ਦੇਵੇ  
ਧੜ ਲੱਕ ਤੇ ਮੋਢਿਆਂ ਤਕ ਸਾਰਾ  
ਗੋਲਾ ਲਗ ਕੇ ਦੂਰ ਪੁਚਾਇ ਦੇਵੇ  
ਕੋਈ ਫੇਰ ਉੱਚਾ ਲੱਗੇ ਸੀਸ ਉਡ ਜੈ  
ਬੁਰਾ ਹਾਲ ਸਾ ਤੋਪ ਬਣਾਇ ਦੇਵੇ  
ਲੱਤਾਂ ਬਾਹਾਂ ਸਿਰ ਰਹੇ ਮੌਜੂਦ ਓਥੇ  
ਗੋਲਾ ਤਿੱਗ ਨੂੰ ਖ਼ਾਕ ਮਿਲਾਇ ਦੇਵੇ  
ਤੋਪ ਹੱਡਾਂ ਨੂੰ ਤਾਂ ਚਿਕਨਾ ਚੂਰ ਕਰਕੇ  
ਮਾਸ ਰੂਈ ਦੇ ਵਾਂਗ ਪਿੰਜਾਇ ਦੇਵੇ

ਚਿੱਕੜ ਲਹੂ ਦਾ ਤੋਪ ਕਰ ਦਏ ਕਿਧਰੇ
ਕਿਧਰੇ ਹੱਡਾਂ ਦਾ ਢੇਰ ਲਗਾਇ ਦੇਵੇ
ਏਵੇਂ ਕਿਵੇ ਉਣੰਜਾ ਸ਼ਹੀਦ ਕਰਕੇ
ਸਾਹਿਬ ਤੋਪ ਨੂੰ ਬੰਦ ਕਰਾਇ ਦੇਵੇ
ਸਕਿਆ ਝੱਲ ਨਾ ਤਰਾਸ ਹਰਨਾਮ ਸਿੰਘਾ
ਸੂਰਜ ਦੇਵਤਾ ਮੂੰਹ ਛੁਪਾਇ ਦੇਵੇ।

ਇੱਕ ਪਾਸੇ ਮਾਲੇਰਕੋਟਲੇ ਵਿੱਚ ਇਹ ਨਰ ਸੰਘਾਰ ਹੋ ਰਿਹਾ ਸੀ ਅਤੇ ਦੂਜੇ ਪਾਸੇ ੧੭ ਅਤੇ ੧੮ ਜਨਵਰੀ ੧੮੭੨ ਦੀ ਵਿਚਕਾਰਲੀ ਬਰਫ਼ੀਲੀ ਰਾਤ ਨੂੰ ਸ੍ਰੀ ਭੈਣੀ ਸਾਹਿਬ ਵਿੱਚ ਕਹਿਰ ਵਰਤ ਰਿਹਾ ਸੀ। ਸਤਿਗੁਰੂ ਰਾਮ ਸਿੰਘ ਜੀ ਨੂੰ ਰਾਤੋ-ਰਾਤ ਮੁਖੀ ਸੂਬਿਆਂ ਸਹਿਤ ਜਲਾਵਤਨ ਕੀਤਾ ਗਿਆ। ਸ੍ਰੀ ਭੈਣੀ ਸਾਹਿਬ ਤੋਂ ਲੁਧਿਆਣਾ ਲਿਆ ਕੇ ਤੜਕੇ ਚਾਰ ਵਜੇ ਸਪੈਸ਼ਲ ਰੇਲ ਗੱਡੀ ਵਿੱਚ ਵਿਸ਼ੇਸ਼ ਫੌਜੀ ਗਾਰਦ ਦੇ ਪਹਿਰੇ ਵਿੱਚ ਜਲਾਵਤਨ ਕੀਤਾ ਗਿਆ। ਪਹਿਲਾਂ ਅਲਾਹਬਾਦ ਕਿਲ੍ਹੇ ਵਿੱਚ ਨਜ਼ਰਬੰਦ ਕੀਤਾ ਗਿਆ ਅਤੇ ਬਾਅਦ ਵਿੱਚ ਕਲਕੱਤਾ ਰਾਹੀਂ ਸਮੁੰਦਰੀ ਜਹਾਜ਼ ਤੇ ਚੜ੍ਹਾ ਕੇ ਬਰਮਾ ਦੇਸ਼ ਵਿੱਚ ਕੈਦ ਕੀਤਾ ਗਿਆ। ਸਤਿਗੁਰੂ ਜੀ ਦੇ ਦੋ ਪ੍ਰਮੁੱਖ ਸੂਬੇ ਬਾਬਾ ਕਾਹਨ ਸਿੰਘ ਅਤੇ ਬਾਬਾ ਸਾਹਿਬ ਸਿੰਘ, ਅਰਬ ਇਲਾਕੇ ਦੇ ਸ਼ਹਿਰ ਅਦਨ ਵਿੱਚ ਭੇਜੇ ਗਏ। ਸੂਬਾ ਪਹਾੜਾ ਸਿੰਘ, ਸੂਬਾ ਰੂੜ ਸਿੰਘ ਅਤੇ ਸੂਬਾ ਮਲੂਕ ਸਿੰਘ ਨੂੰ ਅਸੀਰਗੜ੍ਹ ਯੂ.ਪੀ. ਦੇ ਕਿਲ੍ਹੇ ਵਿੱਚ ਕੈਦ ਕੀਤਾ ਗਿਆ। ਬਾਬਾ ਬਰਮਾ ਸਿੰਘ, ਬਾਬਾ ਲੱਖਾ ਸਿੰਘ ਅਤੇ ਬਾਬਾ ਜਵਾਹਰ ਸਿੰਘ ਬਰਮਾ ਦੇ ਸ਼ਹਿਰ ਮੌਲਮੀਨ ਵਿੱਚ ਡੱਕੇ ਗਏ। ਸ੍ਰੀ ਭੈਣੀ ਸਾਹਿਬ ਦੇ ਡੇਰੇ ਦੀ ਬਾਰ-ਬਾਰ ਤਲਾਸ਼ੀ ਲਈ ਗਈ ਅਤੇ ਇਸ ਦੀ ਜ਼ਮੀਨ ਨੂੰ ਪਾਣੀ ਤੱਕ ਪੁੱਟਿਆ ਗਿਆ। ਪੂਰੀ ਅੱਧੀ ਸਦੀ ਗੁਰਦੁਆਰੇ ਦੇ ਦਰਾਂ ਮੂਹਰੇ ਪੁਲਿਸ ਦੀ ਵਿਸ਼ੇਸ਼ ਚੌਕੀ ਕਾਇਮ ਰਹੀ। ਨਾਮਧਾਰੀਆਂ ਦੇ ਪ੍ਰਚਾਰ ਪ੍ਰਸਾਰ ਇਥੋਂ ਤੱਕ ਕਿ ਧਾਰਮਿਕ ਸਮਾਗਮਾਂ ਤੇ ਵੀ ਪਾਬੰਦੀ ਲਾਈ ਗਈ। ਇਨ੍ਹਾਂ ਦੇ ਪਾਠਾਂ, ਅਖੰਡਪਾਠਾਂ ਤੇ ਇਕੱਤਰ ਹੋਣ ਵਾਲੇ ਲੋਕਾਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ।

ਸਰਕਾਰ ਅੰਗਰੇਜ਼ੀ ਦਾ ਸਾਰਾ ਜ਼ੋਰ ਬਰਮਾ ਵਿੱਚ ਕੈਦ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਜਾਨਸ਼ੀਨ ਛੋਟੇ ਭਰਾਤਾ ਗੁਰੂ ਹਰੀ ਸਿੰਘ ਜੀ ਅਤੇ ਹੋਰ ਪੰਜਾਬੀਆਂ ਨਾਲ ਸੰਪਰਕ ਨੂੰ ਤੋੜਣ ਵਿੱਚ ਲੱਗਾ ਹੋਇਆ ਸੀ। ਪਰ ਨਾਮਧਾਰੀਆਂ ਨੇ ਬਰਮਾ ਵਿੱਚ ਵੀ ਜਾ ਕੇ ਸਤਿਗੁਰੂ ਜੀ ਨਾਲ ਮਿਲਣੀਆਂ ਹੀ ਨਹੀਂ ਕੀਤੀਆਂ, ਸਗੋਂ ਉਨ੍ਹਾਂ ਪਾਸੋਂ ਗੁਪਤ ਤੌਰ ਤੇ ਚਿੱਠੀਆਂ ਹੁਕਮਨਾਮੇ ਵੀ ਲਿਆਂਦੇ।

ਸਤਿਗੁਰੂ ਹਰੀ ਸਿੰਘ ਜੀ ਬਹੁਤ ਧੀਰ ਵੀਰ ਅਤੇ ਨਿਰਮਲ ਸੁਭਾਅ ਦੇ ਸਨ, ਪਰ ਉਹਨਾਂ ਦੀ ਆਤਮਾ ਸਟੀਲ ਵਰਗੀ ਮਜ਼ਬੂਤ ਸੀ। ਉਨ੍ਹਾਂ ਨੂੰ ਬਹੁਤ ਸਖ਼ਤੀਆਂ ਸਹਿਣੀਆਂ ਪਈਆਂ, ਪਰ ਉਨ੍ਹਾਂ ਨੇ ਨਾਮਧਾਰੀਆਂ ਦੀਆਂ ਸਰਗਰਮੀਆਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪਹੁੰਚਾਇਆ। ਇੱਕ ਪਾਸੇ ਬਰਮਾ ਵਿੱਚ ਸਤਿਗੁਰੂ ਰਾਮ ਸਿੰਘ ਨਾਲ ਸੰਪਰਕ ਦੂਜੇ ਪਾਸੇ ਰੂਸ ਸਰਕਾਰ ਤੱਕ ਪਹੁੰਚ। ਇੱਕ ੭੨ ਸਾਲ ਦਾ ਨਾਮਧਾਰੀ ਸੂਬਾ ਗੁਰਚਰਨ ਸਿੰਘ ਤਾਂ ਕਮਾਲ ਦਾ ਜਵਾਂ ਮਰਦ ਨਿਕਲਿਆ। ਉਹ ਬਿਖੜੇ ਪੈਂਡੇ ਝਾਗਦਾ, ਪਹਾੜੀਆਂ ਲੰਘਦਾ ਖ਼ੁਦ ਰੂਸੀ ਤੁਰਕਸਤਾਨ ਵਿੱਚ ਚਿੱਠੀਆਂ ਲੈ ਕੇ ਪੁੱਜ ਗਿਆ. ਇੰਗਲੈਂਡ ਵਿੱਚ ਬੈਠੇ ਮਹਾਰਾਜਾ ਦਲੀਪ ਸਿੰਘ ਨੂੰ ਵੀ ਨਾਮਧਾਰੀ ਵਫ਼ਦ ਮਿਲਿਆ। ਇਸ ਸਮੇਂ ਦੇਸ਼ ਵਿੱਚ ਭਿਆਨਕ ਕਾਲ ਪਿਆ। ਭੈਣੀ ਸਾਹਿਬ ਗੁਰੂ ਕਾ ਲੰਗਰ ਅਤੁਟ ਚਲਦਾ ਰਿਹਾ। ਇਸੇ ਬਹਾਨੇ ਸਰਕਾਰ ਨੇ ਲੰਗਰ ਵਾਸਤੇ ਜ਼ਮੀਨ ਮੁਰੱਬੇ ਦੇਣ ਦਾ ਪ੍ਰਲੋਭਣ ਦਿੱਤਾ। ਸਤਿਗੁਰੂ ਹਰੀ ਸਿੰਘ ਨੇ ਇਹ ਭਾਰੀ ਪੇਸ਼ਕਸ਼ ਠੁਕਰਾ ਕੇ ਆਜ਼ਾਦੀ ਦਾ ਪੈਂਤੜਾ ਹੀ ਕਾਇਮ ਰੱਖਿਆ।

ਸੰਨ ੧੯੦੬ ਵਿੱਚ ਨਾਮਧਾਰੀਆਂ ਦੀ ਅਗਵਾਈ ਨੌਜਵਾਨ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੱਥਾਂ ਵਿੱਚ ਆਈ। ਆਪ ਨੇ ਨਾਮਧਾਰੀਆਂ ਵਿੱਚ ਮੁੜ ਇੱਕ ਵਾਰ ਭਾਰੀ ਸਰਗਰਮੀ ਲੈ ਆਂਦੀ। ਭਾਰਤ ਵਿੱਚ ਚਲ ਰਹੀ ਹਰ ਇੱਕ ਆਜ਼ਾਦੀ ਦੀ ਤਹਿਰੀਕ ਨੂੰ ਉਹਨਾਂ ਭਰਪੂਰ ਸਹਿਯੋਗ ਦਿੱਤਾ। ਸ੍ਰੀ ਭੈਣੀ ਸਾਹਿਬ ਆਜ਼ਾਦੀ ਸੰਗਰਾਮੀਆਂ ਦੀਆਂ ਗੁਪਤ ਤੇ ਪ੍ਰਗਟ ਸਰਗਰਮੀਆਂ ਲਈ ਪਨਾਹ- ਗਾਹ ਬਣ ਗਿਆ। ਆਪਨੇ ਅੰਗਰੇਜ਼ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਦੇ ਮੁਕਾਬਲੇ ਜੋੜੋ ਅਤੇ ਆਜ਼ਾਦ ਹੋਵੋ ਦੀ ਪਾਲਿਸੀ ਨੂੰ ਅਪਣਾਉਂਦਿਆਂ ਵੱਖ-ਵੱਖ ਸਮਾਜਾਂ ਅਤੇ ਧਰਮਾਂ ਨੂੰ ਜੋੜਣ ਲਈ ਕਾਨਫ਼ਰੰਸਾਂ ਕੀਤੀਆਂ। ਕਾਂਗਰਸ ਨੂੰ ਆਜ਼ਾਦੀ ਸੰਗਰਾਮ ਵਿੱਚ ਪੂਰਾ ਸਹਿਯੋਗ ਦਿੱਤਾ। ਪ੍ਰਮੁੱਖ ਨਾਮਧਾਰੀ ਪਿਕਟਿੰਗ ਵਿੱਚ ਸ਼ਾਮਲ ਹੋਏ ਅਤੇ ਮੋਰਚਿਆਂ ਦੇ ਡਿਕਟੇਟਰ ਵੀ ਬਣੇ।

ਜਲਿਆਂ ਵਾਲੇ ਬਾਗ਼ ਦੇ ਸਾਕੇ ਤੋਂ ਦੋ ਸਾਲ ਦੇ ਅੰਦਰ ਹੀ ਦੁਆਬੇ ਦੇ ਪ੍ਰਸਿੱਧ ਪਿੰਡ ਮੁਠੱਡੇ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪ੍ਰਧਾਨਗੀ ਵਿੱਚ ਮਾਲੇਰਕੋਟਲੇ ਦੇ ਸ਼ਹੀਦਾਂ ਨਮਿੱਤ ਮੇਲਾ ੧੭-੧੮-੧੯ ਜਨਵਰੀ ੧੯੨੧ ਨੂੰ ਕੀਤਾ ਗਿਆ। ਇਸ ਵਿੱਚ ਪ੍ਰਸਿੱਧ ਕਾਂਗਰਸੀ ਅਤੇ ਹੋਰ ਦੇਸ਼ ਭਗਤ ਸ਼ਾਮਲ ਹੋਏ। ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਪਿਤਾ ਸ. ਕਿਸ਼ਨ ਸਿੰਘ ਵੀ ਇਸ ਵਿੱਚ ਪੂਰੇ ਜੋਸ਼ ਨਾਲ ਪੁੱਜੇ ਸਨ। ਪਿੰਡ ਸਿਆਹੜ ਅਤੇ ਹੋਰ ਥਾਈਂ ਵੀ ਆਜ਼ਾਦੀ ਦੇ ਹੱਕ ਵਿੱਚ ਭਰਵੇਂ ਸਮਾਗਮ ਹੋਏ।


Namdhari Elibrary NamdhariElibrary@gmail.com

ਸੈਂਟਰਲ ਕੂਕਾ ਕਾਂਗਰਸ ਦਲ ਦੀ ਇਕ ਨਵੀਂ ਜਥੇਬੰਦੀ ਕਾਇਮ ਕੀਤੀ ਗਈ। ਲਾਹੌਰ ਅਤੇ ਹੋਰ ਥਾਈਂ ਭਾਰੀ ਜਲਸਿਆਂ ਵਿੱਚ ਦੇਸ਼ ਵਾਸਤੇ ਨਾਮਧਾਰੀਆਂ ਵੱਲੋਂ ਦਿੱਤੀਆਂ ਭਾਰੀ ਕੁਰਬਾਨੀਆਂ ਦਾ ਪ੍ਰਚਾਰ ਹੋਇਆ। ਉੱਥੇ ਨਾਮਧਾਰੀ ਆਗੂ, ਮਹਾਰਾਜ ਨਿਹਾਲ ਸਿੰਘ, ਨਿਧਾਨ ਸਿੰਘ ਆਲਮ, ਪੰਡਿਤ ਮੁਨਸ਼ਾ ਸਿੰਘ ਆਦਿ ਨੂੰ ਗ੍ਰਿਫਤਾਰ ਕੀਤਾ ਗਿਆ।

ਸੰਨ ੧੯੨੯ ਦੇ ਲਾਹੌਰ ਕਾਂਗਰਸ ਦੇ ਸੈਸ਼ਨ ਵਿੱਚ ਸੰਪੂਰਨ ਆਜ਼ਾਦੀ ਦਾ ਮਤਾ ਪਾਸ ਹੋਇਆ। ਇਸ ਸੈਸ਼ਨ ਦੇ ਪ੍ਰਧਾਨ ਪੰਡਿਤ ਜਵਾਹਰ ਲਾਲ ਨਹਿਰੂ ਦੇ ਜਲੂਸ ਵਿੱਚ ਪੰਡਿਤ ਨਹਿਰੂ ਸਤਿਗੁਰੂ ਪ੍ਰਤਾਪ ਸਿੰਘ ਜੀ ਵੱਲੋਂ ਭੇਜੇ ਘੋੜੇ ਤੇ ਸਵਾਰ ਹੋਏ ਅਤੇ ਸੌ ਘੋੜ ਸਵਾਰ ਨਾਮਧਾਰੀਆਂ ਨੇ ਜਲੂਸ ਦੀ ਸ਼ਾਨ ਨੂੰ ਦੂਬਾਲਾ ਕੀਤਾ। ਸਤਿਗੁਰੂ ਜੀ ਦੇ ਪੂਜ ਮਾਤਾ ਜੀਵਨ ਕੌਰ ਜੀ ਦੀ ਅਗਵਾਈ ਵਿੱਚ ਸਾਰੀ ਕਾਨਫਰੰਸ ਵਾਸਤੇ ਮੁਫ਼ਤ ਲੰਗਰ ਦਾ ਪ੍ਰਬੰਧ ਕੀਤਾ ਗਿਆ।

ਸੰਨ ੧੯੩੯ ਨੂੰ ਲੁਧਿਆਣਾ ਵਿੱਚ ਰਿਆਸਤੀ ਲੋਕਾਂ ਦੀ ਕਾਨਫ਼ਰੰਸ ਵਿੱਚ ਖ਼ੁਦ ਆਪ ਸਤਿਗੁਰੂ ਪ੍ਰਤਾਪ ਸਿੰਘ ਜੀ ਘੋੜੇ ਤੇ ਸਵਾਰ ਹੋ ਕੇ ਜਲੂਸ ਵਿੱਚ ਸ਼ਾਮਲ ਹੋਏ ਤੇ ਕਾਨਫਰੰਸ ਦੇ ਪ੍ਰਧਾਨ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਆਪਣੇ ਖ਼ਾਸ ਘੋੜੇ ਤੇ ਸਵਾਰੀ ਕਰਵਾ ਕੇ ਮਾਣ ਵਧਾਇਆ। ਪੰਡਿਤ ਨਹਿਰੂ ਅਤੇ ਹੋਰ ਕੌਮੀ ਨੇਤਾ ਸ੍ਰੀ ਭੈਣੀ ਸਾਹਿਬ ਦੇ ਪਿੰਡ ਵਿੱਚ ਆਜ਼ਾਦੀ ਦੀ ਪੂਜ ਭੂਮੀ ਦੇ ਦਰਸ਼ਨ ਕਰਨ ਆਏ।

੧੫ ਅਗਸਤ ੧੯੪੭ ਤੱਕ ਅਤੇ ਉਸ ਤੋਂ ਬਾਅਦ ਵੀ ਨਾਮਧਾਰੀਆਂ ਨੇ ਸਾਮਰਾਜ ਵਿਰੋਧੀ ਪੈਂਤੜਾ ਹੀ ਕਾਇਮ ਰੱਖਿਆ। ਨਾ ਤਾਂ ਕੈਦਾਂ ਦੇ ਤਸੀਹਿਆਂ ਦਾ ਡਰ— ਨਾ ਮਾਇਆ, ਜ਼ਮੀਨ ਦੇ ਮੁਰੱਬਿਆਂ ਦਾ ਲਾਲਚ ਉਹਨਾਂ ਨੂੰ ਆਪਣੇ ਰਾਹ ਤੋਂ ਰੋਕ ਸਕਿਆ। ਨਿਰਸੰਦੇਹ ਆਜ਼ਾਦੀ ਸੰਗਰਾਮ ਵਿੱਚ ਨਾਮਧਾਰੀ ਲਹਿਰ ਦੇ ਯੋਗਦਾਨ ਦੀ ਕਹਾਣੀ ਬਹੁਤ ਲੰਮੀ ਵਿਸਤ੍ਰਿਤ ਅਤੇ ਗੌਰਵਸ਼ਾਲੀ ਹੈ।

# ਅਪਰਾਧ

—ਤਾਰਾ ਸਿੰਘ ਅਨਜਾਣ

ਮੈਂ ਸਿੱਪੀ ਸਾਗਰ ਟਹਿਲਦੀ ਪਰ ਕਰਮ ਨਿਖੁੱਟੇ ਮੇਰੇ।
ਇਕ ਮੋਤੀ ਨੂੰ ਜੰਮ ਸੱਕਣ ਵਾਲੇ ਖੁਥੇ ਮੇਰੇ ਜੇਰੇ।

ਮੇਰੇ ਮੂੰਹ ਖੁਲ੍ਹੇ ਵਲ ਅਰਸ਼ੋਂ ਕਈ ਕਣੀਆਂ ਚਲ ਆਈਆਂ,
ਉਹਨਾਂ 'ਚੋਂ ਇੱਕ ਬੂੰਦ ਸੁਆਤੀ ਗਰਭ 'ਚ ਲਾਏ ਡੇਰੇ।

ਖੁਸ਼ ਹੋਇਆ ਆਕਾਸ਼ ਤੇ ਗੱਜਿਆ, ਚਾਨਣ ਉਸਨੇ ਕੀਤਾ।
ਪਲਟਨ ਲਈ ਕਣੀ ਉਹ ਵੀ ਸਮੇਂ ਜਦੋਂ ਦਿਨ ਫੇਰੇ।

ਹੋਂਦ ਉਸਦੀ ਦਾ ਜਦ ਦੂਜੇ ਜੀਵਾਂ ਨੂੰ ਸ਼ਕ ਹੋਇਆ,
ਵੱਢ ਖਾਣੇ ਸੰਸਾਰ ਨੇ ਮੇਰੇ ਤਨ ਵਲ ਮੂਹ ਉਘੇਰੇ।

ਛੱਲਾਂ ਕਈ ਸਮੇਂ ਦੀਆਂ ਆਈਆਂ ਮੈਂ ਕੰਢੇ ਨਾਲ ਵੱਜੀ,
ਆਪਣਾ ਆਪ ਸੰਭਾਲਣ ਦੇ ਲਈ ਕੀਤੇ ਜਤਨ ਬਥੇਰੇ।

ਤੂਫਾਨਾਂ ਅਧਖਿੜੀ ਕਲੀ ਨੂੰ ਮਸਲ ਮੁਕਾਉਣਾ ਚਹਿਆ,
ਉਹਦੇ ਵਲ ਜ਼ਹਿਰੀਲੇ ਨਾਗ ਵਧਾਵਣ ਪਏ ਸਪੇਰੇ।

ਯਾਦ ਕੀਤਾ ਆਕਾਸ਼ ਜਦੋਂ ਮੈਂ ਮੂੰਹ ਮੋਟਾ ਉਸ ਕੀਤਾ,
ਫਿਰ ਪਛਤਾਈ ਮੈਂ ਕਿਉਂ ਉਸ ਨਾਲ ਕੀਤੇ ਪੰਧ ਲੰਮੇਰੇ।

'ਚੱਜ ਹੁੰਦਾ ਜੇ ਤੈਨੂੰ ਅਲੜੇ', ਇਕ ਦਰਦੀ ਸਮਝਾਇਆ,
ਕਣੀਆਂ ਦੀਆਂ ਭੁੱਖਾਂ ਤੋਂ ਪਹਿਲਾਂ ਲੈ ਹੁੰਦੇ ਤੂੰ ਫੇਰੇ।

ਫਿਰ ਛਿੱਟ ਜੇ ਕਰ ਮੋਤੀ ਬਣਦੀ ਉਸਦਾ ਸੁਆਗਤ ਹੁੰਦਾ,
ਜੀਵ ਜੰਤ ਸਭ ਦੇਣ ਵਧਾਈ ਘਰ ਆਂਵਦੇ ਤੇਰੇ।

## ਸੰਤ ਜਗਦੀਸ਼ ਸਿੰਘ ਵਰਿਆਮ ਜੀ ਦੀ ਦੇਹ ਅਰੋਗਤਾ ਨਮਿਤ ਭਜਨ ਦੀ ਵਰਨੀ

ਨਾਮਧਾਰੀ ਸੰਗਤ ਜਲੰਧਰ ਵੱਲੋਂ ਮਿਤੀ 17-7-2016 ਦਿਨ ਐਤਵਾਰ ਨੂੰ ਨਾਮਧਾਰੀ ਧਰਮਸ਼ਾਲਾ, ਸੈਂਟਰਲ ਟਾਊਨ ਜਲੰਧਰ ਵਿਖੇ ਸ. ਜਗਦੀਸ਼ ਸਿੰਘ ਵਰਿਆਮ ਜੀ ਦੀ ਦੇਹ ਅਰੋਗਤਾ ਨਮਿਤ ਭਜਨ ਦੀ ਵਰਨੀ ਕੀਤੀ ਗਈ। ਜਥੇਦਾਰ ਬਲਬੀਰ ਸਿੰਘ ਜਲੰਧਰ ਤੇ ਸੰਤ ਗੁਰਮੀਤ ਸਿੰਘ ਸੋਨੂੰ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਚਰਨਾਂ 'ਚ ਉਹਨਾਂ ਦੀ ਦੇਹ ਅਰੋਗਤਾ ਵਾਸਤੇ ਅਰਦਾਸ ਕੀਤੀ ਗਈ। ਉਪਰੰਤ ਅੰਮ੍ਰਿਤ ਮਈ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਸ੍ਰੀ ਸਤਿਗੁਰੂ ਜੀ ਵਰਿਆਮ ਜੀ ਨੂੰ ਦੇਹ ਅਰੋਗਤਾ ਦੀ ਕ੍ਰਿਪਾ ਕਰਨ। *-ਨਰੈਣ ਸਿੰਘ, ਪ੍ਰਧਾਨ ਨਾਮਧਾਰੀ ਸੰਗਤ ਜਲੰਧਰ। -98150-84646*


Namdhari Elibrary NamdhariElibrary@gmail.com



—ਸੁਵਰਨ ਸਿੰਘ ਵਿਰਕ

## ਕੂਕਾ ਲਹਿਰ ਦੇ ਅਮਰ ਨਾਇਕ:

### 'ਗੁਰੂ ਦੀਆਂ ਕਾਰਾਂ' ਅਤੇ ਫ਼ੱਕਰਾਂ ਦੇ ਹੋਲੇ ਵਾਲੇ

# ਸੰਤ ਸੰਮਾ ਸਿੰਘ ਮਾਂਗਾ

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ਼ ਗਵਨ ਕਰਨ ਬਾਅਦ ਨਾਮਧਾਰੀ ਪੰਥ ਤੇ ਸੰਕਟ ਦੇ ਬੱਦਲ ਛਾਏ ਰਹੇ। ਇਸ ਸਮੇਂ ਸਤਿਗੁਰੂ ਜੀ ਨੇ ਰੰਗੂਨ ਤੋਂ ਭਾਈ ਦਰਬਾਰਾ ਸਿੰਘ ਰਾਇਪੁਰੀਏ ਦੇ ਨਾਮ ਭੇਜੇ ਹੁਕਮਨਾਮੇ ਵਿਚ, ਸ੍ਰੀ ਗੁਰੂ ਹਰੀ ਸਿੰਘ ਜੀ ਜਿਹਨਾਂ ਦਾ ਪਹਿਲਾ ਨਾਮ ਬੁੱਧ ਸਿੰਘ ਸੀ, ਉਹਨਾਂ ਨੂੰ "ਸਿਰ ਕਰਤਾ ਜਾਨਣ ਦਾ" ਹੁਕਮ ਦਿਤਾ ਸੀ। ਇਸ ਤੋਂ ਪਹਿਲਾਂ ਅਲਾਹਬਾਦ ਕਿਲੇ ਵਿਚ ਰਹਿੰਦਿਆਂ ਆਪਣੇ ਘਰ-ਡੇਰੇ, ਸ੍ਰੀ ਭੈਣੀ ਸਾਹਿਬ ਦੀਆਂ ਕੁੰਜੀਆਂ ਸੰਭਾਲਣ ਲਈ ਵੀ ਛੋਟੇ ਭਾਈ ਬੁੱਧ ਸਿੰਘ ਨੂੰ ਅਧਿਕਾਰ ਦਿਤੇ ਸਨ। ਭੈਣੀ ਸਾਹਿਬ ਗੁਰ ਧਾਮ ਦੇ ਬੂਹੇ ਅੱਗੇ 51 ਵਰ੍ਹੇ ਤੋਂ ਵੱਧ ਸਮਾਂ ਪੁਲੀਸ ਚੌਕੀ ਬੈਠੀ ਰਹੀ। ਸ਼ੁਰੂ ਵਿਚ ਅੱਠਾਂ ਪਹਿਰਾਂ ਵਿਚ ਪੰਜ ਅਤੇ ਕੁਝ ਵਰ੍ਹੇ ਬਾਅਦ, ਦਸ ਸਿੱਖ ਹੀ ਦਰਸ਼ਨ ਕਰ ਸਕਦੇ ਸਨ। ਕੂਕਾ ਕੇਂਦਰ ਸ੍ਰੀ ਭੈਣੀ ਸਾਹਿਬ ਅਤੇ ਨਾਮਧਾਰੀ ਸੰਗਤਾਂ ਵਿਚਾਲੇ ਰਾਬਤਾ ਰੱਖਣਾ, ਪੰਜੀ ਕੁ ਸਾਲ ਬੜਾ ਔਖਾ ਕੰਮ ਰਿਹਾ। ਇਸ ਸਮੇਂ ਦੌਰਾਨ ਵੱਖ ਵੱਖ ਖਿਤਿਆਂ ਵਿਚ ਕੁੱਝ ਐਸੇ ਕਰਨੀ ਵਾਲੇ, ਨਾਮਧਾਰੀ ਸਾਧੂ ਹੋਏ ਜਿਹਨਾਂ ਨੇ ਆਪਣੇ ਉੱਚੇ ਸੁੱਚੇ ਜੀਵਨ, ਨਾਮ ਬਾਣੀ ਵਿਚ ਰੰਗੇ ਰਹਿਣ ਕਾਰਨ, ਇਲਾਕੇ ਦੀਆਂ ਸੰਗਤਾਂ ਨੂੰ, ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਅਤੇ ਮਿਸ਼ਨ ਨਾਲ ਜੋੜੀ ਰੱਖਣ ਦਾ ਵੱਡਾ ਕਾਰਜ ਕੀਤਾ। ਤਦੋਂਕੀ ਨਾਮਧਾਰੀ ਸੰਗਤ ਇਹ ਵਿਸ਼ਵਾਸ ਕਰਦੀ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਆਪਣੇ ਕਿਸੇ ਵੀ ਸਿੱਖ ਤੋਂ ਇਹ ਕਾਰਜ ਕਰਾਉਣ ਜਾਂ ਕਾਰ ਲੈਣ ਦੇ ਸਮਰੱਥ ਹਨ। ਉਹਨਾਂ ਪਹੁੰਚੇ ਸਾਧੂਆਂ ਬਾਰੇ ਆਮ ਕੂਕੇ ਕਹਿੰਦੇ ਸਨ ਕਿ ਇਸ ਸਮੇਂ ਇਹਨਾਂ ਵਿਚ 'ਗੁਰੂ ਕੀ ਕਾਰ' ਆਈ ਹੋਈ ਹੈ।

ਸੰਤ ਗੰਡਾ ਸਿੰਘ, ਜਿਹਨਾਂ ਦਾ ਡੇਰਾ ਇੱਬਣ ਪਿੰਡ ਜ਼ਿਲ੍ਹਾ ਅੰਮ੍ਰਿਤਸਰ ਵਿਚ ਸੀ ਮਾਝੇ ਵਿਚ ਪਹਿਲੋਂ ਪਹਿਲ 'ਗੁਰੂ ਕੀ ਕਾਰ' ਉਹਨਾਂ ਵਿਚ ਆਉਣ ਦੀ ਚਰਚਾ ਸੀ। ਬਾਬਾ ਜੀ ਦਾ ਜਨਮ ਪਿੰਡ ਰਟੌਲ (ਅੰਮ੍ਰਿਤਸਰ) ਦਾ ਸੀ। ਆਪ ਨੇ ਭਜਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੋਂ ਪੁੱਛਿਆ ਸੀ। ਆਪ ਦੇ ਨਾਮ ਦਾਨ ਲੈਣ ਤੋਂ ਕੁਝ ਸਮੇਂ ਬਾਅਦ ਹੀ ਪ੍ਰਦੇਸ ਗਵਨ ਸਾਕਾ ਵਾਪਰ ਗਿਆ। ਬਾਬਾ ਜੀ ਦੇ ਦੀਵਾਨ ਵਿਚ ਬੈਠਿਆਂ ਇਕ ਦਿਨ ਆਵਾਜ਼ਾ ਹੋਇਆ ਕਿ 12 ਵਰ੍ਹੇ ਮੈਂ ਇੱਬਣ ਰਹਾਂਗਾ। ਸਰੋਤੇ ਸਿੱਖਾਂ ਦਾ ਵਿਚਾਰ ਸੀ ਕਿ ਹੁਕਮ ਸਤਿਗੁਰੂ ਰਾਮ ਸਿੰਘ ਜੀ ਦਾ ਬਾਬਾ ਗੰਡਾ ਸਿੰਘ ਦੀ ਦੇਹ ਦੁਆਰਾ ਵਾਪਰ ਰਿਹਾ ਹੈ। ਯਾਦ ਰਹੇ ਕਿ ਬਾਬਾ ਜਮੀਅਤ ਸਿੰਘ ਕਾਹਨਾ ਵੀ ਆਪਣੇ ਪਾਸ ਆਉਣ ਵਾਲੇ ਜਗਿਆਸੂਆਂ ਨੂੰ ਇਸ ਸਮੇਂ ਗੰਡਾ ਸਿੰਘ ਜੀ ਪਾਸ ਇੱਬਣ ਜਾਣ ਲਈ ਕਿਹਾ ਕਰਦੇ ਸਨ। ਆਮ ਸਾਧ ਸੰਗਤ ਇਹਨਾਂ ਇਸ਼ਾਰਿਆਂ ਤੋਂ ਪ੍ਰੇਰਿਤ ਹੋਕੇ ਬਾਬਾ ਗੰਡਾ ਸਿੰਘ ਪਾਸ ਪੁੱਜਣੀ ਸ਼ੁਰੂ ਹੋ ਗਈ। ਇਸ ਸਮੇਂ ਆਪ ਜੀ ਦੇ ਜੀਵਨ ਨਾਲ ਬਹੁਤ ਸਾਰੀਆਂ ਅਲੌਕਿਕ ਘਟਨਾਵਾਂ, ਸਾਖੀਆਂ ਜੁੜ ਗਈਆਂ, ਜਿਸ ਕਾਰਨ ਆਪ ਦੀ ਮਾਨਤਾ ਚੋਖੀ ਵਧ ਗਈ। ਜਿਹਾ ਕਿ ਉਹ ਕਿਸੇ ਦੇ ਛਿਪ ਕੇ ਕੀਤੇ ਮੰਦੇ ਕਰਮ ਪ੍ਰਗਟ ਕਰ ਸਕਦੇ ਸਨ। ਕਿਸੇ ਦੀ ਮਨਾਉਤ ਦੀ ਰਕਮ ਬਾਰੇ ਦੱਸ ਸਕਦੇ ਸਨ। ਆਪ ਪਾਸ ਕਾਫੀ ਸੰਗਤ ਇਕੱਠੀ ਹੋ ਗਈ ਸੀ। ਕੁਝ ਸਿੱਖਾਂ ਨੇ ਮੇਲਾ ਕਰਾਉਣ ਦੀ ਗਰਜ਼ ਨਾਲ ਇਕ ਖੱਤਰੀ ਦੀ ਦੁਕਾਨ ਵਿਚੋਂ 500 ਰੁਪੈ ਚੁਰਾ ਲਏ। ਰਾਤ ਦੇ ਦੀਵਾਨ ਵਿਚ ਬਾਬਾ ਜੀ ਨੇ ਉਹਨਾਂ ਸਿੱਖਾਂ ਨੂੰ ਖੜ੍ਹੇ ਕਰ ਲਿਆ। ਉਹ ਮੁੱਕਰ ਗਏ। "ਬਾਬਾ ਜੀ ਕਿਹਾ— ਤੁਸੀਂ ਗੰਡਾ ਸਿੰਘ ਕੋਲੋਂ ਤਾਂ ਮੁੱਕਰ ਸਕਦੇ ਹੋ, ਪਰ ਜੋ ਸਰਬ ਵਿਆਪਕ ਸਤਿਗੁਰੂ ਰਾਮ ਸਿੰਘ ਹੈ ਉਸ ਨੂੰ ਤਾਂ ਤੁਹਾਡੀ ਹਰੇਕ ਹਰਕਤ ਦਾ ਪਤਾ ਹੈ- ਉਸ ਪਾਸੋਂ ਕਿਵੇਂ ਮੁੱਕਰੋਗੇ?" ਸਿਖਾਂ ਨੇ ਗਲਤੀ ਮੰਨ ਕੇ ਖੱਤਰੀ ਦੀ ਰਕਮ ਮੋੜ ਦਿਤੀ।"

ਸਿੱਖੀ ਦਾ ਰਸਤਾ ਸਮਤਾ ਮੂਲਕ ਮੰਜ਼ਿਲ ਵੱਲ ਵਧਦਾ ਹੈ। ਧਨ ਪਦਾਰਥ ਦਾ ਮਾਣ, ਅਭਿਮਾਨ ਪੈਦਾ ਕਰਦਾ ਹੈ। ਬਹੁਤੇ ਸਨੇਹੀ-ਸੱਜਣ ਹੋਣ ਦਾ ਮਾਣ ਵੀ ਮਨੁੱਖ ਨੂੰ ਹੰਕਾਰੀ ਬਣਾਉਂਦਾ ਹੈ। ਉਹ ਆਪਣਿਆਂ ਲਈ ਉਚੇਚ ਅਤੇ ਬੇਗਾਨਿਆਂ ਨਾਲ ਵਿਤਕਰਾ ਕਰਦਾ ਹੈ। ਖ਼ੁਦਪੁਰ (ਲਾਹੌਰ) ਦੇ ਕਈ ਸਿੰਘ ਸਮੇਤ ਪਰਿਵਾਰ ਬਾਬਾ ਜੀ ਪਾਸ ਇੱਬਣ ਰਹਿੰਦੇ ਸਨ। ਇਹਨਾਂ ਵਿਚੋਂ ਇਕ ਭਾਈ ਜਵਾਹਰ ਸਿੰਘ ਵੀ ਸਨ। ਉਹਨਾਂ ਨੇ ਆਪਣੇ ਪਿੰਡ


Namdhari Elibrary NamdhariElibrary@gm

ਖੁਦਪੁਰ ਵਿਖੇ ਸੰਗਤ ਦਾ ਇਕ ਲੰਗਰ ਕੀਤਾ। ਆਮ ਸੰਗਤ ਨੂੰ ਦਾਲ ਪਰਸ਼ਾਦਾ ਵਰਤਿਆ। ਭਾਈ ਜਵਾਹਰ ਸਿੰਘ ਦੀ ਮਾਤਾ ਨੇ ਆਪਣੇ ਕੁੜਮਾਂ ਤੋਂ ਆਏ ਨਾਈ ਨੂੰ ਬੋੜਵਾਂ (ਖੰਡ ਘਿਉ ਰਲਾ ਕੇ) ਦਿੱਤਾ। ਜਦੋਂ ਜਵਾਹਰ ਸਿੰਘ ਸੰਤਾਂ ਪਾਸ ਵਾਪਸ ਇੱਬਣ ਪੁੱਜਿਆ ਤਾਂ ਸੰਤ ਜੀ ਨੇ ਕਿਹਾ– 'ਜਵਾਹਰ ਸਿੰਘ ਤੂੰ ਦੋ ਲੰਗਰ ਕਿਉਂ ਕੀਤੇ ਹਨ?' ਜਵਾਹਰ ਸਿੰਘ ਨੂੰ ਮਾਤਾ ਵੱਲੋਂ ਬੋੜਵਾਂ ਦੇਣ ਦਾ ਪਤਾ ਨਹੀਂ ਸੀ। ਉਹ ਮੰਨਿਆ ਨਾ। ਸੰਤਾਂ ਦੇ ਕਹਿਣ ਤੇ ਜਦੋਂ ਉਸ ਸਿੱਖ ਭੇਜਕੇ ਪਤਾ ਕਰਵਾਇਆ ਤਾਂ ਸੰਤਾਂ ਦੇ ਲਾਏ ਵਿਤਕਰੇ ਵਾਲੇ ਦੋਸ਼ ਦੀ ਪੁਸ਼ਟੀ ਹੋਈ। ਅੱਗੇ ਤੋਂ ਸਿੱਖ ਨੇ ਅਜਿਹਾ ਵਿਤਕਰਾ ਕਰਨ ਤੋਂ ਤੋਬਾ ਕੀਤਾ।[2]

ਉਹਨਾਂ ਦਿਨਾਂ ਵਿਚ ਮਾਝੇ ਵਿਚ ਭਾਈ ਫੇਰੂ ਤੇ ਮਾਣਕ ਵਾਲੇ ਡੇਰੇ ਦੇ ਮਹੰਤ ਕਰਾਮਾਤੀ ਦੇ ਤੌਰ ਤੇ ਪ੍ਰਸਿੱਧ ਸਨ। ਭਾਈ ਚਤਰ ਸਿੰਘ ਰਾਮ ਕੇ ਖੂਹ (ਲਾਹੌਰ) ਨੇ ਨਾਮਧਾਰੀ ਸਜਣ ਤੋਂ ਬਾਅਦ ਮਾਣਕ ਦੇ ਮਹੰਤਾਂ ਦੇ ਚੇਲਿਆਂ ਦੇ, ਪੱਠੇ ਲੈਣ ਆਏ ਗੱਡੇ ਨੂੰ ਖਾਲੀ ਮੋੜ ਦਿੱਤਾ। ਮਹੰਤ ਨੇ ਕਿਹਾ ਕਿ ਜੇ ਸਾਨੂੰ ਪੱਠੇ ਨਹੀਂ ਦਿਓਗੇ ਤਾਂ ਦੁੱਧ ਤੁਸੀਂ ਵੀ ਨਹੀਂ ਚੋਵੋਗੇ। ਚਤਰ ਸਿੰਘ ਦੀਆਂ ਪੰਜ ਮੱਝਾਂ ਸੱਜਰ ਸੂਈਆਂ ਸਨ। ਸ਼ਾਮ ਨੂੰ ਮੱਝਾਂ ਨੇ ਜਾਅ ਨਾਂ ਝੱਲੇ। ਭਾਈ ਚਤਰ ਸਿੰਘ ਪਸ਼ੂਆਂ ਸਮੇਤ ਤੀਜੇ ਦਿਨ ਇੱਬਣ ਪੁੱਜ ਗਿਆ। ਹੁਣ ਪੰਜੇ ਮੱਝਾਂ ਦੁੱਧ ਦੇ ਰਹੀਆਂ ਸਨ। ਸੰਤਾਂ ਨੇ ਕਿਹਾ ਚਤਰ ਸਿੰਘ ਘਰ ਜਾਓ ਮੱਝਾਂ ਮਿਲਦੀਆਂ ਰਹਿਣਗੀਆਂ। ਪਰ ਸਿੱਖ ਨੇ ਪ੍ਰੇਮਵੱਸ ਇੱਬਣ ਦੇ ਡੇਰੇ ਨੂੰ ਹੀ ਮੱਝਾਂ ਸਉਂਪ ਦਿਤੀਆਂ। ਇਸ ਤਰ੍ਹਾਂ ਪੁਰਾਣੀਆਂ ਮਨਾਉਤਾਂ ਟੁਟ ਕੇ ਹੀ ਨਵੀਆਂ ਲਈ ਰਾਹ ਪੱਧਰਾ ਹੁੰਦਾ ਹੈ। ਬਾਬਾ ਗੰਡਾ ਸਿੰਘ ਜੀ ਨੂੰ ਨਾਮ ਦੀ ਦਾਤ, ਸਤਿਗੁਰੂ ਰਾਮ ਸਿੰਘ ਜੀ ਦੇ ਇਕ ਪਰਮੁੱਖ ਸੂਬੇ ਬ੍ਰਹਮਾ ਸਿੰਘ ਤੋਂ ਪ੍ਰਾਪਤ ਹੋਈ ਸੀ।[3]

ਬਾਬਾ ਗੰਡਾ ਸਿੰਘ ਜੀ ਇੱਬਣ ਦੀ ਮਹਿਮਾ ਇਸ ਸਮੇਂ ਦੂਰ ਦੂਰ ਤਕ ਫੈਲੀ ਹੋਈ ਸੀ। ਆਪ ਨੂੰ ਆਪਣੀ ਪ੍ਰਾਪਤੀ ਦੇ ਮਾਣ ਵਿਚ ਸੂਖਮ ਹੰਕਾਰ ਹੋ ਗਿਆ ਜੋ ਵਧਦਾ ਵਧਦਾ ਇਤਨਾ ਵਧ ਗਿਆ ਕਿ ਜਦੋਂ 'ਜੋਤ ਕਾ ਜਾਮਾ' ਗੁਰੂ ਹਰੀ ਸਿੰਘ ਜੀ ਆਪ ਦੀ ਸੋਅ ਸੁਣਕੇ, ਮਾਝੇ ਦੇ ਪਰਚਾਰ ਦੌਰੇ ਸਮੇਂ, ਆਪ ਪਾਸ ਇੱਬਣ ਪਿੰਡ ਵਿਚ ਪੁੱਜੇ ਤਾਂ ਅਭਿਮਾਨ ਵੱਸ ਹੋਕੇ, ਬਾਬਾ ਜੀ ਆਪਣੇ ਮੰਜੇ ਤੋਂ ਹੀ ਨਾ ਉੱਠੇ ਅਤੇ ਸਤਿਗੁਰੂ-ਸਤਿਕਾਰ ਤੋਂ ਵਿਰਵੇ ਰਹਿ ਗਏ। ਇਸ ਦਿਨ ਤੋਂ ਬਾਅਦ ਸੰਗਤ ਵਿਚ ਵੀ ਬਾਬਾ ਜੀ ਦਾ ਆਦਰ-ਸਤਿਕਾਰ ਖ਼ਤਮ ਹੋ ਗਿਆ। ਸ਼ਾਇਦ ਉਹਨਾਂ ਨੂੰ ਮਿਲੇ 12 ਸਾਲ ਦਾ ਸਮਾਂ ਵੀ ਪੂਰਾ ਹੋ ਗਿਆ ਸੀ। ਇਹ ਦੌਰਾ ਗੁਰੂ ਹਰੀ ਸਿੰਘ ਜੀ ਨੇ 1892 ਈ. ਵਿਚ ਦੀਪਮਾਲਾ ਅੰਮ੍ਰਿਤਸਰ ਤੇ ਜਾਣ ਲਈ ਕੀਤਾ ਸੀ।" ਇਸ ਤਰ੍ਹਾਂ ਮਾਝੇ ਦੀ ਨਾਮਧਾਰੀ ਸੰਗਤ ਵਿਚ ਬਾਬਾ ਗੰਡਾ ਸਿੰਘ ਦਾ ਤੇਜ ਪ੍ਰਤਾਪ 1880 ਈ. ਤੋਂ 1892 ਈ. ਤੱਕ ਬਣਿਆ ਰਿਹਾ। ਉਹਨਾਂ ਨੇ ਭਜਨ 1870 ਈ. ਵਿਚ ਲਿਆ ਹੋਵੇਗਾ ਅਤੇ ਆਪ ਦਾ ਜਨਮ ਅੰਦਾਜ਼ਨ 1840-45 ਈ. ਵਿਚ ਹੋਵੇਗਾ। ਆਪ ਦਾ ਚਲਾਣਾ ਵੀਹਵੀਂ ਸਦੀ ਦੇ ਬਿਲਕੁਲ ਪਹਿਲੇ ਦੂਜੇ ਸਾਲਾਂ ਤੱਕ ਹੋਇਆ ਮਾਲੂਮ ਹੁੰਦਾ ਹੈ। ਹੋ ਸਕਦਾ ਹੈ ਪਿਛਲੀ ਸਦੀ ਦਾ ਆਖਰੀ ਸਾਲ ਹੋਵੇ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਚਪਨ ਵਿਚ ਉਹਨਾਂ ਦੇ ਦਰਸ਼ਨ ਕੀਤੇ ਸਨ। ਉਹਨਾਂ ਦੇ ਹੱਥ ਹਿੱਲਦੇ ਰਹਿੰਦੇ ਸੀ। ਪਰਸ਼ਾਦਾ ਆਪ ਨਹੀਂ ਛਕ ਸਕਦੇ ਸਨ।" ਸਤਿਗੁਰੂ ਜੀ ਬਾਬਾ ਜੀ ਦੀਆਂ ਅਜ਼ਮਤਾਂ ਦੀ ਮੁਕਤ-ਕੰਠ ਨਾਲ ਪਰਸੰਸਾ ਵੀ ਕਰਦੇ ਹਨ।

ਬਾਬਾ ਗੰਡਾ ਸਿੰਘ ਜੀ ਤੋਂ ਹੀ ਵਰੋਸਾਏ ਅਤੇ ਉਹਨਾਂ ਦੀ ਅਧਿਆਤਮਕ ਸ਼ਕਤੀ ਦੇ ਅਗਲੇ ਵਾਰਿਸ, ਬਾਬਾ ਵਸਾਵਾ ਸਿੰਘ ਪਿੰਡ ਜੀਆ ਬੱਗਾ ਬੇਸ਼ਕ ਆਪਣੇ ਸਹੁਰੇ ਪਰਿਵਾਰ ਦੀ ਮਾਰਫ਼ਤ, ਕਛਹਿਰੇ ਦੀ ਮਰਿਆਦਾ ਦੇ ਧਾਰਨੀ ਬਣੇ, ਪਰ ਅਜੇ ਨਾਮਧਾਰੀਪੁਣੇ ਵਿਚ ਕੱਚੇ ਪੱਕੇ ਹੀ ਸਨ। ਜੀਆ ਬੱਗਾ ਵੀ ਲਾਹੌਰ ਜ਼ਿਲ੍ਹੇ ਦਾ ਹੀ ਇਕ ਉੱਘਾ ਪਿੰਡ ਹੈ ਜਿੱਥੋਂ ਦੇ ਇਕ ਵਾਹੀਵਾਨ ਈਸ਼ਰ ਸਿੰਘ ਦੇ ਘਰ ਵਸਾਵਾ ਸਿੰਘ 1850 ਈ. ਦੇ ਲਾਗੇ ਸ਼ਾਗੇ ਪੈਦਾ ਹੋਏ। ਪੰਝੀ ਕੁ ਵਰ੍ਹਿਆਂ ਦੀ ਉਮਰ ਵਿਚ ਆਪ ਦਾ ਅਨੰਦ ਕਾਰਜ, ਮਾਣਕ ਡੇਰੇ ਦੇ ਮਹੰਤ ਭਾਈ ਆਤੂ ਦੀ ਵਿਚੋਲਗੀ ਕਾਰਨ ਲੋਪੋਕੀ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਇਹ ਘਰ ਨਾਮਧਾਰੀ ਸਿੱਖਾਂ ਦਾ ਸੀ। ਅਨੰਦ ਕਾਰਜ ਸਮੇਂ ਕਛਹਿਰਾ ਪਹਿਨ ਲਿਆ, ਘਰ ਆਕੇ ਫਿਰ ਲੁੰਗੀ ਬੰਨ੍ਹ ਲਈ ਤੇ ਕਛਹਿਰਾ ਤਿਆਗ ਦਿਤਾ। ਪਿੰਡ ਦੇ ਦੂਜੇ ਪਾਸੇ ਬੱਗੇ ਦੇ ਵਣਾਂ ਹੇਠ, ਮੰਜੀ ਡਾਹ ਕੇ ਦੁਪਹਿਰਾ ਕੱਟਣਾ ਚਾਹਿਆ। ਪ੍ਰਚਲਿਤ ਰਵਾਇਤ ਮੁਤਾਬਿਕ ਸੰਤ ਹੇਠਾਂ ਤੇ ਮੰਜੀ ਉੱਪਰ। ਜਦੋਂ ਘਰ ਆਕੇ ਫਿਰ ਕਛਹਿਰਾ ਪਹਿਰਿਆ ਤਾਂ ਭਾਰ ਮੁਕਤ ਹੋਏ। ਹੁਣ ਆਪ ਬਾਬਾ ਜਮੀਅਤ ਸਿੰਘ ਕਾਹਨਾ ਪਾਸ ਹਾਜ਼ਰ ਹੋਏ ਕਿ ਬੰਦ-ਖ਼ਲਾਸ ਕਰੋ। ਉਹਨਾਂ ਇੱਬਣ ਬਾਬਾ ਗੰਡਾ ਸਿੰਘ ਜੀ ਵੱਲ ਤੋਰ ਦਿਤਾ।

ਸੰਤਾਂ ਦਾ ਦਰਸ਼ਨ ਕੀਤਾ ਅਤੇ ਆਪਣੇ ਆਉਣ ਦਾ ਮਨੋਰਥ ਦੱਸਿਆ। ਸਾਧੂਆਂ ਦੀਆਂ ਰਮਜ਼ਾਂ ਸਾਧੂ ਹੀ ਜਾਣਦੇ ਹਨ। ਬਾਬਾ ਗੰਡਾ ਸਿੰਘ ਜੀ ਨੇ ਵਸਾਵਾ ਸਿੰਘ ਹੋਰਾਂ ਨੂੰ ਕਿਹਾ– "ਤੁਸੀਂ ਮਾਝੇ ਵਿਚ ਦਸ (10) ਸਾਡੇ ਚੋਰ ਹੋ।" ਵਸਾਵਾ ਸਿੰਘ ਜੀ ਨੇ ਵੀ ਉਸੇ ਭਾਸ਼ਾ ਵਿਚ ਜੁਆਬ ਦਿਤਾ– ਦਸ ਚੋਰਾਂ ਨਾਲ ਤਾਂ ਫੇਰ ਵੇਖੀ


NamdhariElibrary NamdhariElibrary@gmail.com

ਜਾਏਗੀ ਪਹਿਲਾਂ ਮੇਰਾ ਜਿੰਦਰਾ ਤਾਂ ਖੋਹਲੋ। ਸਵਾ ਮਣ ਪੱਕੇ ਦਾ ਜਿੰਦਰਾ ਮੈਨੂੰ ਲੱਗਾ ਹੋਇਆ ਹੈ, ਜੇ ਖੋਹਲ ਦਿਓ ਤਾਂ .......।" ਸੰਤਾਂ ਨੇ ਦਸ ਘੜੀਆਂ ਰਾਤ ਗੁਜ਼ਰੀ ਬਾਦ ਜਿੰਦਰਾ ਖੋਹਲਣ ਲਈ ਕਿਹਾ।[6]

ਮਿੱਥੇ ਵਕਤ ਤੇ ਸੰਤਾਂ ਦੀ ਐਸੀ ਕ੍ਰਿਪਾ ਹੋਈ ਕਿ ਵਸਾਵਾ ਸਿੰਘ ਹੋਰਾਂ ਨੂੰ ਉਹਨਾਂ ਦੇ ਮਨੋਰਥ ਦੀ ਪੂਰਤੀ ਹੋਈ ਭਾਸ ਗਈ। ਸੰਤਾਂ ਨੇ ਵਸਾਵਾ ਸਿੰਘ ਨੂੰ ਹੁਕਮ ਕੀਤਾ ਕਿ ਦੋ ਸਾਲ ਇੱਥਣ ਰਹਿਕੇ ਸੇਵਾ ਕਰੇ। ਫਿਰ ਦੋ ਸਾਲ ਆਪਣੇ ਪਿੰਡ ਬਤੀਤ ਕਰੇ ਅਤੇ ਫਿਰ ਦੋ ਸਾਲ ਹੋਰ ਇੱਥਣ ਆਕੇ ਲਾਉਣੇ। ਦੋ ਸਾਲ ਬਾਬਾ ਵਸਾਵਾ ਸਿੰਘ ਨੇ ਤਨ ਮਨ ਨਾਲ ਸੰਤ ਜੀ ਅਤੇ ਡੇਰੇ ਦੀ ਸੇਵਾ ਕੀਤੀ। ਪਿੰਡ ਜਾਕੇ ਉਹ ਜੀਏ ਬੱਗੇ ਵਾਲੇ ਭਾਈਚਾਰੇ ਦੇ ਰਾਵੀ ਕੰਢੇ ਵੱਸੇ, ਦੂਸਰੇ ਪਿੰਡ ਖੁਦਪੁਰ ਚਲੇ ਗਏ। ਸਾਰੀ ਰਾਤ ਰਾਵੀ ਦੇ ਲੱਕ ਲੱਕ ਪਾਣੀ ਵਿਚ ਖਲੋ ਕੇ ਬੰਦਗੀ ਕਰਦੇ ਰਹਿਣਾ । ਦਿਨੇ ਭਾਈ ਜਵਾਹਰ ਸਿੰਘ ਦੇ ਘਰ ਨਾਮ ਜਪਣਾ। ਇਉਂ ਚਾਲੀ ਦਿਨ ਦਾ ਚਿਲਾ ਕੱਟਕੇ ਫਿਰ ਇੱਥਣ ਬਾਬਾ ਜੀ ਦੇ ਸੇਵਾ ਵਿਚ ਹਾਜ਼ਰ ਹੋ ਗਏ। ਦੋ ਸਾਲ ਬਾਅਦ ਆਪ ਫਿਰ ਜੀਏ ਬੱਗੇ ਆ ਗਏ। ਹੁਣ ਆਪ ਹਰ ਤਰ੍ਹਾਂ ਨਾਲ ਕਾਮਲ ਪੁਰਖ ਬਣ ਚੁੱਕੇ ਸਨ। ਆਪ ਦਾ ਬਾਬਾ ਗੰਡਾ ਸਿੰਘ ਦੀ ਸ਼ਰਨ ਵਿਚ ਜਾਣ ਦਾ ਸਮਾਂ ਅੰਦਾਜ਼ਨ 1885-88 ਈ. ਦੇ ਦਰਮਿਆਨ ਬਣਦਾ ਹੈ ਅਤੇ 1892 ਈ. ਤੋਂ ਪਹਿਲਾਂ ਆਪ 'ਗੁਰੂ ਕੀ ਕਾਰ' ਨਾਲ ਮਾਲਾ-ਮਾਲ ਹੋ ਕੇ ਵਾਪਿਸ ਆਪਣੇ ਪਿੰਡ ਜੀਏ ਬੱਗੇ ਪੁੱਜ ਚੁੱਕੇ ਸਨ।

ਹੁਣ ਬਾਬਾ ਜੀ ਦੇ ਜਪ ਤਪ ਦੀ ਮਹਿਮਾ ਆਲੇ ਦੁਆਲੇ ਫੈਲ ਗਈ। ਆਪ ਦੇ ਡੇਰੇ ਤੇ ਨਾਮ ਅਭਿਲਾਖੀਆਂ ਦੀਆਂ , ਦੁਨਿਆਵੀ ਰੋਗ ਸੋਗ ਦੀ ਤ੍ਰਿਪਤੀ ਚਾਹੁਣ ਵਾਲਿਆਂ ਦੀਆਂ, ਭੀੜਾਂ ਜੁੜਦੀਆਂ ਰਹਿੰਦੀਆਂ। ਆਪ ਰੋਗੀਆਂ ਨੂੰ ਰੋਗ ਮੁਕਤ ਕਰਦੇ। ਉਹਨਾਂ ਨੂੰ ਸੁਚੱਜੀ ਜੀਵਨ ਜਾਚ ਵੱਲ ਪਰੇਰਕੇ, ਅਨੇਕ ਆਧੀਆਂ ਬਿਆਧੀਆਂ ਤੋਂ ਮੁਕਤ ਕਰ ਦਿੰਦੇ। ਸਾਤਵਿਕ ਭੋਜਨ, ਉੱਚ ਨੈਤਿਕ ਜੀਵਨ, ਨਸ਼ਾ ਮੁਕਤ ਰਹਿਣ ਦੇ ਉਪਦੇਸ਼ ਨਾਲ ਅਨੇਕਾਂ ਦਾ ਕਾਇਆ ਕਲਪ ਕਰ ਦਿੰਦੇ। ਆਪਣੇ ਪੁੱਤਰਾਂ ਨੂੰ ਦੁਨਿਆਵੀ ਰੰਗ ਤਮਾਸ਼ੇ ਵੇਖਣ ਤੋਂ ਮਨ੍ਹਾ ਕਰਦੇ। ਜਿਹੜੇ ਨਾ ਮੰਨਦੇ ਉਹ ਵੀ ਖਵਾਰ ਹੋਕੇ ਫਿਰ ਆਪ ਦੀ ਸ਼ਰਨ ਵਿਚ ਆ ਜਾਂਦੇ। ਆਪ ਜੀ ਦੇ ਚਾਰ ਸਪੁੱਤਰ ਸਨ ਸਾਧੂ ਸਿੰਘ ਸੰਤਾ ਸਿੰਘ ਆਦਿਕ। ਸੰਤਾ ਸਿੰਘ ਦਾ ਪਰਿਵਾਰ ਕਰੀਵਾਲਾ (ਸਿਰਸਾ) ਅਤੇ ਸਾਧੂ ਸਿੰਘ ਤੇ ਬਾਕੀ ਦੋਹਾਂ ਦਾ ਗੰਗਾ ਨਗਰ (ਰਾਜਸਥਾਨ) ਵਿਚ ਹੈ। ਅੰਤ ਸਮੇਂ ਸਿੰਘਣੀ ਨੂੰ ਕਹਿਣ ਲੱਗੇ ਕਿ ਸਾਡੇ ਨਾਲ ਜਾਣਾ ਹੈ ਕਿ ਪੁੱਤਰਾਂ ਨਾਲ ਆਵੇਂਗੀ ? ਮਾਤਾ ਨੇ ਕਿਹਾ ਕਿ ਹੁਣੇ ਤਾਂ ਜੀਵਨ ਦਾ ਅਨੰਦ ਆਉਣਾ ਸ਼ੁਰੂ ਹੋਇਆ ਹੈ ਨਾ ਆਪ ਜਾਂਵਾਂਗੀ ਨਾ ਤੁਹਾਨੂੰ ਜਾਣ ਦਿਆਂਗੀ।" ਸੰਤ ਜੀ ਨੇ ਕਿਹਾ— "ਮੈਂ ਤੇਰੇ ਵੱਸ ਨਹੀਂ, ਸਗੋਂ ਤੂੰ ਮੇਰੇ ਵੱਸ ਹੈ। ਚੰਗਾ ਮੈਂ ਤਾਂ ਜਾਵਾਂਗਾ ਤੂੰ ਅਨੰਦ ਮਾਣ ਕੇ ਹੀ ਆਈਂ। ਸੰਤ ਜੀ ਗੁਜ਼ਰ ਗਏ। ਪੁੱਤ੍ਰ ਬਾਅਦ ਵਿਚ ਮਾਤਾ ਦਾ ਅੰਤ ਠੀਕ ਨਾ ਬੀਤਿਆ।[7]

ਸੰਤ ਵਸਾਵਾ ਸਿੰਘ ਜੀ ਤੋਂ ਬਾਅਦ ਇਹ ਗੁਰੂ ਕੀ ਕਾਰ, ਲਾਹੌਰ ਜ਼ਿਲ੍ਹੇ ਦੇ ਹੀ ਨਾਮਧਾਰੀਆਂ ਦੇ ਮਸ਼ਹੂਰ ਪਿੰਡ ਮਾਂਗਾ ਦੇ ਇਕ ਕਿਸਾਨ ਹੀਰਾ ਸਿੰਘ ਦੇ ਪੁੱਤਰ ਸੰਤ ਜੈਮਲ ਸਿੰਘ ਵਿਚ ਆਈ। ਮਾਂਗਾ ਪਿੰਡ ਵਿਚ ਸਰਕਾਰੀ ਰੀਕਾਰਡ ਮੁਤਾਬਿਕ ਤਿੰਨ ਮਹੱਤਵਪੂਰਨ ਕੂਕਾ ਆਗੂਆਂ ਦਾ ਜ਼ਿਕਰ ਮਿਲਦਾ ਹੈ। 1820 ਈ. ਵਿਚ ਜਨਮਿਆ ਜੀਤ ਸਿੰਘ ਪੁੱਤਰ ਸੋਭਾ ਸਿੰਘ ਖੇਤੀ ਅਤੇ ਸ਼ਾਹੂਕਾਰਾ ਕਰਦਾ ਸੀ। ਉਸਨੂੰ 1865 ਈ. ਵਿਚ ਸਤਿਗੁਰੂ ਰਾਮ ਸਿੰਘ ਤੋਂ ਨਾਮ ਦਾਨ ਪ੍ਰਾਪਤ ਹੋਇਆ। ਸੰਨ 1879 ਈ. ਵਿਚ ਕੂਕਾ ਸਰਗਰਮੀਆਂ ਵਿਚ ਭਾਗ ਲੈਣ ਸਦਕਾ, ਉਸ ਤੋਂ ਨੇਕ ਚਲਨੀ ਦੀ ਜ਼ਮਾਨਤ ਲਈ ਗਈ ਸੀ। ਸਰਕਾਰੀ ਰੀਕਾਰਡ ਮੁਤਾਬਿਕ ਉਹ ਇਲਾਕੇ ਵਿਚ ਅਸਰ ਰਸੂਖ ਵਾਲਾ ਹੈ ਅਤੇ ਪੰਜਾਬ ਵਿਚ ਲੋਕਾਂ ਦਾ ਆਪਣਾ ਭਾਵ ਸਿੱਖ-ਰਾਜ ਕਾਇਮ ਹੋਣ ਦੀ ਭਵਿੱਖ ਬਾਣੀ ਕਰਦਾ ਰਹਿੰਦਾ ਹੈ। ਰਤਨ ਸਿੰਘ ਦਾ ਪੁੱਤਰ ਬੂਟਾ ਸਿੰਘ ਲੰਬੜਦਾਰ ਹੈ। ਇਸ ਦਾ ਜਨਮ 1832 ਈ. ਦਾ ਹੈ। ਇਹ ਫ਼ਾਰਸੀ ਅਤੇ ਗੁਰਮੁਖੀ ਦੋ ਭਾਸ਼ਾਵਾਂ ਜਾਣਦਾ ਹੈ। ਇਲਾਕੇ ਵਿਚ ਅਸਰ ਰਸੂਖ ਰੱਖਣ ਵਾਲਾ ਅਮੀਰ ਆਦਮੀ ਹੈ ਅਤੇ ਆਪਣੇ ਸਹਿ-ਧਰਮੀਆਂ ਦੀ ਮੱਦਦ ਲਈ ਹਮੇਸ਼ਾਂ ਤਿਆਰ ਰਹਿੰਦਾ ਹੈ। ਤੀਸਰਾ ਆਦਮੀ ਹਰਸਾ ਸਿੰਘ ਵੀ ਬੂਟਾ ਸਿੰਘ ਜਿਉਂ ਸੂਬਾ ਹੈ, ਇਸ ਦਾ ਜਨਮ ਸਾਲ 1835 ਈ. ਹੈ। ਇਹ 1877 ਈ. ਵਿਚ ਕੂਕਾ ਬਣਿਆ ਅਤੇ 1879 ਵਿਚ ਇਸਨੂੰ ਸੂਬਾ ਥਾਪਿਆ ਗਿਆ। ਇਹ ਵੀ ਰਸੂਖਦਾਰ ਵਿਅਕਤੀ ਹੈ। ਸਿੱਖ ਰਾਜ ਕਾਇਮ ਹੋਣ ਦੀਆਂ ਗੱਲਾਂ ਕਰਨ ਤੇ ਇਸ ਦੀ ਵੀ ਜ਼ਮਾਨਤ 1879 ਈ. ਵਿਚ ਮੰਗੀ ਗਈ ਸੀ।[8] ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ, ਉੱਘੇ ਨਾਮਧਾਰੀ ਪਰਚਾਰਕ ਅਤੇ ਫਲਾਸਫਰ ਸੰਤ ਫਤੇਹ ਸਿੰਘ ਜੀ ਵੀ ਮਾਂਗਾ ਦੇ ਹੀ ਸਨ।

ਉਪਰੋਕਤ ਦਸਤਾਵੇਜ਼ੀ ਵੇਰਵੇ ਮਾਂਗਾ ਪਿੰਡ ਦੀ ਕੂਕਾ ਅੰਦੋਲਨ ਵਿਚ ਭੂਮਿਕਾ ਦੀ ਨਿਸ਼ਾਨ-ਦੇਹੀ ਕਰਦੇ ਹਨ। ਅੰਦੋਲਨ ਵਿਚ ਕੁਝ ਪ੍ਰਤੱਖ ਬਾਹਰ ਮੁਖੀ ਸਿਆਸੀ ਝੁਕਾਅ ਵਾਲੇ ਕਾਰਜ-ਕਰਤਾ ਵੀ ਹੁੰਦੇ ਹਨ ਅਤੇ ਕੁਝ ਅੰਤਰ-ਮੁਖੀ

ਅਧਿਆਤਮਿਕ ਰੁਚੀਆਂ ਵਾਲੇ ਸਾਧੂ ਸੰਤ ਵੀ। ਅਸੀਂ ਮਾਂਗੇ ਦੇ ਇਹਨਾਂ ਪਹੁੰਚੇ ਹੋਏ ਦੋ ਸਾਧੂਆਂ ਤੱਕ ਆਪਣੀ ਚਰਚਾ ਨੂੰ ਸੀਮਿਤ ਰੱਖਾਂਗੇ। ਬਾਬਾ ਜੈਮਲ ਸਿੰਘ ਦਾ ਜਨਮ 1852 ਈ. ਦਾ ਸੀ। ਸੋਲਾਂ ਕੁ ਸਾਲ ਦੀ ਉਮਰ ਵਿਚ ਸਨ ਜਦੋਂ ਸਤਿਗੁਰੂ ਰਾਮ ਸਿੰਘ ਜੀ ਮਾਂਗੇ ਆਏ ਸਨ। ਬਾਬਾ ਜੀ ਦੇ ਸ਼ਬਦਾਂ ਵਿਚ "ਆਪ ਦੇ ਮੈਂ ਰੱਜਵੇਂ ਦਰਸ਼ਨ ਕੀਤੇ ਹਨ, ਪਰ ਭੁੱਖ ਨਹੀਂ ਲੱਥਦੀ, ਉਹਨਾਂ ਦੇ ਦਰਸ਼ਨਾਂ ਨਾਲ ਸਗੋਂ ਚਮਕਦੀ ਏ। ਆਪ ਦਾ ਅਦਭੁੱਤ ਜਾਹੋ ਜਲਾਲ ਤੱਕ ਕੇ ਮੈਂ ਭੀ ਨਾਮਧਾਰੀ ਹੋ ਗਿਆ। ਮੈਨੂੰ ਭਜਨ ਉਸ ਵੇਲੇ ਦੇ ਇਕ ਸੂਬੇ ਨੇ ਦਿਤਾ ਸੀ। ਥੋੜ੍ਹਾ ਚਿਰ ਕੱਛ ਰੱਖਕੇ ਫਿਰ ਲਾਹ ਦਿਤੀ ਤੇ ਸਤਿਗੁਰਾਂ ਦੇ ਪ੍ਰਦੇਸ਼ ਗਵਨ ਬਾਦ ਮੈਂ ਕੱਛ ਦਾ ਵਿਰੋਧੀ ਹੋ ਗਿਆ। ਤੰਬੋਲੀ ਕੇ ਖੂਹਾਂ ਵਾਲੇ ਸਿੱਖ, ਬਾਬਾ ਵਸਾਵਾ ਸਿੰਘ ਜੀ ਤੋਂ ਵਰੋਸਾਏ ਸਨ। ਇਕ ਦਿਨ ਮੈਨੂੰ ਬਦੋਬਦੀ ਸੰਤਾਂ ਦੇ ਦੀਵਾਨ ਵਿਚ ਲੈ ਗਏ ਤੇ ਅਰਜ਼ ਕੀਤੀਓ ਨੇ– 'ਬਾਬਾ ਜੀ! ਇਹ ਸਾਡੀਆਂ ਕੱਛਾਂ ਲਾਹ ਦਿੰਦਾ ਏ, ਇਹਨੂੰ ਵੀ ਨੱਥੋ। ਸੰਤਾਂ ਨੇ ਮੇਰੇ ਵੱਲ ਮੇਹਰਾਂ ਭਰੀ ਨਿਗਾਹ ਕੀਤੀ। ਮੈਂ ਅਰਜ਼ ਕੀਤੀ– ਗੁਰੂ ਗੋਬਿੰਦ ਸਿੰਘ ਤੇ ਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਾ ਦਿਓ, ਫਿਰ ਉਸੇ ਵੇਲੇ ਭਜਨ ਪੁੱਛਕੇ ਸਿੰਘ ਸਜ ਜਾਵਾਂਗਾ। ਸੰਗਤ ਨੇ ਆਖਿਆ ਬੜੀ ਕਾਹਲੀ ਊ, ਕੋਈ ਜਪ ਨਹੀਂ ਤਪ ਨਹੀਂ, ਏਡੀ ਛੇਤੀ ਦਰਸ਼ਨ? ਸੰਤਾਂ ਨੇ ਸੰਗਤ ਨੂੰ ਕਿਹਾ– ਭਾਈ ਜੱਟੀ ਭਾਂਡਾ ਖਰੀਦਨ ਲੱਗੀ ਸੌ ਸੌ ਠੂੰਗੇ ਲਾਂਦੀ ਏ, ਹੇਠੋਂ ਉਪਰੋਂ ਉਲਟਾ ਪੁਲਟਾ ਕੇ ਸੌ ਸੌ ਵਾਰ ਵੇਖਦੀ ਏ, ਫਿਰ ਵੀ ਪਸੰਦਗੀ ਦੀ ਗੱਲ ਏ, ਘਾਬਰੋ ਨਾ! ਫਿਰ ਬਾਬਾ ਜੀ ਨੇ ਮੈਨੂੰ ਆਖਿਆ-ਭਜਨ ਪੁੱਛ ਲੈ ਤੇ 40 ਦਿਨ ਇਕਾਂਤ ਬਹਿਕੇ ਕਰ, ਫਿਰ ਜਿਹਨੂੰ ਜੀ ਚਾਹੀਂ ਮਿਲ ਲਈਂ, ਦਰਸ਼ਨ ਕਰ ਲਈਂ ਪਰਸ਼ਨ ਕਰ ਲਈਂ।'"[9]

ਜੱਕੋ ਤੱਕੇ ਜਿਹੇ ਵਿਚ ਜੈਮਲ ਸਿੰਘ ਰਾਵੀ ਦੇ ਕੰਢੇ ਆ ਗਏ। ਓੜਕ ਦੁਬਿਧਾ ਛੱਡਕੇ ਬੰਦਗੀ ਵਿਚ ਜੁੱਟ ਗਏ। ਸੱਤਵੀਂ ਰਾਤ ਮੁੱਕਣ ਵਿਚ ਇਕ ਪਹਿਰ ਰਹਿੰਦਾ ਸੀ ਜਦੋਂ ਮਨ ਦੇ ਫੁਰਨੇ ਪੂਰੇ ਹੋਣੇ ਸ਼ੁਰੂ ਹੋ ਗਏ। ਗੁਰੂ ਦਰਸ਼ਨਾਂ ਨਾਲ ਸੁੱਧ ਬੁੱਧ ਭੁੱਲ ਗਈ। ਕਦੇ ਰੋਈ ਜਾਣ ਕਦੇ ਹੱਸੀ ਜਾਣ। ਬੇਸੁਧੀ ਦੇ ਇਸੇ ਆਲਮ ਵਿਚ ਜੀਏ ਬੱਗੇ ਸੰਤ ਵਸਾਵਾ ਸਿੰਘ ਜੀ ਦੇ ਦਰਸ਼ਨ ਆ ਕੀਤੇ। ਉੱਥੇ ਵੀ ਰਾਵੀ ਦੇ ਕੰਢੇ ਵਾਲੀ ਖੇਡ ਵਰਤਦੀ ਵੇਖੀ। ਸੱਤ ਸਾਲ ਲਗਾਤਾਰ ਬਾਬਾ ਵਸਾਵਾ ਸਿੰਘ ਜੀ ਦੀ ਸੰਗਤ ਵਿਚ ਰਹੇ।

ਇਕ ਵੇਰ ਸੰਤ ਜੈਮਲ ਸਿੰਘ ਦੀ ਸਿੰਘਣੀ ਅਤੇ ਮਾਤਾ ਦੂਜੇ ਪਿੰਡ ਦੇ ਇਕ ਸਿੰਘ ਨਾਲ ਜੀਏ ਬੱਗੇ ਪੁੱਜੀਆਂ ਤੇ ਸੰਤਾਂ ਨੂੰ ਬੇਨਤੀ ਕੀਤੀ ਕਿ ਜੈਮਲ ਸਿੰਘ ਨੂੰ ਘਰ ਭੇਜਣ ਦੀ ਛੁੱਟੀ ਦਿਓ। ਸੰਤ ਜੀ ਨੇ ਛੁੱਟੀ ਦੇ ਦਿਤੀ। ਪਰ ਇਹ ਨਾ ਗਏ। ਮਾਤਾ ਤੇ ਸਿੰਘਣੀ ਮੁੜ ਗਈਆਂ। ਇਸ ਤੋਂ ਪੰਦਰਾਂ ਦਿਨਾਂ ਬਾਅਦ ਆਪ ਸੰਤ ਵਸਾਵਾ ਸਿੰਘ ਜੀ ਨਾਲ ਬਾਹਰ ਕਿਆਰੇ ਤੇ ਸਿੱਟੇ ਛੁੰਗਣ ਗਏ। ਜਵਾਰ ਦੀਆਂ ਦੋ ਪੂਲੀਆਂ ਸਨ। ਦੋਵੇਂ ਇੱਕ ਇੱਕ ਨੂੰ ਛੁੰਗ ਰਹੇ ਸਨ ਭਾਵ ਜਵਾਰ ਦੇ ਟਾਂਡੇ ਨਾਲੋਂ ਸਿੱਟਾ ਦਾਤਰੀ ਨਾਲ ਅਲਹਿਦਾ ਕਰ ਰਹੇ ਸਨ। ਕੁਝ ਸਮੇਂ ਬਾਅਦ ਸੰਤ ਵਸਾਵਾ ਸਿੰਘ ਜੀ ਨੇ ਕਿਹਾ ਕਿ ਜੈਮਲ ਸਿੰਘ ਜੀ ਅੱਜ ਮਾਲਕ ਮੈਨੂੰ ਸਿੱਟੇ ਨਹੀਂ ਛੁੰਗਣ ਦਿੰਦਾ। ਜੈਮਲ ਸਿੰਘ ਹੋਰਾਂ ਕਿਹਾ-ਮੈਨੂੰ ਤਾਂ ਕਹਿੰਦਾ ਏ ਛੁੰਗੀ ਹੀ ਚੱਲ।" ਇਸ ਘਟਨਾ ਤੋਂ ਬਾਅਦ 'ਗੁਰੂ ਕੀ ਕਾਰ' ਦਾ ਪ੍ਰਵੇਸ਼ ਬਾਬਾ ਵਸਾਵਾ ਸਿੰਘ ਜੀ ਹੋਰਾਂ ਦੀ ਬਜਾਏ ਬਾਬਾ ਜੈਮਲ ਸਿੰਘ ਵਿਚ ਹੋ ਗਿਆ। ਹੁਣ ਵਸਾਵਾ ਸਿੰਘ ਜੀ ਵੀ ਜੈਮਲ ਸਿੰਘ ਹੋਰਾਂ ਦਾ ਬਚਨ ਮੰਨਣ ਲੱਗ ਪਏ ਅਤੇ ਹਰ ਕੰਮ ਉਹਨਾਂ ਤੋਂ ਪੁੱਛ ਕੇ ਹੀ ਕਰਦੇ। ਚਾਲੀ ਦਿਨ ਦੋਵੇਂ ਸਾਧੂ ਇੱਕਠੇ ਰਹੇ ਅਤੇ ਫਿਰ ਜੈਮਲ ਸਿੰਘ ਜੀ ਮਾਂਗੇ ਪਿੰਡ ਦੇ ਇਕ ਟਿੱਬੇ ਤੇ ਆ ਬੈਠੇ।

ਇੱਥੇ ਸੰਤ ਜੈਮਲ ਸਿੰਘ ਹੋਰਾਂ ਦੀ ਸੋਅ ਚਾਰ ਚੁਫੇਰੇ ਫੈਲਣ ਲੱਗ ਪਈ। ਜਿਸ ਤਰ੍ਹਾਂ ਸੰਗਤ ਪਹਿਲਾਂ ਇੱਥਣ ਅਤੇ ਫਿਰ ਜੀਏ ਬੱਗੇ ਜਾਂਦੀ ਸੀ ਹੁਣ ਮਾਂਗੇ ਦੇ ਟਿੱਬੇ ਤੇ ਆਉਣ ਲੱਗ ਪਈ। ਸੰਤ ਜੀ ਤੇ ਦਿਨੋ-ਦਿਨ ਮਸਤੀ ਚੜ੍ਹਦੀ ਗਈ। ਨਾਮ ਬਾਣੀ ਵਾਲਿਆਂ ਦੀਆਂ ਭੀੜਾਂ ਆਪ ਪਾਸ ਜੁੜੀਆਂ ਰਹਿੰਦੀਆਂ। ਕਈ ਸਿੰਘ ਮੱਝਾਂ ਗਾਵਾਂ ਵੀ ਅਰਦਾਸ ਕਰਾ ਜਾਂਦੇ। ਲੋਹ ਲੰਗਰ ਚੱਲਦਾ ਰਹਿੰਦਾ। ਆਏ ਗਏ ਸੱਜਣ ਜਲ ਪਾਣੀ ਪਰਸ਼ਾਦਾ ਛਕਦੇ।

ਬਾਬਾ ਜੀ ਨਾਲ ਤਫਸੀਲ ਵਿਚ ਮੁਲਾਕਾਤ 1941 ਈ. ਦੀਆਂ ਗਰਮੀਆਂ ਵਿਚ ਪ੍ਰੀਤਮ ਸਿੰਘ ਜੀ ਕਵੀ ਨੇ ਕੀਤੀ ਸੀ ਜਿਸ ਦੇ ਅਧਾਰ ਤੇ ਉਹਨਾਂ ਸੰਤ ਅੰਕ ਭਾਗ ਦੂਜਾ ਲਈ ਉਸੇ ਸਾਲ 'ਗੁਰੂ ਦੀਆਂ ਕਾਰਾਂ' ਲੇਖ ਲਿਖਿਆ ਸੀ। ਇਸ ਲੇਖ ਦੇ ਅੰਤਲੇ ਪੈਰ੍ਹੇ ਵਿਚ ਬਾਬਾ ਜੀ ਦੇ ਸਤਿਗੁਰੂ ਰਾਮ ਸਿੰਘ ਜੀ ਵਿਚ ਦ੍ਰਿੜ੍ਹ ਵਿਸ਼ਵਾਸ ਦੇ ਦਰਸ਼ਨ ਹੁੰਦੇ ਹਨ– "(ਲੇਖਕ ਨੂੰ ਸੰਬੋਧਨ ਕਰਕੇ) ਕਾਕਾ, ਇਹ ਸਭ ਕੁਝ, ਜੋ ਕੁਝ ਹੋ ਰਿਹਾ ਹੈ, ਸਤਿਗੁਰੂ ਰਾਮ ਸਿੰਘ ਕਰ ਰਿਹਾ ਹੈ, ਜੋ ਕੁਝ ਹੋ ਚੁੱਕਾ ਹੈ ਸਤਿਗੁਰੂ ਰਾਮ ਸਿੰਘ ਕੀਤਾ ਸੀ ਤੇ ਅੱਗੇ ਭੀ ਜੋ ਕੁਝ ਹੋਵੇਗਾ ਸਤਿਗੁਰੂ ਰਾਮ ਸਿੰਘ ਕਰੇਗਾ।... ਸਤਿਗੁਰੂ ਰਾਮ ਸਿੰਘ ਤੋਂ ਬਿਨਾਂ ਦੁਨੀਆਂ ਉਤੇ ਕੋਈ ਚੀਜ਼ ਨਹੀਂ।..."[10]

ਜਦੋਂ 1946-47 ਈ. ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਲਾਕਾ ਜੀਵਨ ਨਗਰ ਵਸਾਉਣ ਲਈ ਜ਼ਿਲ੍ਹਾ ਹਿਸਾਰ ਦੀ ਸਿਰਸਾ ਤਸੀਲ ਦੇ ਘੱਗਰ ਨਾਲੀ ਦੇ ਕੰਢੇ ਦੇ ਕੁਝ ਪਿੰਡਾਂ ਦੀ

ਜ਼ਮੀਨ, ਸਿੱਖਾਂ ਦੀ ਸਹਾਇਤਾ ਨਾਲ ਉਹਨਾਂ ਵਾਸਤੇ ਖਰੀਦਣ ਦਾ ਆਹਰ ਕੀਤਾ ਸੀ ਤਾਂ ਦੂਰ-ਦਰਸ਼ੀ ਬਾਬਾ ਜੈਮਲ ਸਿੰਘ ਜੀ ਟਿੱਬਾ ਇਕ ਦਿਨ ਲਾਹੌਰ ਪੱਥਰਾਂ ਵਾਲਿਆਂ ਦੀ ਕੋਠੀ ਵਿਚ ਆਪ ਜੀ ਦੇ ਦਰਸ਼ਨ ਕਰਨ ਆਏ। ਅਰਜ਼ ਕੀਤੀ– "ਤੁਸੀਂ ਆਖਦੇ ਹੋ ਅਸਾਂ ਸਿੱਖੀ ਦੇ ਬਚਾਅ ਤੇ ਸੁੱਖ ਵਾਸਤੇ ਸੋਚ ਇਹ ਕੰਮ ਕੀਤਾ ਹੈ। ਮੈਨੂੰ ਗੋਬਿੰਦ ਜਣਾਉਂਦਾ ਏ, ਚੰਗਾ ਨਹੀਂ ਹੋਇਆ। ਸਤਿਗੁਰੂ ਜੀ ਉੱਤਰ ਦਿਤਾ, ਮਨੋ ਭਲੇ ਨੂੰ ਭਲੀ ਸੋਚ ਤੁਰਨਾ ਚਾਹੀਦਾ ਹੈ। ਅਸਾਂ ਤਿਵੇਂ ਕੀਤਾ ਹੈ। ਪਰ ਸਭ ਪ੍ਰੋਗਰਾਮ ਚੰਗੇ ਜਾ ਮੰਦੇ ਉਸ ਕਰਤੇ ਰਾਮ ਦੇ ਹੱਥ ਹਨ। ਤਾਂ ਬਾਬਾ ਜੈਮਲ ਸਿੰਘ ਰੋਣ ਲੱਗ ਪਿਆ ਤੇ ਕਿਹੋ ਸੂ, ਤੁਸੀਂ ਤੇ ਸੁੱਖ ਦਾ ਸਾਧਨ ਕੀਤਾ ਹੈ, ਇਹ ਸਿੱਖ ਆਪੋ ਵਿਚ ਲੜਨਗੇ ਤੁਹਾਨੂੰ ਭੀ ਸਿੱਧਿ ਹੋਣਗੇ। ਤੁਹਾਡੀ ਤੇ ਸਿੱਖਾਂ ਦੀ ਆਪੋ ਵਿਚ ਇਹ ਸ਼ਰਧਾ ਨਹੀਂ ਰਹੇਗੀ। ਸ੍ਰੀ ਸਤਿਗੁਰੂ ਜੀ ਬਚਨ ਕੀਤਾ, ਜੋ ਹੋਣਾ ਸੀ ਸੋ ਹੋ ਗਿਆ ਜੋ ਸਿਰ ਪਵੇਗੀ ਸਹਿ ਲਵਾਂਗੇ।"[11]

ਸਤਿਗੁਰੂ ਜੀ ਇਹ ਵੀ ਫੁਰਮਾਇਆ ਸੀ ਕਿ ਮੈਂ ਆਪਣੇ ਵਲੋਂ ਆਪਣੇ ਸਿੱਖਾਂ ਦਾ ਭਲਾ ਸੋਚਿਆ ਹੈ। ਬੇਸ਼ਕ ਇਹ ਮੇਰੇ ਨਾਲ ਲੜਨ ਝਗੜਨਗੇ ਵੀ, ਪਰ ਕਦੇ ਇਹਨਾਂ ਦੇ ਪੁੱਤ ਪੋਤਰੇ ਕਿਹਾ ਕਰਨਗੇ ਕਿ ਕੋਈ ਸਾਡਾ ਹੁੰਦਾ ਸੀ ਜੋ ਸਾਡਾ ਇਹ ਬਾਨਣੂੰ ਬੰਨ੍ਹ ਗਿਆ ਸੀ। ਬਾਬਾ ਜੈਮਲ ਸਿੰਘ ਜੀ ਦੇਸ਼ ਬਟਵਾਰੇ ਤੋਂ ਕੁਝ ਮਹੀਨੇ ਪਹਿਲਾਂ ਹੀ ਅਕਾਲ ਚਲਾਣਾ ਕਰ ਗਏ ਸਨ। ਆਪ ਦਾ ਦੂਜਾ ਭਾਈ ਨਰਾਇਣ ਸਿੰਘ ਸੀ। ਬਾਬਾ ਜੈਮਲ ਸਿੰਘ ਦੇ ਦੋ ਪੁੱਤਰ ਸਨ ਪ੍ਰੇਮ ਸਿੰਘ ਅਤੇ ਦੇਵਾ ਸਿੰਘ। ਪ੍ਰੇਮ ਸਿੰਘ ਦਾ ਲੜਕਾ ਹਰਨਾਮ ਸਿੰਘ ਸੀ ਜਿਸ ਦੇ ਪੁੱਤਰ ਲਾਭ ਸਿੰਘ, ਬੂਟਾ ਸਿੰਘ ਕੜੈਲ (ਸੰਗਰੂਰ) ਰਹਿੰਦੇ ਹਨ। ਦੇਵਾ ਸਿੰਘ ਦਾ ਲੜਕਾ ਉਤਮ ਸਿੰਘ ਅਤੇ ਉਸਦਾ ਮਹਿਲ ਹੈ। ਸੰਤਾਂ ਦੇ ਭਾਈ ਨਰਾਇਣ ਸਿੰਘ ਦਾ ਪੁੱਤਰ ਕਿਸ਼ਨ ਸਿੰਘ ਅਤੇ ਉਸਦਾ ਵਧਾਵਾ ਸਿੰਘ ਸੀ। ਵਧਾਵਾ ਸਿੰਘ ਦਾ ਪਰਿਵਾਰ ਹਰਬੰਸ ਸਿੰਘ ਅਤੇ ਉਸਦਾ ਭਤੀਜਾ ਵਰਿਆਮ ਸਿੰਘ ਕਰੀਵਾਲੇ ਹੀ ਰਹਿੰਦੇ ਹਨ।

ਗੁਰੂ ਦੀਆਂ ਕਾਰਾਂ ਵਾਲੇ ਉਪਰੋਕਤ ਤਿੰਨਾਂ ਬਾਬਿਆਂ ਦੀ ਗਾਥਾ ਸਮੇਟ ਕੇ ਅਸੀਂ ਪਿੰਡ ਮਾਂਗੇ ਦੀ ਹੀ ਨਾਮਧਾਰੀ ਪੰਥ ਦੀ ਉੱਘੀ ਹਸਤੀ ਸੰਤ ਸੰਮਾ ਸਿੰਘ ਜੀ ਬਾਰੇ ਸਾਡੇ ਸਰੋਤਾਂ ਤੋਂ ਉਪਲਬਧ ਸਮਾਚਾਰਾਂ ਤੇ ਦ੍ਰਿਸ਼ਟੀਪਾਤ ਕਰਾਂਗੇ। ਆਪ ਜੀ ਆਪਣੇ ਸਮੇਂ ਦੀਆਂ ਨਾਮਧਾਰੀ ਮਸਤਾਨਿਆਂ ਦੀਆਂ ਮਸਤ ਮੰਡਲੀਆਂ ਦੇ ਸ਼ਿੰਗਾਰ ਸਨ। ਨਾਮ ਬਾਣੀ ਅਤੇ ਸੇਵਾ ਸਮਰਪਣ ਵਿਚ ਰੰਗੀ ਹੋਈ ਆਪ ਦੀ ਰੂਹ ਸਤਿਗੁਰੂ ਰਾਮ ਸਿੰਘ ਜੀ ਦੀਆਂ ਬਖਸ਼ਿਸ਼ਾਂ ਨਾਲ ਮਾਲਾ-ਮਾਲ ਸੀ। ਆਪ ਪਿੰਡ ਦੇ ਬਾਹਰ ਆਪਣੇ ਖੂਹ ਤੇ ਜਿਸ ਨੂੰ ਤੰਬੋਲੀ ਵਾਲਾ ਖੂਹ ਆਖਦੇ ਸਨ ਨਿਵਾਸ ਕਰਦੇ ਸਨ।

ਜਦੋਂ 'ਗੁਰੂ ਜੀ ਕਾਰ' ਸੰਤ ਵਸਾਵਾ ਸਿੰਘ ਜੀਆ ਬੱਗਾ ਵਿਖੇ ਨਿਵਾਸ ਕਰ ਰਹੀ ਸੀ ਇਕ ਦਿਨ ਆਪ ਨੂੰ ਆਪਣੇ ਡੇਰੇ ਤੇ ਸੁੱਤਿਆਂ ਆਵਾਜ਼ਾ ਹੋਇਆ-ਸੰਮਾ ਸਿੰਘ ਸੰਤ ਵਸਾਵਾ ਸਿੰਘ ਜੀ ਜੀਏ ਬੱਗੇ ਵਾਲਿਆਂ ਨੂੰ ਜਾਕੇ ਮਿਲ। ਸੰਮਾ ਸਿੰਘ ਨੇ ਆਵਾਜ਼ ਪ੍ਰਥਾਇ ਕੋਈ ਗੌਰ ਨਾ ਕੀਤਾ। ਸਵੇਰੇ ਜਦੋਂ ਮੰਜੇ ਤੋਂ ਉੱਠਣ ਲੱਗੇ ਤਾਂ ਆਪ ਦੇ ਹੱਥ ਜਿਵੇਂ ਕਿਸੇ ਨੇ ਕੰਡ ਮਗਰ ਕਰਕੇ ਮੁਸ਼ਕਾਂ ਬੰਨ੍ਹ ਦਿਤੀਆਂ ਹੋਣ। ਕਾਫੀ ਸਮੇਂ ਬਾਅਦ ਆਪਨੇ ਇਸ ਨੂੰ ਰਾਤ ਵਾਲੀ ਅਲੌਕਿਕ ਘਟਨਾ ਨਾਲ ਜੋੜ ਕੇ ਵੇਖਿਆ। ਮਾਂਗੇ ਪਿੰਡ ਦੇ ਹੀ ਸੁਹੇਲ ਸਿੰਘ ਨਾਮ ਦੇ ਆਪਣੇ ਸਬੰਧੀ ਨੂੰ ਨਾਲ ਲੈਕੇ, ਜੀਏ ਬੱਗੇ ਸੰਤ ਵਸਾਵਾ ਸਿੰਘ ਜੀ ਦੀ ਸੇਵਾ ਵਿਚ ਜਾ ਹਾਜ਼ਰ ਹੋਏ।

ਸੰਮਾ ਸਿੰਘ ਪਾਸੋਂ ਉਸ ਦੀ ਵਿੱਥਿਆ ਸੁਣਕੇ ਸੰਤ ਵਸਾਵਾ ਸਿੰਘ ਜੀ ਨੇ ਸੁਹੇਲ ਸਿੰਘ ਨੂੰ ਕਿਹਾ ਕਿ ਇਹਨਾਂ ਦਾ ਸਕੇਸ਼ ਇਸ਼ਨਾਨ ਕਰਾ ਲਿਆਓ। ਇਸ਼ਨਾਨ ਕਰਕੇ ਆਏ। ਸੰਤ ਜੀ ਨੇ ਕੰਨ ਵਿਚ ਭਜਨ ਦੱਸ ਦਿਤਾ। ਇਸ ਸਮੇਂ ਮੁਸ਼ਕਾਂ ਵੀ ਜਿਵੇ ਬੱਝੀਆਂ ਸੀ ਉਵੇਂ ਖੁੱਲ੍ਹ ਗਈਆਂ। ਵਸਾਵਾ ਸਿੰਘ ਜੀ ਨੇ ਗੁਰਮੰਤਰ ਦੱਸਕੇ ਕਿਹਾ "ਇਹਨੂੰ ਸੁਆਸ ਸੁਆਸ ਜਪਨਾ ਜਪਦਿਆਂ ਹੋਇਆਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਾਵਨ ਚਰਨਾਂ ਦਾ ਧਿਆਨ ਧਰਨਾ। ਤੁਸੀਂ ਉਹਨਾਂ ਦੇ ਸਉ, ਅੱਜ ਤੋਂ ਉਹਨਾਂ ਦੀ ਪਾਵਨ ਸ਼ਰਨ ਵਿਚ ਆ ਗਏ ਹੋ। ਇਸ ਲਈ ਕੋਈ ਕੰਮ ਅਜਿਹਾ ਨਾ ਕਰਨਾ, ਜਿਸ ਨਾਲ ਲੋਕੀਂ ਉਹਨਾਂ ਦੇ ਨਾਮ ਨੂੰ ਕਲੰਕ ਲਾਣ।"

ਸੰਮਾ ਸਿੰਘ ਨੇ ਅਰਜ਼ ਕੀਤੀ– ਮੇਰੇ ਵਿਚ ਕੋਈ ਤਾਕਤ ਨਹੀਂ ਮੈਂ ਕੋਈ ਚੰਗਾ ਕੰਮ ਕਰ ਸਕਾਂ। ਜਿਸ ਤਰ੍ਹਾਂ ਆਪਣੀ ਸ਼ਰਨ ਵਿਚ ਫੜਕੇ ਆਂਦਾ ਜੇ, ਇਸੇ ਤਰ੍ਹਾਂ ਅੱਗੋਂ ਨੂੰ ਵੀ ਅੰਗ ਸੰਗ ਰਹਿੰਦਿਆਂ ਹੋਇਆਂ ਕੋਈ ਕੰਮ ਅਜਿਹਾ ਨਾ ਕਰਨ ਦੇਣਾ, ਜਿਸ ਨਾਲ ਮੇਰਾ ਪਰਲੋਕ ਵਿਗੜੇ ਅਤੇ ਸਤਿਗੁਰੂ ਜੀ ਦੇ ਉੱਜਲ ਨਾਮ ਨੂੰ ਧੱਬਾ ਲੱਗੇ।"[12]

ਜਦੋਂ ਨਾਲ ਆਏ ਭਾਈ ਸੁਹੇਲ ਸਿੰਘ ਨੇ ਵਾਪਿਸ ਮਾਂਗੇ ਮੁੜਨ ਲਈ ਕਿਹਾ ਤਾਂ ਸੰਮਾ ਸਿੰਘ ਜੀ ਨੇ ਕਿਹਾ-ਸੁਹੇਲ ਸਿੰਘ ਜੀ ਤੁਸੀਂ ਹੁਣ ਜਦੋਂ ਚਾਹੋ ਪਿੰਡ ਜਾ ਸਕਦੇ ਹੋ। ਮੈਂ ਜਿੱਥੇ ਆਉਣਾ ਸੀ ਆ ਗਿਆ ਹਾਂ। ਮੇਰਾ ਘਰ ਬਾਰ ਖੂਹ ਖੇਤ ਹੁਣ ਸੰਤਾਂ ਦਾ ਡੇਰਾ ਹੀ ਹੈ। ਮੈਂ ਇਹਨਾਂ ਦੀ ਸੇਵਾ ਵਿਚ ਰਹਿਕੇ ਜਨਮ ਸਫਲ ਕਰਨ ਨੂੰ ਧੰਨ ਭਾਗ ਸਮਝਾਂਗਾ, ਜਦੋਂ ਤੱਕ ਇਹ ਸੇਵਾ ਮੈਥੋਂ ਲੈਣਗੇ। ਸੁਹੇਲ


NamdhariElibrary NamdhariElibrary@gmail.com

ਸਿੰਘ ਜੀ ਮੁੜ ਆਏ ਤੇ ਸੰਮਾ ਸਿੰਘ ਜੀ, ਕਵੀ ਦੇ ਸ਼ਬਦਾਂ ਵਿਚ —

"ਕਾਲੀ ਦਾਸ ਮਣਕਾ ਜਿਹੜੇ ਥਾਉਂ ਦਾ ਸੀ,

ਉਸੇ ਮਾਲਾ ਦੇ ਵਿਚ ਪਰੋ ਗਿਆ।"

ਸੰਮਾ ਸਿੰਘ ਜੀ ਨੇ ਸੰਤਾਂ ਦੇ ਡੇਰੇ ਤੇ ਚੱਲਦੇ ਲੰਗਰ ਦੀ ਸੇਵਾ ਵੀ ਕਰਨੀ। ਲੰਗਰ ਲਈ ਅੰਨ ਦਾਣਾ ਹਾਸਲ ਕਰਨ ਲਈ ਸੰਤ ਵਸਾਵਾ ਸਿੰਘ ਜੀ ਦੇ ਖੇਤਾਂ ਵਿਚ ਵਾਹੀ ਜੋਤੀ ਦਾ ਆਹਰ ਵੀ ਕਰਦੇ। ਇਸ ਸਮੇਂ ਆਪ ਦੇ ਦੂਜੇ ਗੁਰਭਾਈ ਸੰਤ ਜੈਮਲ ਸਿੰਘ ਜੀ ਟਿੱਬੇ ਵਾਲੇ ਵੀ ਇੱਥੇ ਹੀ ਰਹਿਕੇ ਸੰਤਾਂ ਦੀ ਸੇਵਾ ਕਰਦੇ ਸਨ। ਸੰਤ ਵਸਾਵਾ ਸਿੰਘ ਜੀ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਪਰਲੋਕ ਸਿਧਾਰ ਗਏ ਸਨ। ਹੁਣ ਸੰਤ ਜੈਮਲ ਸਿੰਘ ਜੀ ਨੂੰ ਆਵਾਜ਼ਾ ਹੋਇਆ ਕਿ ਟਿੱਬੇ ਤੇ ਚੱਲੋ। ਸੰਤ ਗੁਰੂ ਕੀ ਕਾਰ ਵਿਚ ਆਪਣੇ ਟਿੱਬੇ ਤੇ ਆ ਟਿਕੇ। ਹੁਣ ਸੰਤ ਸੰਮਾ ਸਿੰਘ ਜੀ ਭਾਵੇਂ ਜੈਮਲ ਸਿੰਘ ਜੀ ਦੇ ਬਰਾਬਰ ਹੀ ਸੰਤ ਵਸਾਵਾ ਸਿੰਘ ਦੇ ਸੇਵਕ ਸਨ ਪਰ "ਗੁਰੂ ਕੀ ਕਾਰ" ਦੇ ਵਾਰਿਸ ਸਮਝ ਕੇ ਉਹ ਹੁਣ ਸੰਤ ਵਸਾਵਾ ਸਿੰਘ ਜਿਉਂ ਹੀ ਸੰਤ ਜੈਮਲ ਸਿੰਘ ਹੋਰਾਂ ਦੀ ਸੇਵਾ ਵਿਚ ਸਮਰਪਿਤ ਹੋ ਗਏ। ਪੰਜ ਛੇ ਸਾਲ ਆਪ ਨੇ ਸੰਤਾਂ ਦੀ ਹਰ ਤਰ੍ਹਾਂ ਨਾਲ ਸੇਵਾ ਕਰਕੇ ਉਹਨਾਂ ਦੀਆਂ ਖੁਸ਼ੀਆਂ ਲਈਆਂ। ਵਿਹਲਾ ਸਮਾਂ ਨਾਮ ਬਾਣੀ ਨਾਲ ਜੁੜੇ ਰਹਿੰਦੇ। ਬੰਦਗੀ ਤਾਂ ਸੇਵਾ ਕਰਦੇ ਸਮੇਂ ਵੀ ਹੁੰਦੀ ਰਹਿੰਦੀ।

ਇਹਨਾਂ ਸਮਿਆਂ ਵਿਚ ਪੰਜਾਬ ਵਿਚ ਪਲੇਗ ਦੀ ਨਾਮੁਰਾਦ ਬੀਮਾਰੀ ਫੈਲ ਗਈ। ਘਰਾਂ ਦੇ ਘਰ ਖਾਲੀ ਹੋ ਗਏ। ਪਿੰਡ ਉੱਜੜ ਕੇ ਬਾਹਰ ਖੇਤਾਂ ਵਿਚ ਚਲੇ ਗਏ। ਆਪਣੀ ਅਧਿਆਤਮਿਕ ਮਾਨਤਾ ਤਹਿਤ ਲੋਕ ਦੋਹਾਂ ਸੰਤਾਂ ਜੈਮਲ ਸਿੰਘ ਤੇ ਸੰਮਾ ਸਿੰਘ ਜੀ ਨੂੰ ਆਪਣੇ ਘਰਾਂ ਵਿਚ ਲੈ ਜਾਂਦੇ। ਸੰਤਾਂ ਦੇ ਆਉਣ ਨਾਲ ਪਰਿਵਾਰ ਦਾ ਮਨੋਬਲ ਵਧ ਜਾਂਦਾ। ਰੋਗੀ ਠੀਕ ਹੋ ਜਾਂਦੇ। ਸੰਤ ਆਪਣੀ ਸਿਹਤ ਦੀ ਚਿੰਤਾ ਨਾ ਕਰਦਿਆਂ ਜਿੱਥੇ ਕੋਈ ਬੁਲਾਉਂਦਾ ਪੁੱਜਦੇ। ਸਤਿਗੁਰੂ ਰਾਮ ਸਿੰਘ ਜੀ ਦੇ ਪਵਿੱਤਰ ਨਾਮ ਦੇ ਆਸਰੇ ਰੋਗੀਆਂ ਦੀ ਸਿਹਤ-ਯਾਬੀ ਲਈ ਅਰਦਾਸ ਕਰਦੇ। ਲਾਭਵੰਤ ਹੋਣ ਵਾਲੇ ਪਰਿਵਾਰ ਆਪ ਨੂੰ ਗਊਆਂ ਦੇਣ ਲੱਗ ਪਏ, ਲੰਗਰ ਦੇ ਦੁੱਧ ਵਾਸਤੇ ! ਚਾਲੀ ਪੰਜਾਹ ਗਊਆਂ ਹੋ ਗਈਆਂ। ਸੰਤ ਜੈਮਲ ਸਿੰਘ ਜੀ ਦੇ ਪੁੱਤਰ ਇਤਨੇ ਪਸ਼ੂਆਂ ਦੀ ਸਾਂਭ ਸੰਭਾਲ ਤੋਂ ਤੰਗ ਆ ਗਏ। ਸੰਤ ਜੀ ਨੇ ਆਪਣੀ ਸੰਗਤ ਇਕੱਠੀ ਕਰਕੇ ਸੰਮਾ ਸਿੰਘ ਜੀ ਨੂੰ ਕਿਹਾ ਕਿ ਅੱਧਾ ਮਾਲ ਵੰਡ ਕੇ ਤੁਸੀਂ ਲੈ ਜਾਉ। ਹੁਣ ਖਲਾਰਾ ਵਧਦਾ ਜਾਂਦਾ ਹੈ। "ਸੰਮਾ ਸਿੰਘ ਅਰਜ਼ ਕੀਤੀ— ਮੈਨੂੰ ਮਾਲ ਡੰਗਰ ਦੀ ਲੋੜ ਨਹੀਂ, ਮੈਂ ਤੇ ਆਪ ਜੀ ਦੀ ਖੁਸ਼ੀ ਲੈਣ ਵਾਸਤੇ ਆਇਆ ਹਾਂ। ਆਪ ਦੇ ਉਤੇ ਇਕ ਲੋਈ ਸੀ, ਆਪ ਜੀ ਨੇ ਉਹ ਵੀ ਉਤਾਰਕੇ ਸੰਤ ਜੈਮਲ ਸਿੰਘ ਜੀ ਦੇ ਚਰਨਾਂ ਵਿਚ ਰੱਖਕੇ ਕਿਹਾ ਕਿ ਇਹ ਵੀ ਆਪ ਜੀ ਦੀ ਏ, ਮੇਰੀ ਨਹੀਂ।

"ਸੰਤ ਜੈਮਲ ਸਿੰਘ ਜੀ ਮਸਤ ਹੋ ਗਏ। ਸੰਤ ਸੰਮਾ ਸਿੰਘ ਜੀ ਨੂੰ ਆਪਣੇ ਗਲ਼ ਨਾਲ ਲਾ ਕੇ ਹੁਕਮ ਕੀਤਾ- ਜਾਹ ਮੈਂ ਤੈਨੂੰ ਆਪਣਾ ਰੂਪ ਕੀਤਾ। ਸੰਤਾਂ ਨੇ ਖੁਸ਼ੀਆਂ ਲੈਕੇ ਆਪਣੇ ਖੂਹ ਤੰਬੋਲੀ ਵਾਲੇ ਤੇ ਆਣ ਡੇਰਾ ਲਾਇਆ। ਜੱਸ ਸੁਣਕੇ ਹੁਣ ਦੂਰੋਂ ਦੂਰੋਂ ਸੰਗਤਾਂ ਆਪ ਪਾਸ ਆਉਣ ਲਗੀਆਂ। ਲੰਗਰ ਜਾਰੀ ਹੋ ਗਿਆ। ਜੋ ਜੀ ਆਏ, ਨਿਰਾਸਾ ਨਾ ਜਾਏ।"[13]

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੰਨ 1867 ਅਤੇ 1870 ਈ. ਵਿਚ ਦੋ ਹੋਲੇ ਮਹੱਲੇ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਤੇ ਸਨ। ਪ੍ਰਦੇਸ਼ ਗਵਨ ਸਾਕੇ ਤੋਂ ਕੋਈ ਵੀਹ ਤੀਹ ਸਾਲ ਤੱਕ ਤਾਂ ਨਾਮਧਾਰੀ ਪੰਥ ਇਹ ਹੋਲੇ ਮਹੱਲੇ ਜਾਂ ਹੋਰ ਮੇਲੇ, ਸਰਕਾਰੀ ਸਖਤੀ ਕਾਰਨ ਮਨਾ ਨਹੀਂ ਸੀ ਸੱਕਿਆ। ਗੁਰੂ ਹਰੀ ਸਿੰਘ ਜੀ ਨੂੰ ਆਯੂ ਦੇ ਆਖਰੀ ਛੇ ਸੱਤ ਸਾਲਾਂ ਵਿਚ, ਕੁਝ ਹੋਲੇ ਮਹੱਲੇ ਮਨਾਉਣ ਦੀ ਸੀਮਤ ਸਮੇਂ ਲਈ ਸਰਕਾਰੀ ਮਨਜ਼ੂਰੀ ਮਿਲੀ। ਸਤਿਗੁਰੂ ਪ੍ਰਤਾਪ ਸਿੰਘ ਜੀ ਪਿਤਾ ਗੁਰੂ ਦੇ ਜੀਵਨ ਕਾਲ ਤੋਂ ਇਹਨਾਂ ਹੋਲਿਆਂ ਵਿਚ ਜਾਂਦੇ ਅਤੇ 1906 ਈ. ਤੋਂ ਆਪ ਦੀ ਛਤਰ ਛਾਇਆ ਹੇਠ ਹੋਲੇ ਮਹੱਲੇ ਹਰ ਵਰ੍ਹੇ 1959 ਈ. ਤਕ ਮਨਾਏ ਜਾਂਦੇ ਰਹੇ। ਆਪ ਜੀ ਨੇ ਫਿਰ 42 ਸਾਲਾਂ ਬਾਅਦ ਇਤਿਹਾਸਿਕ ਨਗਰੀ ਅਨੰਦਪੁਰ ਸਾਹਿਬ ਵਿਖੇ ਨਾਮਧਾਰੀ ਪੰਥ ਦਾ ਹੋਲਾ ਮਹੱਲਾ ਮਾਰਚ 1912 ਈ. ਵਿਚ ਧੂਮ ਧਾਮ ਨਾਲ ਮਨਾਇਆ। ਇਤਿਹਾਸਕ ਅਸਥਾਨ ਤੇ ਦੋ ਪਹਿਲੇ ਹੋਲਿਆਂ ਦੀ ਯਾਦ ਵਿਚ ਨਾਮਧਾਰੀ ਪੰਥ ਦੇ ਇਸ ਹੋਲੇ ਮਹੱਲੇ ਵਿਚ ਸਮੂਹ ਨਾਮਧਾਰੀ ਸੰਗਤਾਂ, ਸਾਧੂ ਸੰਤ, ਵਧ ਚੜ੍ਹਕੇ ਪੁੱਜੇ। ਬਾਬਾ ਸੰਮਾ ਸਿੰਘ ਜੀ ਵੀ ਇਸ ਹੋਲੇ ਦੀ ਸੰਤ-ਮੰਡਲੀ ਵਿਚ ਸ਼ੋਭਾ ਪਾ ਰਹੇ ਸਨ।

ਨਾਮਧਾਰੀ ਹੋਲੇ ਮੱਤਲੇ ਦੀ ਇਹ ਰਵਾਇਤ ਹੈ ਕਿ ਅਗਲੇ ਹੋਲੇ ਵਾਸਤੇ ਹੋਲੇ ਦੇ ਭੋਗ ਵਾਲੇ ਦਿਨ, ਸੰਗਤਾਂ ਵੱਲੋਂ ਵੱਖ ਵੱਖ ਅਰਜ਼ਾਂ ਪੁਜਦੀਆਂ ਹਨ। ਸਤਿਗੁਰੂ ਜੀ ਦੀ ਪ੍ਰਵਾਨਗੀ ਵਾਲੀ ਜਗ੍ਹਾ ਦਾ ਭੋਗ ਸਮੇਂ ਐਲਾਨ ਹੋ ਜਾਂਦਾ ਹੈ। ਹੋਲਾ ਕਰਾਉਣ ਵਾਲੀ ਸੰਗਤ ਨੂੰ ਆਪਣੇ ਸੰਗੀਆਂ ਸਾਥੀਆਂ ਨਾਲ, ਹੋਲੇ ਦੀ ਤਿਆਰੀ ਖ਼ਰਚ ਖੇਚਲ ਲਈ ਸਾਲ ਭਰ ਦਾ ਸਮਾਂ ਮਿਲ ਜਾਂਦਾ ਹੈ।

ਭੋਗ ਵਾਲੇ ਦਿਨ ਜਦੋਂ ਮੰਚ ਸੰਚਾਲਕ ਸੰਤ ਮੰਗਲ ਸਿੰਘ ਜੀ 'ਅਰਸ਼ੀ ਫਰਿਸ਼ਤਾ' ਨੇ ਹੋਲਾ ਅਭਿਲਾਖੀਆਂ ਦੇ ਉੱਠਣ ਦਾ ਐਲਾਨ ਕੀਤਾ ਤਾਂ ਝੱਟ ਪੱਟ ਪਾਟੇ ਕਛਹਿਰੇ, ਉਘੜ ਦੁਘੜ


NamdhariElibrary NamdhariElibrary@gmail.com

ਬਸਤਰਾਂ ਵਾਲੇ, ਸੰਤ ਸੰਮਾ ਸਿੰਘ ਜੀ ਆਪਣੇ ਇਲਾਕੇ ਦੀਆਂ ਕੁਝ ਸੰਗਤਾਂ ਸਮੇਤ ਜਿਹਨਾਂ ਨੂੰ ਉਹ ਇਸੇ ਮਕਸਦ ਲਈ ਘਰੋਂ ਪਰੇਰਕੇ ਲਿਆਏ ਸੀ, ਉਠਕੇ ਖਲੋ ਗਏ ਕਿ ਸੰਤ ਜੀ ਹੋਲਾ ਮਹੱਲਾ ਸਾਨੂੰ ਕਰਾਉਣ ਲਈ ਦਰਗਾਹੀ ਹੁਕਮ ਲੱਗ ਰਿਹਾ ਏ।

ਸੰਤ ਮੰਗਲ ਸਿੰਘ ਜੀ ਨੇ ਪੁੱਛਿਆ ਕਿ ਹੋਲਾ ਕਿੱਥੇ ਕਰੋਗੇ ? ਸੰਤਾਂ ਨੇ ਆਖਿਆ- ਮਾਂਗੇ ਪਿੰਡ ਦੇ ਰਕਬੇ ਵਿਚ ਆਪਣੇ ਖੂਹਾਂ ਤੇ ਕਰਾਂਗੇ। ਫਿਰ ਸੰਤ ਮੰਗਲ ਸਿੰਘ ਜੀ ਨੇ ਹੋਲੇ ਤੇ ਹੋਣ ਵਾਲੇ ਵੱਡੇ ਖਰਚੇ ਨੂੰ ਧਿਆਨ ਵਿਚ ਰੱਖਦਿਆਂ ਪੁੱਛਿਆ ਕਿ ਸੰਤ ਸੰਮਾ ਸਿੰਘ ਜੀ ਤੁਹਾਡੇ ਪਾਸ ਕਿਤਨਾ ਕੁ ਪੈਸਾ ਹੈ?

"ਸੰਤਾਂ ਨੇ ਮਸਤੀ ਵਿਚ ਆਕੇ ਜੁਆਬ ਦਿਤਾ ਕਿ ਸਾਰੀ ਦੁਨੀਆਂ ਦਾ ਧਨ ਸਾਡਾ ਹੀ ਏ, ਜਿੱਥੇ ਸਤਿਗੁਰਾਂ ਦੇ ਅਤੇ ਸਾਧ ਸੰਗਤ ਦੇ ਚਰਨ ਪੈਣਗੇ ਉਥੇ ਧਨ ਦਾ ਕੋਈ ਘਾਟਾ ਨਹੀਂ ਰਹਿ ਜਾਏਗਾ। ਸੰਤ ਮੰਗਲ ਸਿੰਘ ਜੀ ਕਿਹਾ— "ਸੰਤ ਜੀ, ਹੋਲੇ ਇਸ ਤਰ੍ਹਾਂ ਨਹੀਂ ਹੋਇਆ ਕਰਦੇ। ਇਹ ਪੰਜ ਸੱਤ ਹਜ਼ਾਰ ਦਾ ਖਰਚ ਏ, ਤੁਹਾਡੇ ਪਾਸ ਕੌਡੀ ਨਹੀਂ ਹੋਲਾ ਕਿਸ ਤਰ੍ਹਾਂ ਹੋਵੇਗਾ? ਸੰਤ ਮੰਗਲ ਸਿੰਘ ਜੀ ਨੇ ਇਲਾਕੇ ਦੇ ਹੋਰਨਾਂ ਸੱਜਨਾਂ ਨੂੰ ਪੁੱਛਿਆ ਕਿ ਭਾਈ ਹੋਲਾ ਤੇ ਸਤਿਗੁਰੂ ਜੀ ਵੱਲੋਂ ਜ਼ਿਲ੍ਹਾ ਲਾਹੌਰ ਨੂੰ ਮਿਲ ਗਿਆ ਏ, ਪਰ ਤੁਹਾਡੇ ਵਿਚੋਂ ਜਿਹੜਾ ਬਹੁਤੀ ਕੁਰਬਾਨੀ ਕਰ ਸਕਦਾ ਹੋਵੇ ਤੇ ਬਹੁਤੀ ਖੇਚਲ ਝੱਲ ਸਕਦਾ ਹੋਵੇ, ਉਥੇ ਹੋਲਾ ਹੋਵੇਗਾ। ਬਾਬਾ ਲੱਖਾ ਸਿੰਘ ਜੀ ਜਾਗੂਵਾਲਿਆਂ ਕਿਹਾ— ਜੇ ਮੇਰੇ ਪਿੰਡ ਹੋਲਾ ਹੋਵੇ, ਤਾਂ ਮੈਂ 500 ਰੁਪੈ ਨਗਦ ਅਤੇ ਬਾਲਣ ਪੱਠੇ ਵਗੈਰਾ ਸਾਰਾ ਖਰਚ ਝੱਲਾਂਗਾ। ਮੇਰੇ ਅੱਗੇ ਸਾਕ ਵੀ ਤਕੜੇ ਹਨ ਜੇ ਕੋਈ ਔਖੀ ਸੌਖੀ ਬਣੀ ਤਾਂ ਹੋਰ ਕੰਮ ਵੀ ਸਾਰ ਸਕਦਾ ਹਾਂ। ਸੰਤ ਮੰਗਲ ਸਿੰਘ ਜੀ ਨੇ ਕਿਹਾ— ਤਦ ਹੋਲਾ ਫਿਰ ਜਾਗੂ ਵਾਲੇ ਹੀ ਹੋਵੇਗਾ। ਇਹ ਸੁਣਕੇ ਸੰਤ ਸੰਮਾ ਸਿੰਘ ਜੀ ਫਿਰ ਮਸਤ ਹੋ ਗਏ ਅਤੇ ਕਿਹਾ— ਮੇਰਾ ਸ਼ਾਹ ਮੈਨੂੰ ਹੁਕਮ ਕਰਦਾ ਹੈ ਕਿ ਮੈਂ ਦੇਈ ਜਾਵਾਂਗਾ ਤੂੰ ਲਈ ਜਾਂਵੀਂ, ਦੇ ਕੇ ਮੰਗਦਾ ਵੀ ਨਹੀਂ ਅਤੇ ਤੋਟ ਵੀ ਨਹੀਂ ਆਉਣ ਦੇਵਾਂਗਾ ਜਾਹ! ਹੋਲਾ ਤੈਨੂੰ ਦਿੱਤਾ। ਮੰਗਲ ਸਿੰਘਾ! ਹੋਲਾ ਮੇਰਾ ਏ ਤੇ ਮੈਂ ਕਰਨਾ ਏ ਤੇ ਜ਼ਰੂਰ ਕਰਨਾ ਏ। ਸੰਤ ਮੰਗਲ ਸਿੰਘ ਜੀ ਕਿਹਾ— ਸੰਤ ਜੀ ਭਜਨ ਕਰੋ, ਤੁਹਾਨੂੰ ਇਹਨਾਂ ਵਿਹਾਰਾਂ ਦਾ ਕੀ ਪਤਾ ਹੈ ? ਇਹ ਸੁਣਕੇ ਸੰਤ ਮੰਗਲ ਸਿੰਘ ਜੀ ਨੂੰ ਬਾਹੋਂ ਫੜ ਲਿਆ ਤੇ ਕਿਹਾ "ਆਓ ਤੁਹਾਨੂੰ ਆਪਣੇ ਦੇਸ਼ ਦਿਆਂ ਕੋਲ ਲੈ ਚੱਲਾਂ। ਇਹ ਮੇਰੇ ਦੇਸ਼ ਦੇ ਨਹੀਂ, ਜਿਨ੍ਹਾਂ ਕੋਲ ਤੁਸੀਂ ਆਏ ਹੋ।" ਸੰਤ ਮੰਗਲ ਸਿੰਘ ਜੀ ਸੰਤਾਂ ਦੇ ਨਾਲ ਤੁਰ ਪਏ। ਰਸਤੇ ਵਿਚ ਯੋਗੀ ਰਾਜ ਸੰਤ ਕੇਸਰ ਜੀ ਮੁਹਾਵੇ ਵਾਲੇ ਮਿਲ ਪਏ। ਮਿਲਦਿਆਂ ਹੀ ਠਾਕੁਰ ਜੀ ਨੇ ਬਚਨ ਕੀਤਾ— ਬੱਚਾ ਸੰਮਿਆ, ਜਾਹ ਹੋਲਾ ਤੈਨੂੰ ਦਿਤਾ। ਇਹ ਫ਼ਕੀਰਾਂ ਦੀ ਚੀਜ਼ ਏ, ਫ਼ਕੀਰਾਂ ਦਾ ਟੁਕੜਾ ਏ, ਇਸ ਨੂੰ ਹੋਰ ਕੋਈ ਨਹੀਂ ਖੋਹ ਸਕਦਾ। ਸੰਤਾਂ ਕਿਹਾ— "ਮੰਗਲ ਸਿੰਘਾ! ਆਂਹਦੇ ਤੇ ਲੋਕੀਂ ਤੁਹਾਨੂੰ ਵੀ ਮਸਤਾਨੇ ਹੀ ਹਨ, ਪਰ ਤੁਸੀਂ ਕਿਸੇ ਖਚਰੇ ਦੇਸ਼ ਦੇ ਮਸਤਾਨੇ ਹੋ। ਵੇਖੋ ਜੇ ਸਾਡੇ ਦੇਸ਼ ਦੇ ਠਾਕੁਰ ਜੀ। ਇਹੋ ਜਿਹੇ ਹਨ ਸਾਡੇ ਦੇਸ਼ ਦੇ ਬੰਦੇ।" ਇਹ ਸਭ ਕੁਝ ਹੋਇਆ ਪਰ ਹੋਲਾ ਫਿਰ ਵੀ ਬਾਬਾ ਲੱਧਾ ਸਿੰਘ ਜੀ ਜਾਗੂਵਾਲੀਆਂ ਦਾ ਹੀ ਮਨਜ਼ੂਰ ਰਿਹਾ।[14]

ਸਤਿਗੁਰੂ ਪ੍ਰਤਾਪ ਸਿੰਘ ਜੀ, ਦੀਪ ਮਾਲਾ ਸਮੇਂ ਅੰਮ੍ਰਿਤਸਰ ਦਰਸ਼ਨ ਦੇ ਰਹੇ ਸਨ। ਜਦੋਂ ਬਾਬਾ ਲੱਧਾ ਸਿੰਘ ਜਾਗੂ ਵਾਲਾ ਮੱਥਾ ਟੇਕਣ ਆਇਆ ਤਾਂ ਸਤਿਗੁਰੂ ਜੀ ਹੋਲੇ ਬਾਬਤ ਪੁੱਛਿਆ। ਉਹਨਾਂ ਕਿਹਾ ਕਿ ਮੈਂ ਹੋਲਾ ਕਰਨ ਦੀ ਤਾਕਤ ਨਹੀਂ ਰੱਖਦਾ। ਇਸ ਸਮੇਂ ਨੱਕੇ ਦੀ ਹੋਰ ਸੰਗਤ ਵੀ ਹਾਜ਼ਰ ਸੀ। ਯਾਦ ਰਹੇ ਕਿ ਮਾਂਗਾ ਲਾਹੌਰ ਦੇ ਜਿਸ ਖਿੱਤੇ ਵਿਚ ਆਉਂਦਾ ਸੀ ਉਸਨੂੰ 'ਨੱਕਾ' ਕਿਹਾ ਜਾਂਦਾ ਸੀ। ਸਤਿਗੁਰੂ ਜੀ ਨੇ ਨੱਕੇ ਦੀ ਬਾਕੀ ਸੰਗਤ ਵੱਲ ਇਸ਼ਾਰਾ ਕੀਤਾ ਕਿ ਕੌਣ ਇਹ ਕਾਰਜ ਕਰ ਸਕਦਾ ਹੈ ਜਾਂ ਕਿਹੜੇ ਪਿੰਡ ਦੀ ਸੰਗਤ? ਪਰ ਕਿਸੇ ਹੁੰਗਾਰਾ ਨਾ ਭਰਿਆ। ਇਸ ਤਰ੍ਹਾਂ ਸੰਤ ਸੰਮਾ ਸਿੰਘ ਜੀ ਦੀ ਤੰਬੋਲੀ ਖੂਹਾਂ-ਮਾਂਗੇ, ਹੋਲਾ ਕਰਨ ਦੀ ਲਟਕਦੀ ਅਰਜ਼ ਨੂੰ, ਸਤਿਗੁਰੂ ਜੀ ਵਲੋਂ ਪੂਰਨ ਪਰਵਾਨਗੀ ਮਿਲ ਗਈ।

ਹੁਣ ਸੰਤ ਸੰਮਾ ਸਿੰਘ ਜੀ ਨੇ ਆਪਣੇ ਖੂਹਾਂ ਅਤੇ ਆਲੇ ਦੁਆਲੇ ਦੀ ਸੰਗਤ ਨੂੰ ਸਲਾਹ ਮਸ਼ਵਰੇ ਲਈ ਬੁਲਾਇਆ। ਆਦਤ ਅਨੁਸਾਰ ਕਈਆਂ ਨੇ ਪਹਿਲਾਂ ਤਾਂ ਥੋਹੜੀ ਨਾਂਹ ਨੁੱਕਰ ਵੀ ਕੀਤੀ ਕਿ ਸਾਡੇ ਨਾਲ ਰਾਇ ਕਰਕੇ ਹੋਲਾ ਮੰਗਿਆ ਜੇ। ਸੰਤ ਜੀ ਨੇ ਕਿਹਾ— ਜਿਸਦਾ ਇੱਕੋ "ਵੱਡਾ ਸਲਾਹਕਾਰ" ਹੋਵੇ ਉਹ ਫਿਰ ਕਿੰਨਿਆਂ ਕੁ ਨਾਲ ਸਲਾਹਾਂ ਕਰ ਸਕਦਾ ਹੈ।

ਆਲੇ ਦੁਆਲੇ ਦੀ ਸੰਗਤ ਆਪ ਪਾਸ ਰਸਤ-ਬਸਤ ਜਮ੍ਹਾਂ ਕਰਨ ਲੱਗ ਪਈ। ਕਈ ਪ੍ਰੇਮੀਆਂ ਨੇ ਆਪਣੀਆਂ ਜ਼ਮੀਨਾਂ ਗਹਿਣੇ ਪਾ ਪਾ ਕੇ ਵੀ ਇਸ ਹੋਲੇ ਮਹੱਲੇ ਲਈ ਸੰਤ ਜੀ ਪਾਸ ਮਾਇਆ ਪੁਚਾਉਣੀ ਸ਼ੁਰੂ ਕਰ ਦਿਤੀ। ਹੁਣ ਬਾਕੀ ਸਾਰਾ ਪਰਬੰਧ ਹੋ ਗਿਆ ਸੀ ਪਰ ਚਾਨਣੀ ਦਾ ਪ੍ਰਬੰਧ ਨਹੀਂ ਸੀ ਹੋ ਰਿਹਾ। ਵੈਸੇ ਤਾਂ ਹੋਲਾ ਸਰਦੀ ਦਾ ਮੌਸਮ ਮੁੱਕਣ ਤੇ ਹੁੰਦਾ ਹੈ ਪਰ ਧੁੱਪੇ ਬਹਿਣਾ ਔਖਾ ਹੋ ਜਾਂਦਾ ਹੈ। ਛਿੱਟ ਕਣੀ ਦਾ ਵੀ ਅੰਦੇਸ਼ਾ ਬਣਿਆ ਰਹਿੰਦਾ ਹੈ। ਰਾਇਵਿੰਡ ਇਕ ਸਰਦਾਰ ਪਾਸ ਚਾਨਣੀ ਦੀ ਦੱਸ ਪਈ। ਸੰਤ ਜੀ ਰਵਾਂ-ਰਵੀਂ ਸਰਦਾਰ ਦੇ ਘਰ ਚਲੇ ਗਏ। ਪੁਰਾਣੇ ਸਰਦਾਰਾਂ ਦੇ ਘਰ ਪੜਦਾ ਹੁੰਦਾ ਸੀ। ਸੰਤ ਬੇਧਿਆਨੇ ਉਸ ਦੇ ਜ਼ਨਾਨਖਾਨੇ ਵਿਚ ਚਲੇ ਗਏ। ਬੀਬੀਆਂ ਨੇ ਦੱਸਿਆ ਕਿ ਸਰਦਾਰ ਤਾਂ ਘਰ ਨਹੀਂ। ਅੰਦਰੋਂ ਨਿਕਲਦਿਆਂ ਨੂੰ ਵਿਹੜੇ ਵਿਚ ਹੀ ਸਰਦਾਰ ਮਿਲ ਗਿਆ।

ਸੰਤਾਂ ਦੇ ਖੱਦਰ ਦੇ ਕੱਪੜੇ, ਪਾਟਾ ਹੋਇਆ ਕਛਹਿਰਾ ਵੇਖ ਕੇ ਉਹ ਤਾਂ ਲੋਹਾ ਲਾਖਾ ਹੋ ਗਿਆ। ਆਖੇ- "ਹਾਂ ਹਾਂ ਤੁਸੀਂ ਮੇਰੇ ਘਰ ਅੰਦਰ ਆਏ ਹੀ ਕਿਉਂ?" ਸੰਤਾਂ ਸ਼ਾਂਤੀ ਨਾਲ ਕਿਹਾ– ਭਾਈ ਇਕ ਸਿੱਖ ਦੇ ਘਰ ਸਿੱਖ ਨਾ ਆਵੇ ਤਾਂ ਹੋਰ ਕਿਸ ਆਉਣ ਹੋਇਆ। ਸਾਨੂੰ ਚਾਨਣੀ ਦੀ ਲੋੜ ਸੀ। ਤੇਰੇ ਕੋਲ ਚਾਨਣੀ ਸੁਣਕੇ ਆਏ ਸਾਂ। ਧੀਆਂ ਭੈਣਾਂ ਜਿਹੋ ਜਿਹੀਆਂ ਤੇਰੀਆਂ ਹਨ, ਤਿਹੋ ਜਿਹੀਆਂ ਸਾਡੀਆਂ ਹਨ।" ਇਹ ਸੁਣਕੇ ਸਰਦਾਰ ਨੇ ਕਿਹਾ– "ਤੂੰ ਉਹ ਸੰਮਾ ਸਿੰਘ ਤੇ ਨਹੀਂ ਜਿਸ ਹੋਲਾ ਕਰਨ ਲਈ, ਲੋਕਾਂ ਦੀਆਂ ਜ਼ਮੀਨਾਂ ਗਹਿਣੇ ਪੁਆ ਦਿਤੀਆਂ ਹਨ।"

ਸੰਤਾਂ ਨੇ ਕਿਹਾ– ਤੂੰ ਸਾਨੂੰ ਤਿੰਨ ਦਿਨ ਲਈ ਚਾਨਣੀ ਨਹੀਂ ਦਿੰਦਾ, ਸਾਡੇ ਆਖੇ ਕੋਈ ਜ਼ਮੀਨਾਂ ਕਦ ਗਹਿਣੇ ਪਾਉਣ ਲੱਗਾ ਏ? ਸਰਦਾਰ ਨੇ ਚਾਨਣੀ ਨਾ ਦਿਤੀ। ਸੰਤਾਂ ਨੇ ਮਸਤ ਹੋ ਕੇ ਕਿਹਾ– ਜਿਸ ਹੋਲਾ ਦਿਤਾ ਏ ਉਹ ਛਾਂ ਵੀ ਆਪ ਹੀ ਕਰੇਗਾ।[15]

ਮਿੱਥਿ ਦਿਨਾਂ ਤੇ ਹੋਲਾ ਸ਼ੁਰੂ ਹੋ ਗਿਆ। ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਹੋਲੇ ਤੋਂ ਪਹਿਲਾਂ ਵੀ ਖੂਹਾਂ ਦੀ ਸੰਗਤ ਨੂੰ, ਦਰਸ਼ਨ ਦੇਕੇ ਆਪਣਾ ਥਾਪੜਾ ਦੇ ਗਏ ਸਨ। ਹੋਲੇ ਤੇ ਸੰਗਤ ਹੁੰਮ ਹੁੰਮਾ ਕੇ ਪੁੱਜਣੀ ਸ਼ੁਰੂ ਹੋਈ। ਰਾਇਵਿੰਡ ਸਟੇਸ਼ਨ ਤੋਂ ਉੱਤਰਦੀਆਂ ਹੰਸਾਂ ਦੀਆਂ ਡਾਰਾਂ ਦੇ ਦਰਸ਼ਨ ਕਰ ਕਰ ਕੇ, ਉਸ ਸਰਦਾਰ ਦਾ ਮਨ ਵੀ ਪਸੀਜ ਗਿਆ। ਉਹ ਜੀ ਹੋਲੇ ਵਾਲੀ ਜਗ੍ਹਾ ਤੇ ਪੁੱਜਕੇ, ਸੰਤਾਂ ਪਾਸੋਂ ਕਿਸੇ ਸੇਵਾ ਦੀ ਮੰਗ ਕਰਨ ਲੱਗਾ। ਸੰਤ ਜੀ ਨੇ ਕਿਹਾ ਕਿ ਲੰਗਰ ਵਿਚ ਜਾਕੇ ਸੰਗਤਾਂ ਵਿਚ ਪਰਸ਼ਾਦੇ ਵਰਤਾਓ। ਉਸ ਕਿਹਾ ਕਿ ਇਹ ਸੇਵਾ ਤਾਂ ਮੈਥੋਂ ਹੋਣੀ ਨਹੀਂ ਕੋਈ ਮਾਇਆ ਆਦਿ ਦੀ ਸੇਵਾ ਦੱਸ ਦਿਉ। ਸੰਤ ਜੀ ਨੇ ਆਖਿਆ– "ਜਿਸ ਹੋਲਾ ਦਿਤਾ ਏ ਉਸ ਮਾਇਆ ਦੀ ਲੋੜ ਰਹਿਣ ਹੀ ਨਹੀਂ ਦਿਤੀ। ਤੁਸੀਂ ਸੰਗਤ ਵਿਚ ਜਾਕੇ ਸਤਿਗੁਰੂ ਜੀ ਅਤੇ ਸੰਗਤ ਦਾ ਦਰਸ਼ਨ ਕਰੋ। ਕੀਰਤਨ ਸੁਣੋ।"

ਹੋਲੇ ਦੇ ਤਿੰਨੇ ਦਿਨ ਅਸਮਾਨ ਤੇ ਘਣੇ ਬੱਦਲ ਛਾਏ ਰਹੇ। 'ਕੁਦਰਤੀ-ਚਾਨਣੀ' ਪੰਡਾਲ ਵਿਚ ਤਣੀ ਰਹੀ। ਇਕ ਦਿਨ ਬੱਦਲ ਇਤਨਾ ਘੁਲਿਆ ਕਿ ਹੁਣੇ ਵਰ੍ਹਿਆ ਕਿ ਵਰ੍ਹਿਆ ਵਾਲੀ ਹਾਲਤ ਸੀ। ਲਾਂਗਰੀ ਸਿੰਘਾਂ ਨੇ ਅਰਜ਼ ਕੀਤੀ– "ਸੰਤ ਜੀ ਜੇ ਬਾਰਸ਼ ਆ ਗਈ ਕੀ ਕਰਾਂਗੇ, ਲੰਗਰ ਤੇ ਕੋਈ ਆਸਰਾ ਨਹੀਂ।" ਸੰਤ ਜੀ ਫਿਰ ਮਸਤਾਨੀ ਬਿਰਤੀ ਵਿਚ ਹੋ ਗਏ ਕਹਿਣ ਲੱਗੇ– "ਜੇ ਇਕ ਛਿੱਟ ਵੀ ਲੋਹ ਉਤੇ ਪੈ ਗਈ ਤਾਂ ਤੁਹਾਡਾ ਜੋ ਜੀਅ ਚਾਹੇ ਸਾਨੂੰ ਆਖਣਾ। ਪੌਣ ਪਾਣੀ ਅੱਗ ਸਭ ਮੇਰੇ ਸਤਿਗੁਰੂ ਦੇ ਹੁਕਮ ਅਨੁਸਾਰ ਵਰਤਦੇ ਹਨ।"[16]

ਸੰਤ ਸੰਮਾ ਸਿੰਘ ਜੀ ਹੋਲੇ ਦੇ ਦਿਨਾਂ ਵਿਚ ਮਸਤਾਨੀ ਅਵਸਥਾ ਵਿਚ ਵਿਚਰਦੇ ਕਦੇ ਇਸ ਪਾਸੇ, ਕਦੇ ਉਸ ਪਾਸੇ। ਉਹ ਸ਼ਬਦ ਪੜ੍ਹਦੇ ਸਨ–

ਸੰਤਾਂ ਕੇ ਕਾਰਜਿ ਆਪਿ ਖਲੋਇਆ
ਹਰਿ ਕੰਮੁ ਕਰਾਵਣਿ ਆਇਆ ਰਾਮ।

(ਸ੍ਰੀ ਆਦਿ ਗੁਰੂ ਗਰੰਥ ਸਾਹਿਬ)

ਆਸਾ ਦੀ ਵਾਰ ਦਾ ਐਸਾ ਰਸ ਬਣਿਆ ਕਿ ਭੋਗ ਪਾਉਣ ਦਾ ਖਿਆਲ ਹੀ ਨਾ ਆਵੇ। ਲੰਗਰ ਅਤੁੱਟ ਵਰਤਿਆ। ਕਿਸੇ ਪਦਾਰਥ ਦੀ ਘਾਟ ਨਾ ਰਹੀ। ਇਹ ਸਾਬਤ ਹੋਇਆ ਕਿ ਗੁਰੂ ਕੇ ਮਸਤਾਨੇ ਸਿੰਘ ਜਦੋਂ ਕਿਸੇ ਕਾਰਜ ਲਈ ਕਸਰਕੱਸ ਕਰ ਲੈਣ ਤਾਂ ਉਹ ਮੋਰਚਾ ਅਵੱਸ਼ ਫਤੇਹ ਹੋ ਜਾਂਦਾ ਹੈ। ਸੰਤ ਸੰਮਾ ਸਿੰਘ ਜੀ ਦੇ ਪਾਸ ਲਾਹੌਰ ਦੇ ਜ਼ਿਲੇ ਦੇ ਅਨੇਕ ਸਾਧੂ ਸੰਤ ਆਕੇ, ਨਿਵਾਸ ਰੱਖਿਆ ਕਰਦੇ ਸਨ ਜਿਹਨਾਂ ਵਿਚੋਂ ਸੰਤ ਸੁੰਦਰ ਸਿੰਘ ਜੀ ਪਾਜੀ ਵਾਲੇ ਬੜੇ ਮਸ਼ਹੂਰ ਸੰਤ ਸਨ। ਉਹ ਸੰਤ ਸੰਮਾ ਸਿੰਘ ਦੇ ਡੇਰੇ ਤੇ ਲੰਗਰ ਦੀ ਸੇਵਾ ਕਰਦੇ ਰਹੇ ਸਨ। ਉਹਨਾਂ ਦੇ ਦੱਸਣ ਅਨੁਸਾਰ ਜੇ ਦੋ ਤਿੰਨ ਦਿਨ, ਡੇਰੇ ਵਿਚ ਕੋਈ ਸਿੱਖ ਸਾਧ ਨਾ ਆਉਣਾ ਤਾਂ ਸੰਤ ਸੰਮਾ ਸਿੰਘ ਜੀ ਨੇ ਪਰਸ਼ਾਦਾ ਅਨਚੋਪੜਿਆ ਛਕਣਾ ਅਤੇ ਕਹਿਣਾ ਜਿਹਨਾਂ ਦੀ ਚੀਜ਼ ਏ, ਜੇ ਉਹ ਨਹੀਂ ਛਕਦੇ ਤਾਂ ਅਸੀਂ ਕਿਉਂ ਛਕੀਏ। ਘਿਉ ਜੋੜੀ ਜਾਣਾ। ਸੰਤ ਜੀ ਸਾਲ ਵਿਚ ਦੋ ਮੇਲੇ ਕਰਦੇ– ਇਕ ਸਤਿਗੁਰੂ ਜੀ ਦੇ ਪ੍ਰਦੇਸ਼ ਗਵਨ ਵਾਲੇ ਦਿਨ ਪੰਜ ਮਾਘ ਨੂੰ ਅਤੇ ਦੂਸਰਾ ਨਿਮਾਣੀ ਇਕਾਦਸ਼ੀ ਨੂੰ।

ਸੰਮਾ ਸਿੰਘ ਜੀ ਦੇ ਪਿਤਾ ਦਾ ਨਾਮ ਅਮਰ ਸਿੰਘ ਸੀ ਜਿਸਦੇ ਚਾਰ ਪੁੱਤਰ ਸਨ। ਇਕ ਛੋਟੀ ਉਮਰੇ ਗੁਜ਼ਰ ਗਿਆ। ਸੰਨ 1927 ਈ. ਦੇ ਮਈ ਮਹੀਨੇ ਵਿਚ ਸੰਤ ਸੰਮਾ ਸਿੰਘ ਜੀ ਆਪਣੇ ਡੇਰੇ ਵਿਖੇ ਅਕਾਲ ਚਲਾਣਾ ਕਰ ਗਏ। ਆਪ ਦੇ ਭੋਗ ਮੇਲੇ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਇਲਾਕੇ ਦੀਆਂ ਸੰਗਤਾਂ ਨੇ ਦਰਸ਼ਨ ਦਿਤੇ। ਸੰਤ ਸੰਮਾ ਸਿੰਘ ਜੀ ਅਤੇ 1913 ਈ. ਦਾ ਮਾਂਗੇ ਦਾ ਤੰਬੋਲੀ ਵਾਲੇ ਖੂਹ ਤੇ ਹੋਇਆ ਹੋਲਾ ਮਹੱਲਾ, ਨਾਮਧਾਰੀ ਇਤਿਹਾਸ ਦੀ ਇਕ ਵਿਲੱਖਣ ਘਟਨਾ ਬਣ ਗਏ ਹਨ। ਸੰਤ ਜੀ ਚੰਗੀ ਜ਼ਮੀਨ ਜਾਇਦਾਦ ਦੇ ਮਾਲਕ ਸਨ ਪਰ ਆਪ ਜੀ ਨੇ ਬਿਹੰਗਮ ਵਿਚਰਦਿਆਂ ਸਾਧੂ ਮਤੇ ਵਿਚ ਹੀ ਅਵਿਵਾਹਿਤ ਰਹਿਕੇ, ਆਪਣੇ ਜਤ ਸਤ ਵਿਚ ਜੀਵਨ ਬਤੀਤ ਕੀਤਾ। ਵੀਰ ਸਿੰਘ ਅਤੇ ਬੂਟਾ ਸਿੰਘ ਨਾਮੀਂ ਆਪ ਦੇ ਦੋ ਭਾਈਆਂ ਦੇ ਹੀ ਪਰਿਵਾਰ ਸਨ। ਵੀਰ ਸਿੰਘ ਹੋਰਾਂ ਦਾ ਚਲਾਣਾ 1960 ਈ. ਵਿਚ ਕਰੀਵਾਲਾ (ਸਿਰਸਾ) ਵਿਖੇ ਹੋਇਆ ਜਿੱਥੇ ਅਤੇ ਆਸ ਪਾਸ

Namdhari Elibrary

NamdhariElibrary@gmail.com

ਉਹਨਾਂ ਦੇ ਤਿੰਨਾ ਪੁੱਤਰਾਂ, ਫੌਜਾ ਸਿੰਘ, ਸ਼ਿੰਗਾਰਾ ਸਿਘ ਅਤੇ ਬਾਜ ਸਿੰਘ ਹੋਰਾਂ ਦੇ ਪਰਿਵਾਰ ਵੱਸਦੇ ਹਨ। ਬੂਟਾ ਸਿੰਘ ਦੀ ਇੱਕੋ ਪੁੱਤਰੀ ਬੀਬੀ ਰਾਜਣ ਸੀ। ਉਸਦਾ ਅਨੰਦ ਕਾਰਜ ਨੱਥੋਕੇ (ਲਾਹੌਰ) ਦੇ ਨਾਮਧਾਰੀ ਸਿੱਖ, ਹਜਾਰਾ ਸਿੰਘ ਸਿੱਧੂ ਨਾਲ ਹੋਇਆ। ਹਜਾਰਾ ਸਿੰਘ ਹੋਰਾਂ ਦਾ ਪਰਿਵਾਰ ਜੀਵਣ ਪੁੱਤਰ ਮਹਿੰਦਰ ਸਿੰਘ ਅਤੇ ਉਹਨਾਂ ਦੇ ਸੁਰਗਵਾਸੀ ਭਰਾਵਾਂ ਤੇਜਾ ਸਿੰਘ, ਕਰਤਾਰ ਸਿੰਘ, ਅਜਾਇਬ ਸਿੰਘ ਦੇ ਪਰਿਵਾਰ, ਕਰੀਵਾਲਾ (ਸਿਰਸਾ), ਰਾਣੀਆਂ ਅਤੇ ਹੋਰ ਪਿੰਡਾਂ ਵਿਚ ਰਹਿੰਦੇ ਹਨ।

ਸੰਤ ਸੰਮਾ ਸਿੰਘ ਜੀ ਉਹ ਹਲ-ਵਾਹ ਸਾਧੂ ਸਨ ਜਿਹਨਾਂ ਨੂੰ ਗੁਰਬਾਣੀ ਦੀਆਂ ਬਾਰੀਕੀਆਂ ਦੀ ਸਾਰ ਸੀ। ਉਹਨਾਂ ਦੇ ਡੇਰੇ ਤੇ ਵਿਵੇਕ ਸ਼ੀਲ ਸੱਜਣ ਹੀ ਜੁੜਦੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਵੀ ਇਸ ਤਰ੍ਹਾਂ ਦੇ ਦਾਨਿਆਂ ਮਸਤਾਨਿਆਂ ਦੇ ਦਰਸ਼ਨ, ਵੱਡੇ ਚਾਅ ਨਾਲ ਕਰਿਆ ਕਰਦੇ ਸਨ। ਗੁਰਬਾਣੀ ਵਿਚਾਰ ਪਰਕਰਣ ਦੇ ਸੰਬਧ ਵਿਚ, ਸੰਤ ਸੰਮਾ ਸਿੰਘ ਜੀ ਦੇ ਡੇਰੇ ਦੀ ਇਕ ਵਿਚਾਰ ਚਰਚਾ ਆਪ ਦੇ ਉਪਦੇਸ਼ ਵਿਚ ਮਿਲਦੀ ਹੈ—

"ਇਕ ਦਿਨ ਬੈਠਿਆਂ ਸ਼ਬਦ ਤੇ ਵਿਚਾਰ ਸ਼ੁਰੂ ਹੋ ਗਈ, ਤੰਬੋਲੀ ਦੇ ਖੂਹਾਂ ਤੇ ਮਾਂਗੇ ਸੰਤ ਸੰਮਾ ਸਿੰਘ ਹੁਰੀਂ ਜਿਥੇ ਸਨ। ਉਥੇ ਬੈਠਿਆਂ ਬਚਨ ਚੱਲ ਪਿਆ—

ਬੇਢੀ ਕੇ ਗੁਣ ਸੁਨਿ ਰੀ ਬਾਈ
ਜਲਧਿ ਬਾਂਧਿ ਧ੍ਰੂ ਥਾਪਿਓ ਹੋ॥

—ਸੋਰਠ ਨਾਮਦੇਵ ਜੀ, ਪੰਨਾ- (657)

ਇਹਦਾ ਅਰਥ ਕੁਝ ਸੱਜਣਾਂ ਨੇ ਐਸਾ ਕੀਤਾ- ਉਨ੍ਹੇ ਰਾਮ ਚੰਦਰ ਦੇ ਰੂਪ 'ਚ ਸਮੁੰਦਰ ਦਾ ਪੁਲ ਬੱਧਾ। ਮੈਂ ਜਿਹੜਾ ਅਰਥ ਸੁਣਿਆ ਸੀ, ਸੰਤਾਂ ਤੋਂ— ਉਹ ਇਹ ਉਹਨਾਂ ਕੀਤਾ ਕਿ ਸਮੁੰਦਰ ਦਾ ਪਾਣੀ ਜਿਹੜਾ ਉਹ ਚਾਰ ਜੋਜਨ ਜ਼ਮੀਨ ਤੋਂ ਉਚਾ ਖੜ੍ਹਾ ਹੈ, ਇਹ ਉਸਦੀ ਬਖਸ਼ਿਸ਼ ਨਾਲ ਖੜ੍ਹਾ ਹੈ। ਇਕ ਸਾਧੂ ਸਾਡਾ ਹਲ ਵਾਹ ਜਿਮੀਦਾਰ ਉਹ ਕਹਿੰਦਾ— ਇਉਂ ਨਹੀਂ ਜੀ, ਗੱਲ ਇਹ ਹੈ ਬਈ- ਜਲਧਿ ਬਾਂਧਿ— ਬੱਦਲਾਂ 'ਚ ਕਰੋੜਾਂ ਮਣ ਪਾਣੀ ਬੰਨ੍ਹ ਦਿਤਾ ਹੈ, ਉਸਨੇ। ਅਸੀਂ ਉਥੇ ਹੈਰਾਨ ਹੋਏ। ਜਿਹੜਾ ਉਤੋਂ ਬਾਰਸ਼ਾਂ 'ਚ ਪਾਣੀ ਆਉਂਦਾ ਹੈ— ਜਲਧਿ ਬਾਂਧਿ ਧ੍ਰੂ ਥਾਪਿਓ ਹੋ। ਇਹ ਗੁਰੂ ਦੇ ਘਰ ਦੀ ਬੇਅੰਤ ਵਡਿਆਈ ਹੈ। ਇਸ ਤਰ੍ਹਾਂ ਹੀ ਕੋਈ ਵੀ ਆਦਮੀ ਕੋਈ ਕੰਮ ਕਰਨ ਲੱਗਦਾ ਹੈ, ਜੇ ਉਸ ਕੰਮ ਵਿਚ ਉਹ ਕਿਸੇ ਦੀ ਅਕਲ ਨੂੰ ਮਾੜੀ ਜਾਣਦਾ ਹੈ— ਠੀਕ ਨਹੀਂ। ਹਾਂ, ਵਿਚਾਰ ਕਰੋ ਬੈਠਕੇ, ਇੱਕ ਦੋ ਚਾਰ ਗੱਲ।[17]"

**ਫੁੱਟ ਨੋਟ:**

1) ਪ੍ਰੀਤਮ ਸਿੰਘ ਕਵੀ ਦਾ ਲੇਖ- ਗੁਰੂ ਦੀਆਂ ਕਾਰਾਂ, ਸਤਿਜੁਗ ਸ੍ਰੀ ਭੈਣੀ ਸਾਹਿਬ ਦਾ ਸੰਤ ਅੰਕ, 20 ਭਾਦਰੋਂ ਸੰਬਤ 1998 ਇ., ਸਫਾ 133
2-3) ਸਫਾ 134
4) ਸਤਿਗੁਰੂ ਬਿਲਾਸ-ਭਾਗ ਦੂਜਾ, ਸੰਤ ਸੰਤੋਖ ਸਿੰਘ ਬਾਹੋਵਾਲ, ਸਫਾ 176-77
5) ਲਾਲ ਏਹਿ ਰਤਨ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿਤਰ ਉਪਦੇਸ਼—2 (ਸੰ. ਪ੍ਰਿ. ਬੇਅੰਤ ਕੌਰ), ਸਫਾ 271-72
6) ਉਪਰੋਕਤ ਸੰਤ ਅੰਕ, ਸਫਾ 136
7) ਉਪਰੋਕਤ, ਸਫਾ 137
8) ਕੂਕਾਜ਼ ਆਫ ਨੋਟ ਇਨ ਦਾ ਪੰਜਾਬ, (ਦਸਤਾਵੇਜ਼-1881 ਈ.) ਸ੍ਰ. ਜਸਵਿੰਦਰ ਸਿੰਘ, ਸਫਾ 102-05
9) ਸੰਤ ਅੰਕ, ਸਫਾ 137-38
10) ਉਪਰੋਕਤ, ਸਫਾ 140-41
11) ਜੱਸ ਜੀਵਨ, ਜਿਲਦ ਚੋਥੀ, ਸੰਤ ਤਰਨ ਸਿੰਘ ਵਹਿਮੀ, ਸਫਾ 56
12) ਉਪਰੋਕਤ, ਸੰਤ ਇੰਦਰ ਸਿੰਘ ਚਕਰ ਵਰਤੀ ਜੀ ਦਾ ਲੇਖ, ਸੰਤ ਸੰਮਾ ਸਿੰਘ ਜੀ ਮਾਂਗਾ, ਸਫਾ 118
13) ਉਪਰੋਕਤ ਸੰਤ ਅੰਕ, ਸਫਾ 119-20
14) ਉਪਰੋਕਤ, ਸਫਾ 120-21
15) ਉਪਰੋਕਤ, ਸਫਾ 121
16) ਉਪਰੋਕਤ, ਸਫਾ 122
17) ਲਾਲ ਏਹਿ ਰਤਨ, ਪਵਿਤਰ ਉਪਦੇਸ਼-5, ਸਫਾ 347

ਪਿੰਡ ਤੇ ਡਾਕ: ਕਰੀਵਾਲਾ
ਜ਼ਿਲ੍ਹਾ: ਸਿਰਸਾ— (125075)


Namdhari Elibrary NamdhariElibrary@gmail.com



# ‘ਮੁੰਡਿਆਂ ਚ ਤੇਲ ਪਾਈ ਰੱਖਣਾ ਜ਼ਰੂਰੀ ਹੈ!

*-ਵਰਿਆਮ ਸਿੰਘ ਸੰਧੂ*

ਪੁਲਸ ਦੀ ਗੱਡੀ ਵਿਚ ਬਿਠਾ ਕੇ ਸਾਨੂੰ ਥਾਣਾ ਸਦਰ ਵਿਚ ਲੈ ਗਏ। ਡਿਪਟੀ ਕਮਿਸ਼ਨਰ ਤੇ ਐਸ ਐਸ ਪੀ ਵੀ ਸਾਨੂੰ ਵੇਖਣ ਆਏ। ਅਸਲ ਵਿਚ ਉਹ ਉਹਨਾਂ ਦੋਹਾਂ ਨੂੰ ‘ਵੇਖਣ’ ਆਏ ਸਨ ਤੇ ਅੰਦਰੋਂ ‘ਪੁਆੜੇ ਦੀ ਜੜ੍ਹ’ ਕਾਬੂ ਆ ਜਾਣ ’ਤੇ ਖ਼ੁਸ਼ ਵੀ ਸਨ ਅਤੇ ਉਹਨਾਂ ਦੀ ਕੀਤੀ ਉੱਤੇ ਰੰਜ ਅਤੇ ਰੋਹ ਨਾਲ ਵੀ ਭਰੇ ਹੋਏ ਸਨ।

ਜਦੋਂ ਉਹਨਾਂ ਸਾਡੇ ਨਾਂਅ ਅਤੇ ਪਤੇ ਪੁੱਛੇ ਤਾਂ ਮੈਂ ਤੇ ਅਮਰ ਸਿੰਘ ਨੇ ਆਪਣੇ ਬਚਾਅ ਲਈ ਪੈਂਤੜਾ ਲਿਆ ਕਿ ਅਸੀਂ ਦੋਵੇਂ ਬਤੌਰ ਜੇ ਬੀ ਟੀ ਅਧਿਆਪਕ ਸਰਕਾਰੀ ਸਕੂਲਾਂ ਵਿਚ ਪੜ੍ਹਾ ਰਹੇ ਸਾਂ ਤੇ ‘ਬਿਨਾਂ ਤਨਖਾਹ ਤੋਂ’ ਛੁੱਟੀ ਲੈ ਕੇ ਬੀ ਐਡ ਕਰਨ ਆਏ ਹੋਏ ਸਾਂ। ਸਾਨੂੰ ਤਾਂ ਪੁਲਿਸ ਐਵੇਂ ਹੀ ਵਲ ਲਿਆਈ ਹੈ। ਇਸ ਵਿਚ ਝੂਠ ਵੀ ਨਹੀਂ ਸੀ। ਕੋਲ ਖੜੋਤੇ ਡੀ ਐਸ ਪੀ ਨੇ ਕਿਹਾ, “ਸਾਹਿਬ ਬਹਾਦਰ, ਇਹ ਚਾਰੇ ਇਕੱਠੇ ਇਕੋ ਥਾਂ ਤੋਂ ਹੀ ਗ੍ਰਿਫ਼ਤਾਰ ਕੀਤੇ ਹਨ।”

“ਹੂੰਅ!” ਐਸ ਐਸ ਪੀ ਨੇ ਸਾਡੇ ਵੱਲ ਭੇਦ ਭਰੇ ਢੰਗ ਨਾਲ ਵੇਖਿਆ, “ਕੋਈ ਨਹੀਂ...ਸਭ ਵੇਖ ਲਵਾਂਗੇ...।”

ਉਹ ‘ਟੱਪ! ਟੱਪ! !’ ਬੂਟ ਖੜਕਾਉਂਦੇ ਤੁਰ ਗਏ। ਸਾਨੂੰ ਤੇ ਹੋਰ ਵਿਦਿਆਰਥੀਆਂ ਨੂੰ ਹਵਾਲਾਤ ਵਿਚ ਦੇਣ ਲਈ ਇੱਕ ਲਾਈਨ ਵਿੱਚ ਖੜ੍ਹਾ ਕਰ ਲਿਆ ਤੇ ਹਰ ਇਕ ਨੂੰ ਵਾਰੀ-ਵਾਰੀ ਜੁੱਤੀ ਅਤੇ ਪੱਗ ਲਾਹ ਕੇ ਹਵਾਲਾਤ ਵਿਚ ਵੜ੍ਹਨ ਲਈ ਆਖਿਆ ਗਿਆ। ਮੈਂ ਆਪਣੇ ਅੱਗੇ ਖੜੋਤੇ ਦਰਸ਼ਨ ਸਿੰਘ ਈਸਾਪੁਰ ਨੂੰ ਕਿਹਾ, “ਤੁਸੀਂ ਤਾਂ ਅੰਮ੍ਰਿਤਧਾਰੀ ਸਿਖ ਹੋ! ਹਵਾਲਾਤ ਵਿਚ ਵੜਨ ਤੋਂ ਪਹਿਲਾਂ ਪੱਗ ਲਾਹੁਣੀ ਤਾਂ ਬਿਲਕੁਲ ਹੀ ਵਾਜਬ ਨਹੀਂ। ਆਪਾਂ ਨੂੰ ਅੜਨਾ ਚਾਹੀਦੈ।”

ਵਾਰੀ ਆਈ ਤਾਂ ਈਸਾਪੁਰ ਨੇ ਕਿਹਾ, “ਅਸੀਂ ਪੱਗ ਨਹੀਂ ਲਾਹੁਣੀ...।” ਲਾਗੇ ਹੀ ਡੀ ਐਸ ਪੀ ਅਤੇ ਇੰਸਪੈਕਟਰ ਖੜੋਤੇ ਸਨ। ਡੀ ਐਸ ਪੀ ਗੁੱਸੇ ਵਿਚ ਗਰਜਿਆ।

“ਜਦੋਂ ਸਾਡੀਆਂ ਪੱਗਾਂ ਲਾਹੁੰਦੇ ਜੇ। ਉਦੋਂ...।”

ਮੈਂ ਵੇਖਿਆ, ਦੂਜੇ ਪਲ ਈਸਾਪੁਰ ਦੀ ਪੱਗ ਉੱਡਦੀ ਹੋਈ ਦੂਰ ਜ਼ਮੀਨ ’ਤੇ ਜਾ ਡਿਗੀ। ਮੈਂ ਅਜੇ ਉਸ ਦੀ ਪੱਗ ਵੱਲ ਵੇਖਦਾ ਹੀ ਪਿਆ ਸਾਂ ਕਿ ਮੇਰੀ ਪੱਗ ਵੀ ਉਹਦੀ ਪੱਗ ਉੱਤੇ ਜਾ ਪਈ ਸੀ।

ਘੰਟੇ ਕੁ ਪਿਛੋਂ ਸਾਨੂੰ ਚੋਹਾਂ ਨੂੰ ਟਰੱਕ ਵਿੱਚ ਬਿਠਾ ਕੇ ਥਾਣਾ ਸਿਵਲ ਲਾਈਨਜ਼ ਵਿਚ ਲੈ ਗਏ। ਹਵਾਲਾਤ ਵਿਚ ਪੰਜ-ਛੇ ਇਖ਼ਲਾਕੀ ਮੁਜਰਮ ਸਨ। ਉਹਨਾਂ ਨੇ ਸਾਨੂੰ ‘ਜੀ ਆਇਆਂ’ ਆਖਿਆ। ਹਵਾਲਾਤ ਵਿੱਚ ਸੰਘਣੀ ਸਿੱਲ੍ਹ ਅਤੇ ਬਦਬੂ ਸੀ। ਹਵਲਾਤ ਦੀ ਇੱਕ ਨੁੱਕਰੇ ਨਿੱਕੀ ਜਿਹੀ ਬਣੀ ਕੰਧ ਦੇ ਅੜਤਲੇ ਵਿੱਚ ਕੀਤੇ ਪਿਸ਼ਾਬ ਦੀ ਧਾਰ ਕਮਰੇ ਦੇ ਅੱਧ ਤੱਕ ਆਈ ਹੋਈ ਸੀ। ਅਸੀਂ ਥੜ੍ਹੇ ਉੱਤੇ ਬੈਠ ਗਏ।

“ਤੁਸੀਂ ਤਾਂ ਯਾਰ ਐਵੇਂ ਜਾਂਦੇ-ਜਾਂਦੇ ਸਾਡੇ ਕਰਕੇ ਹੀ ਫ਼ਸ ਗਏ।” ਈਸਾਪੁਰ ਨੇ ਹਮਦਰਦੀ ਕੀਤੀ।

“ਕੋਈ ਨਹੀਂ! ਇਹਨਾਂ ਨੂੰ ਛੱਡ ਦੇਣਗੇ। ਸਰਕਾਰੀ ਨੌਕਰ ਨੇ...।” ਮੌਲਵੀ ਨੇ ਹੌਸਲਾ ਦਿੱਤਾ।

ਸੱਚੀ ਗੱਲ ਤਾਂ ਇਹ ਹੈ ਕਿ ਸਾਨੂੰ ਵੀ ਅੰਦਰੋ-ਅੰਦਰ ਇਹ ਆਸ ਸੀ ਕਿ ਉਹ ਜ਼ਰੂਰ ਸਾਡਾ ਅਤਾ-ਪਤਾ ਪੁਸ਼ਟ ਕਰਕੇ ਸਾਨੂੰ ਛੱਡ ਦੇਣਗੇ।

ਜਦੋਂ ਸਾਡੇ ਕਾਗਜ਼ ਪੱਤਰ ਤਿਆਰ ਹੋਣ ਲੱਗੇ ਤਾਂ ਅਸੀਂ ਮੁਨਸ਼ੀ ਨੂੰ ਆਪਣੇ ਅਧਿਆਪਕ ਹੋਣ ਬਾਰੇ ਤੇ ਇਸ ਲਹਿਰ ਨਾਲ ਕੋਈ ਸੰਬਧ ਨਾ ਹੋਣ ਬਾਰੇ ਆਖਿਆ, ਤਾਂ ਕੋਲ ਆਉਂਦਿਆਂ ਥਾਣਾ ਮੁਖੀ ਮੁੱਛਾਂ ’ਚੋਂ ਖਚਰਾ ਜਿਹਾ ਹਾਸਾ ਹੱਸਦਿਆਂ ਬੋਲਿਆ, “ਵਰਿਆਮ ਸਿਆਂ! ਸਰਕਾਰੀ ਕਾਗਜ਼ਾਂ ’ਚ ਏਡਾ ਵੱਡਾ ਨਾਉਂ ਏ ਤੇਰਾ! ਤੇ ਹੁਣ ਬਚ ਕੇ ਕਿੱਧਰ ਜਾਣਾ ਚਾਹੁੰਦਾ ਏਂ!”

ਜ਼ਾਹਿਰ ਹੈ ਕਿ ‘ਸਰਕਾਰੀ ਕਾਗ਼ਜ’ ਵੇਖੇ ਜਾ ਚੁੱਕੇ ਸਨ।

ਈਸਾਪੁਰ ਤੇ ਮੌਲਵੀ ਨੇ ਕੋਲੋਂ ਠਹਾਕਾ ਮਾਰਿਆ।

ਹੁਣ ਮੈਨੂੰ ਵੀ ਹੱਸਣਾ ਪੈਣਾ ਸੀ। ਉਂਜ ਮੈਨੂੰ ਇਸ ਗੱਲ ਦਾ ਅਫ਼ਸੋਸ ਸੀ ਕਿ ਮੇਰੇ ਕਰਕੇ ਵਿਚਾਰਾ ਅਮਰ ਸਿੰਘ ਮੁਫ਼ਤ ਵਿਚ ਫਸ ਗਿਆ; ਪਰ ਉਸ ਨੇ ਦਿਲ ਕਰੜਾ ਰੱਖਿਆ ਤੇ ਅਸੀਂ ਰਲੇ ਸਾਥ ਹੱਸਦੇ-ਹਸਾਉਂਦੇ ਸ਼ਾਮ ਨੂੰ ਕੇਂਦਰੀ ਜੇਲ੍ਹ ਅੰਮ੍ਰਿਤਸਰ ਵਿਚ ਪਹੁੰਚ ਗਏ। ਸਾਡੇ ਉੱਤੇ ਅਮਨ-ਕਾਨੂੰਨ ਭੰਗ ਕਰਨ, ਅੱਗ ਲਾਉਣ, ਸਰਕਾਰੀ ਜਾਇਦਾਦ ਦਾ ਨੁਕਸਾਨ ਕਰਨ, ਦਫ਼ਾ ਚੁਤਾਲੀ ਤੋੜਣ ਤੋਂ ਲੈ ਕੇ ਇਰਾਦਾ ਕਤਲ ਤੱਕ ਦੀਆਂ ਅੱਠ ਦਫ਼ਾਵਾਂ ਲਾਈਆਂ ਗਈਆਂ।

ਰਾਤ ਤੱਕ ਜ਼ਿਲ੍ਹੇ ਦੇ ਵੱਖ-ਵੱਖ ਭਾਗਾਂ ’ਚੋਂ ਵੱਖ-ਵੱਖ ਕਾਲਜਾਂ ’ਚੋਂ ਵਿਦਿਆਰਥੀ, ਇਸ ਅੰਦੋਲਨ ਨੂੰ ਪਿੱਛੇ ਰਹਿ ਕੇ ਮਦਦ ਕਰ ਰਹੇ ਅਕਾਲੀ, ਕਮਿਊਨਿਸਟ, ਨਕਸਲੀਏ ਅਤੇ ‘ਸਥਾਪਤੀ ਵਿਰੋਧੀ’ ਲੋਕ ਗ੍ਰਿਫ਼ਤਾਰ ਕਰਕੇ ਅੰਮ੍ਰਿਤਸਰ ਦੀ ਸੈਂਟਰਲ ਜੇਲ੍ਹ ਵਿੱਚ ਪਹੁੰਚਾ ਦਿੱਤੇ ਗਏ। ਸਾਰੇ ਅੰਮ੍ਰਿਤਸਰ ਜ਼ਿਲ੍ਹੇ ਦਾ ਸਰਕਾਰ ਵਿਰੋਧੀ ‘ਖ਼ਤਰਨਾਕ ਅਨਸਰ!’ ਬੈਰਕ ਨੰਬਰ ਇਕ ਵਿਚ ਇਹ ਸਭ ਲੋਕ ਇਕ ਥਾਂ ਇਕੱਠੇ ਕਰ ਦਿੱਤੇ ਗਏ।

ਰਾਤ ਨੂੰ ਬੈਰਕ ਵਿਚ ਗ੍ਰਿਫ਼ਤਾਰ ਸਿਆਸੀ ਲੋਕਾਂ ਤੇ ਵਿਦਿਆਰਥੀਆਂ ਦਾ ਇਕੱਠ ਹੋਇਆ, ਜਿਸ ਵਿੱਚ ਬੜੀਆਂ ਤੇਜ਼ ਤੇ ਤਿੱਖੀਆਂ ਤਕਰੀਰਾਂ ਹੋਈਆਂ। ਮਾਸੂਮ ਵਿਦਿਆਰਥੀਆਂ ਦੀਆਂ ਹਿੱਕਾਂ ਵਿੱਚ ਗੋਲੀ ਮਾਰਨ ਵਾਲੀ ਭੈੜੀ ਸਰਕਾਰ ਨੂੰ ਨਿੰਦਿਆ ਗਿਆ। ਇਨਸਾਫ਼ ਲਈ ਮੰਗ ਕਰਦੇ ਲੋਕਾਂ ਨੂੰ ਡਾਂਗਾਂ ਨਾਲ ਕੁੱਟਣ ਤੇ ਜੇਲ੍ਹਾਂ ਵਿਚ ਤੁੰਨ ਕੇ ਹੱਕ-ਸੱਚ ਦੀ ਆਵਾਜ਼ ਨੂੰ ਬੰਦ ਕਰਨ ਦੇ ਕੋਝੇ ਸਰਕਾਰੀ ਯਤਨਾਂ ਦੀ ਭਰਪੂਰ ਨਿੰਦਾ ਕੀਤੀ ਗਈ। ਅਜਿਹੀ ‘ਜ਼ਾਲਮ ਸਰਕਾਰ’ ਨਾਲ ਜਥੇਬੰਦਕ ਪੱਧਰ ’ਤੇ, ਸਮੂਹਿਕ ਆਧਾਰ ਬਣਾ ਕੇ ਵੱਡੀ ਲੜਾਈ ਲੜਨ ਦਾ ਪ੍ਰਣ ਲਿਆ ਗਿਆ। ਜੇਲ੍ਹ ਵਿੱਚ ਆਉਣ ਵਾਲੀਆਂ ਮੁਸ਼ਕਿਲਾਂ ਅਤੇ ਸਮੱਸਿਆਵਾਂ ਨਾਲ ਲੜਨਾ ਇਸ ਵੱਡੀ ਲੜਾਈ ਦਾ ਹੀ ਇਕ ਹਿੱਸਾ ਸੀ। ਇਸ ਮਕਸਦ ਲਈ ਇੱਕ ‘ਜੇਲ੍ਹ ਕਮੇਟੀ’ ਦੀ ਸਥਾਪਨਾ ਕੀਤੀ ਗਈ। ਸਰਬ-ਸੰਮਤੀ ਨਾਲ ਮੈਨੂੰ ਜੇਲ੍ਹ ਕਮੇਟੀ ਦਾ ਪ੍ਰਧਾਨ ਚੁਣ ਲਿਆ ਗਿਆ। ਮੈਨੂੰ ਪ੍ਰਧਾਨ ਚੁਣਨ ਵਿਚ



NamdhariElibrary NamdhariElibrary@gmail.com

ਮੇਰੇ ਅਕਾਲੀ ਦੋਸਤਾਂ ਦੀ ਪਹਿਲਕਦਮੀ ਤੇ ਸਹਿਯੋਗ ਹੀ ਮੁਢਲੇ ਪ੍ਰੇਰਕ ਸਨ। ਭਾਵੇਂ ਵੱਖ-ਵੱਖ ਪਾਰਟੀਆਂ ਦੇ ਕਈ ਸੀਨੀਅਰ ਆਗੂ ਸਾਡੇ ਨਾਲ ਸ਼ਾਮਲ ਸਨ, ਪਰ ਕਿਉਂਕਿ ਮੂਲ ਤੌਰ 'ਤੇ ਇਹ 'ਵਿਦਿਆਰਥੀ ਅੰਦੋਲਨ' ਸੀ, ਇਸ ਲਈ ਇਸ ਕਮੇਟੀ ਦੇ ਅਹੁਦੇਦਾਰ ਵਿਦਿਆਰਥੀ ਹੀ ਚਾਹੀਦੇ ਸਨ! ਦੂਜੀਆਂ ਪਾਰਟੀਆਂ ਦੇ ਆਗੂ ਤਾਂ ਇਸ ਅੰਦੋਲਨ ਦੇ 'ਸਹਾਇਕ' ਸਨ। ਜੇਲ੍ਹ ਵਿਚ ਵੀ ਉਹ 'ਸਾਡੀ ਅਗਵਾਈ' ਵਿਚ ਚੱਲਣ ਲਈ ਤਿਆਰ ਸਨ!

ਇਹਨੀਂ ਦਿਨੀਂ ਸੀ ਪੀ ਆਈ ਵਾਲਿਆਂ ਦਾ ਮਹਿੰਗਾਈ ਵਿਰੋਧੀ ਅੰਦੋਲਨ ਚੱਲ ਰਿਹਾ ਸੀ ਤੇ ਉਹ ਇਕ ਵੱਖਰੀ ਬੈਰਕ ਵਿਚ ਸਨ। ਸਾਡੇ ਨਾਲ ਸੀ ਪੀ ਐਮ ਦੇ ਕਾਰਕੁੰਨ, ਵਿਦਿਆਰਥੀ, ਅਕਾਲੀ ਦਲ ਦੇ ਮੇਜਰ ਸਿੰਘ ਉਬੋਕੇ (ਜੋ ਪਿੱਛੋਂ ਬਰਨਾਲਾ ਸਰਕਾਰ ਵਿਚ ਮਾਲ-ਮੰਤਰੀ ਤੇ ਉਸ ਪਿੱਛੋਂ ਲੋਕ ਸਭਾ ਦਾ ਮੈਂਬਰ ਵੀ ਬਣਿਆ), ਸ਼੍ਰੋਮਣੀ ਕਮੇਟੀ ਮੈਂਬਰ ਜਗਬੀਰ ਸਿੰਘ ਸਰਹਾਲੀ, ਜਥੇਦਾਰ ਮਨਜੀਤ ਸਿੰਘ ਤਰਨਤਾਰਨੀ ਆਦਿ ਅਤੇ ਨਕਸਲੀ ਸੋਚ ਵਾਲੇ ਲੋਕਾਂ ਵਿਚੋਂ 'ਪੰਜਾਬੀ ਕੌਮ' ਦੇ ਸੰਪਾਦਕ ਬਜ਼ੁਰਗ-ਚਿੰਤਕ ਪਾਲ ਸਿੰਘ ਆਦਿ ਇੱਕੋ ਬੈਰਕ ਵਿਚ ਸਨ। ਪਿੱਛੋਂ ਜਾ ਕੇ ਸ਼੍ਰੋਮਣੀ ਕਮੇਟੀ ਦਾ ਕੁਝ ਸਮਾਂ ਪ੍ਰਧਾਨ ਰਿਹਾ ਅਲਵਿੰਦਰਪਾਲ ਸਿੰਘ ਪੱਖੋਕੇ ਵੀ ਸਾਡੇ ਨਾਲ ਹੀ ਸੀ। ਬੀੜ ਬਾਬਾ ਬੁੱਢਾ ਸਾਹਿਬ ਕਾਲਜ ਵਿਚੋਂ ਫੜ ਕੇ ਲਿਆਂਦਾ ਮੇਰੇ ਗੁਆਂਢੀਆਂ ਦਾ ਲੜਕਾ ਰਾਮ (ਜਿਹੜਾ ਪਿੱਛੋਂ ਜਾ ਕੇ ਲਿਖੀ ਮੇਰੀ ਕਹਾਣੀ 'ਭੱਜੀਆਂ ਬਾਹੀਂ' ਵਿਚ 'ਸਰਵਣ' ਬਣਿਆ) ਮੈਨੂੰ ਉਥੇ ਵੇਖ ਕੇ ਹੌਸਲਾ ਫੜ ਗਿਆ। ਉਹਨੂੰ ਅੰਦੋਲਨ ਜਾਂ ਕਿਸੇ ਪ੍ਰਕਾਰ ਦੀ ਰਾਜਸੀ ਸੋਚ ਨਾਲ ਕੋਈ ਸੰਬੰਧ ਨਹੀਂ ਸੀ। ਉਹ ਤਾਂ ਬੱਸ ਵਿਦਿਆਰਥੀਆਂ ਉੱਤੇ ਪੁਲਸ ਦਾ ਦਬਾਅ ਵਧ ਜਾਣ ਕਰਕੇ ਕਾਬੂ ਆ ਗਿਆ ਸੀ।

ਕਾਬੂ ਤਾਂ ਕਈ ਇਹੋ ਜਿਹੇ ਲੋਕ ਵੀ ਆਏ ਸਨ, ਜਿਨ੍ਹਾਂ ਦਾ ਇਸ ਅੰਦੋਲਨ ਨਾਲ ਦੂਰ ਦਾ ਵੀ ਵਾਸਤਾ ਨਹੀਂ ਸੀ। ਇੱਕ ਰਿਕਸ਼ਾ ਚਾਲਕ ਮੁੰਡਾ ਇਸ ਲਈ ਧਰ ਲਿਆ ਗਿਆ ਸੀ ਕਿਉਂਕਿ ਉਸ ਨੇ ਪਟੇ ਬੜੇ ਸਵਾਰ ਕੇ ਵਾਹੇ ਹੋਏ ਸਨ ਤੇ ਕੱਪੜੇ ਵੀ ਧੋਤੇ ਹੋਏ ਪਹਿਨੇ ਸਨ। ਉਸ ਦੇ ਤਰਲੇ ਮਿੰਨਤਾਂ ਕਰਦਿਆਂ ਵੀ ਉਸ ਨੂੰ ਵਿਦਿਆਰਥੀ 'ਤਸੱਵਰ' ਕਰਕੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਜਸਵੰਤ ਸਿੰਘ ਖਾਲੜਾ ਜੋ ਪਿੱਛੋਂ 'ਅਣਪਛਾਤੀਆਂ ਲਾਸ਼ਾਂ' ਦੇ ਮੁੱਦੇ 'ਤੇ ਬੋਲਣ ਕਰਕੇ ਆਪ ਹੀ 'ਅਣਪਛਾਤੀ ਲਾਸ਼' ਬਣਾ ਦਿੱਤਾ ਗਿਆ, ਉਦੋਂ ਬੀੜ ਬਾਬਾ ਬੁੱਢਾ ਸਾਹਿਬ ਕਾਲਜ ਵਿਚ ਬੀ ਏ ਦਾ ਵਿਦਿਆਰਥੀ ਸੀ। ਮੇਰੇ ਇਲਾਕੇ ਦਾ ਹੋਣ ਕਰਕੇ ਉਹ ਮੇਰਾ ਸਤਿਕਾਰ ਕਰਦਾ ਤੇ ਮੇਰੇ ਲਾਗੇ-ਲਾਗੇ ਰਹਿੰਦਾ। ਵੱਖ-ਵੱਖ ਸਿਆਸੀ ਵਿਚਾਰਧਾਰਾ ਵਾਲੇ ਲੋਕ ਮੌਕਾ ਮਿਲਣ 'ਤੇ ਆਪੋ ਆਪਣੇ ਪ੍ਰਭਾਵ ਵਾਲੇ ਵਿਦਿਆਰਥੀਆਂ ਨਾਲ ਅਲੱਗ-ਅਲੱਗ ਬੈਠਦੇ, ਵਿਚਾਰ ਵਟਾਂਦਰਾ ਕਰਦੇ। ਹਰੇਕ ਗਰੁੱਪ ਦੀ ਦੌੜ ਸੀ ਕਿ ਉਹ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਆਪਣੇ ਪ੍ਰਭਾਵ ਹੇਠਾਂ ਕਰ ਲਵੇ। 'ਸਾਡੇ ਵਿਚਾਰਾਂ ਵਾਲਾ' ਗਰੁੱਪ ਸਭ ਤੋਂ ਵੱਡਾ ਅਤੇ ਭਾਰੂ ਸੀ। ਜਸਵੰਤ ਸਿੰਘ ਖਾਲੜਾ ਨੂੰ ਮੁੱਢਲੀ ਵਿਚਾਰਧਾਰਕ 'ਪਾਹੁਲ' ਸਾਡੇ ਅੰਗ-ਸੰਗ ਰਹਿ ਕੇ ਹੀ ਪ੍ਰਾਪਤ ਹੋਈ।

ਅਸੀਂ ਵੱਖੋ ਵੱਖਰੇ ਸਿਆਸੀ ਵਿਚਾਰਾਂ ਵਾਲੇ ਲੋਕਾਂ ਨਾਲ ਭਾਈਚਾਰਕ ਬਹਿਸਾਂ ਵੀ ਕਰਦੇ। ਆਪਣੀ ਵਿਚਾਰਧਾਰਾ ਨੂੰ ਸ੍ਰੇਸ਼ਠ ਅਤੇ ਵਧੇਰੇ ਲੋਕ-ਹਿਤੈਸ਼ੀ ਸਾਬਤ ਕਰਨ ਦੀ ਕੋਸ਼ਿਸ਼ ਵੀ ਕਰਦੇ। ਇਸ ਦੇ ਬਾਵਜੂਦ ਸਾਡੀ ਆਪਸ ਵਿਚ ਚੰਗੀ ਸਦਭਾਵਨਾ ਬਣੀ ਹੋਈ ਸੀ। ਇੱਕ ਦੂਜੇ ਦੀ ਵਿਚਾਰਧਾਰਾ ਅਤੇ ਅਮਲ ਵਿਚਲੇ ਫ਼ਰਕ ਉੱਤੇ ਅਸੀਂ ਤਿੱਖੇ ਵਿਅੰਗ ਬਾਣ ਵੀ ਛੱਡਦੇ; ਪਰ ਇੱਕ ਦੂਜੇ ਦਾ ਵਾਰ ਸਹਿ ਕੇ ਵੀ ਅਸੀਂ ਖੁੱਲ੍ਹ ਕੇ ਹੱਸਣ ਦੀ ਜਾਚ ਸਿੱਖ ਲਈ ਸੀ। ਬਹੁਤਾ ਟਕਰਾਓ ਸਾਡਾ ਅਤੇ ਅਕਾਲੀਆਂ ਦਾ ਹੁੰਦਾ। ਉਹ ਕਮਿਊਨਿਸਟਾਂ ਦੇ ਆਪੋ ਵਿਚ ਵੰਡੇ ਹੋਣ, ਨਾਸਤਿਕ ਹੋਣ ਤੇ ਚੀਨ ਅਤੇ ਰੂਸ ਦੇ ਏਜੰਟ ਹੋਣ ਦਾ ਮਿਹਣਾ ਮਾਰਦੇ। ਅਸੀਂ 'ਸੱਚੀ ਸਿੱਖੀ' ਅਤੇ ਅਜੋਕੇ ਆਗੂਆਂ ਦੀ 'ਦੰਭੀ ਅਤੇ ਵਿਖਾਵੇ ਵਾਲੀ ਸਿੱਖੀ' ਉੱਤੇ ਚੋਟ ਕਰਦੇ। ਦਰਸ਼ਨ ਸਿੰਘ ਈਸਾਪੁਰ ਅਤੇ ਅਜੀਤ ਸਿੰਘ ਮੌਲਵੀ ਸਾਡੇ ਨਾਲ ਰਲ ਕੇ ਦੰਭੀ ਸਿੱਖੀ ਦਾ ਵਿਰੋਧ ਵੀ ਕਰਦੇ, ਪਰ ਨਾਲ ਹੀ ਇਸ ਗੱਲ ਉੱਤੇ ਵੀ ਜ਼ੋਰ ਦਿੰਦੇ ਕਿ ਮਾਰਕਸਵਾਦ ਨੂੰ ਭਾਰਤ ਦੀਆਂ ਠੋਸ ਹਾਲਤਾਂ ਨੂੰ ਸਮਝ ਕੇ ਹੀ ਲਾਗੂ ਕੀਤਾ ਜਾਣਾ ਚਾਹੀਦਾ ਹੈ। ਆਪਣੇ ਇਤਿਹਾਸ ਦੇ ਇਨਕਲਾਬੀ ਅੰਸ਼ਾਂ ਨਾਲ ਇਸ ਨੂੰ ਜੋੜਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤੇ ਪੰਜਾਬ ਵਿਚ ਸਿੱਖੀ ਤੋਂ ਵੱਧ ਇਨਕਲਾਬੀ ਸੋਚ ਹੋਰ ਕਿਹੜੀ ਹੋ ਸਕਦੀ ਹੈ!

ਸਾਡੇ ਕੋਲ ਹੋਰ ਕਿਹੜਾ ਕੰਮ ਸੀ, ਜਾਬ੍ਹਾਂ ਦੇ ਭੇੜ ਤੋਂ ਸਿਵਾਏ! ਇਹਨਾਂ ਬਹਿਸਾਂ ਤੋਂ ਇਲਾਵਾ ਹਰ ਰੋਜ਼ ਦੁਪਹਿਰੇ ਅਤੇ ਰਾਤ ਨੂੰ ਦੋ-ਢਾਈ ਘੰਟੇ ਲਈ ਵੱਖਰੇ 'ਦੀਵਾਨ' ਵੀ ਲੱਗਦੇ। ਗੀਤ ਤੇ ਕਵਿਤਾਵਾਂ ਸੁਣਾਈਆਂ ਜਾਂਦੀਆਂ। ਵਿਦਿਆਰਥੀਆਂ ਦਾ ਮਨੋਬਲ ਬਣਾਈ ਰੱਖਣ ਲਈ ਭਾਵੁਕ ਤਕਰੀਰਾਂ ਕੀਤੀਆਂ ਜਾਂਦੀਆਂ। ਬਾਹਰ ਚੱਲ ਰਹੇ ਅੰਦੋਲਨ ਦੀ ਜੇਲ੍ਹ ਕਰਮਚਾਰੀਆਂ ਤੋਂ ਮਿਲੀ ਉੱਡਦੀ-ਉੱਡਦੀ ਜਾਣਕਾਰੀ ਵਿਦਿਆਰਥੀਆਂ ਨਾਲ ਸਾਂਝੀ ਕੀਤੀ ਜਾਂਦੀ ਤੇ 'ਅੰਤਿਮ ਜਿੱਤ' ਤੱਕ ਰਲ ਕੇ ਸੰਘਰਸ਼ ਕਰਨ ਦਾ ਪ੍ਰਣ ਹਰ ਰੋਜ਼ ਦੁਹਰਾਇਆ ਜਾਂਦਾ।

ਇਹਨਾਂ ਦੀਵਾਨਾਂ ਦੀ ਸਟੇਜ ਮੇਰੇ ਕੋਲ ਹੁੰਦੀ। ਇੱਕ ਰਾਤ ਨੂੰ ਮੈਂ ਆਪਣੀ ਬੜ੍ਹੀ ਦੇ ਆਸ-ਪਾਸ ਬੈਠੇ ਸਾਥੀ ਹਵਾਲਾਤੀਆਂ ਦੇ ਇਕੱਠ ਨੂੰ ਸੰਬੋਧਿਤ ਕਰਨ ਤੋਂ ਪਿੱਛੋਂ ਅਜੀਤ ਸਿੰਘ ਮੌਲਵੀ ਨੂੰ ਆਪਣੇ ਵਿਚਾਰ ਪੇਸ਼ ਕਰਨ ਲਈ ਆਖਿਆ। ਗੱਲ ਨੂੰ ਤਾਂ ਸਾਰੇ ਹੀ ਵਧਾ-ਚੜ੍ਹਾ ਕੇ ਪੇਸ਼ ਕਰਦੇ ਸਨ, ਪਰ ਅਜੀਤ ਸਿੰਘ ਮੌਲਵੀ ਨੇ ਤਾਂ ਕਮਾਲ ਹੀ ਕਰ ਦਿੱਤੀ। 'ਜ਼ਾਲਮ ਸਰਕਾਰ' ਦਾ ਪਾਜ ਖੋਲ੍ਹਦਿਆਂ ਉਸ ਨੇ ਬੜੇ ਹੀ ਭਾਵੁਕ ਅੰਦਾਜ਼ ਵਿਚ ਆਖਿਆ, "ਪਿਆਰੇ ਸਾਥੀਓ! ਇਹ ਜ਼ਾਲਮ ਕਾਂਗਰਸ ਸਰਕਾਰ ਮੁਗਲਾਂ ਅਤੇ ਅੰਗਰੇਜ਼ਾਂ ਦੇ ਵੀ ਜ਼ੁਲਮਾਂ ਨੂੰ ਪਾਰ ਕਰ ਗਈ ਹੈ। ਨਿਹੱਥਿਆਂ, ਬੇਦੋਸ਼ਿਆਂ ਨੂੰ ਕੋਹ-ਕੋਹ ਕੇ ਮਾਰ ਰਹੀ ਹੈ, ਡਾਂਗਾਂ ਨਾਲ ਕੁੱਟ ਰਹੀ ਹੈ, ਜੇਲ੍ਹਾਂ ਵਿਚ ਤੁੰਨ ਰਹੀ ਹੈ। ਪਰ ਅੱਜ ਤਾਂ ਜ਼ੁਲਮ ਦੀ ਹੱਦ ਹੀ ਹੋ ਗਈ। ਹੁਣੇ ਕੁਝ ਦੇਰ ਪਹਿਲਾਂ ਲਾਹੌਰ ਰੇਡੀਓ ਨੇ ਖ਼ਬਰ ਦਿੱਤੀ ਹੈ ਕਿ ਭਾਰਤ ਵੱਲੋਂ ਸਤਲੁਜ ਦਰਿਆ ਵਿਚ ਰੁੜ੍ਹਦੀਆਂ ਆਉਂਦੀਆਂ ਘੱਟੋ-ਘੱਟ ਸੌ ਨੌਜਵਾਨਾਂ ਦੀਆਂ ਲਾਸ਼ਾਂ ਪਾਕਿਸਤਾਨੀ ਫ਼ੌਜ ਨੇ ਬਾਹਰ ਕੱਢੀਆਂ ਹਨ। ਸਾਥੀਓ! ਇਹ ਜਾਬਰ ਸਰਕਾਰ ਨੌਜਵਾਨਾਂ ਦਾ ਖੁਰਾ-ਖੋਜ ਮਿਟਾਉਣ 'ਤੇ ਤੁਲੀ ਹੋਈ ਹੈ। ਇਸ ਸਰਕਾਰ ਦਾ ਜ਼ੁਲਮ ਦਾ ਭਰਿਆ ਬੇੜਾ ਡੁੱਬਣ ਦਾ ਵਕਤ ਆ ਚੁੱਕਾ ਹੈ। ਦਿਲਾਂ 'ਚ ਅੱਗ, ਅੱਖਾਂ 'ਚ ਰੋਹ ਅਤੇ ਹੱਥਾਂ 'ਚ ਹਥਿਆਰ ਲੈ ਕੇ ਜੂਝਣ ਦਾ ਮੌਕਾ ਆ ਚੁੱਕਾ ਹੈ...।"

"ਬੋਲੇ ਸੋ ਨਿਹਾਲ"

"ਸਤਿ ਸ੍ਰੀ ਅਕਾਲ"

ਜੈਕਾਰੇ ਗੂੰਜਣ ਲੱਗੇ। 'ਇਨਕਲਾਬ! ਜ਼ਿੰਦਾਬਾਦ!' ਤੇ 'ਜ਼ਾਲਮ ਸਰਕਾਰ! ਮੁਰਦਾਬਾਦ!!' ਦੀਆਂ ਰੋਹ ਭਰੀਆਂ ਆਵਾਜ਼ਾਂ ਉੱਠੀਆਂ। ਮੁੱਕੇ ਤਣ ਗਏ। ਮੈਂ ਜਿਹੜਾ ਹੁਣ ਤੱਕ ਆਪਣਾ ਹਾਸਾ ਰੋਕਣ ਦਾ ਭਰਪੂਰ ਯਤਨ ਕਰ ਰਿਹਾ ਸਾਂ, ਨਾਹਰਿਆਂ ਦੇ ਸ਼ੋਰ ਦਾ ਲਾਭ ਉਠਾਉਂਦਿਆਂ ਛੇਤੀ ਨਾਲ ਉੱਠਿਆ ਤੇ ਆਪਣੇ 'ਠੀਕ ਨਾ ਹੋਣ' ਦਾ ਇਸ਼ਾਰਾ ਕਰਕੇ ਦੂਰ ਪਰ੍ਹਾਂ ਇੱਕ ਖੱਡੀ ਦੇ ਓਹਲੇ ਜਾ ਕੇ ਲੇਟ ਗਿਆ।


Namdhari Elibrary NamdhariElibrary@gm

ਸਭ ਦੀਆਂ ਅੱਖਾਂ ਬਚਾ ਕੇ ਵੱਖੀਆਂ ਚੋਂ ਬਾਹਰ ਨਿਕਲਦੇ ਹਾਸੇ ਨੂੰ ਸ਼ਾਂਤ ਕੀਤਾ।

ਅਜੀਤ ਸਿੰਘ ਮੌਲਵੀ ਮੈਨੂੰ ਤਾੜ ਗਿਆ ਸੀ। ਆਪਣੇ ਤੋਂ ਪਿੱਛੋਂ ਕਿਸੇ ਹੋਰ ਨੂੰ ਬੋਲਣ ਦਾ ਮੌਕਾ ਦੇ ਕੇ ਉਹ ਅਤੇ ਇਕ-ਦੋ ਜਣੇ ਹੋਰ ਮੇਰੀ 'ਖਬਰ-ਸੁਰਤ' ਲੈਣ ਲਈ ਮੇਰੇ ਕੋਲ ਆਏ। ਮੈਂ ਲੰਮਾ ਪਿਆ ਹੱਸੀ ਜਾ ਰਿਹਾ ਸੀ। ਉਹ ਵੀ ਸਮਝ ਗਏ। ਅਸੀਂ ਸਾਰੇ ਹੱਸਣ ਲੱਗੇ। ਮੈਂ ਮੌਲਵੀ ਨੂੰ ਕਿਹਾ, "ਕਿਉਂ ਏਨਾ ਕੁਫ਼ਰ ਤੋਲਦਾ ਏਂ! ਸਾਰੀ ਦਿਹਾੜੀ ਮੇਰੇ ਕੋਲ ਰਿਹਾ ਏਂ। 'ਲਾਹੌਰ ਰੇਡੀਓ' ਕਿੱਥੋਂ ਸੁਣ ਆਇਐਂ! ਤੇ 'ਸੌ ਲਾਸ਼ਾਂ' ਕੁਝ ਜ਼ਿਆਦਾ ਨਹੀਂ ਹੋ ਗਈਆਂ?"

ਮੌਲਵੀ ਕਹਿੰਦਾ, "ਮੁੰਡਿਆਂ 'ਚ ਤੇਲ ਪਾਈ ਰੱਖਣਾ ਜਰੂਰੀ ਐ, ਨਹੀਂ ਤਾਂ ਬਲਣੋਂ ਬੁਝ ਜਾਣਗੇ...।"

"ਪਰ ਅੱਜ ਤਾਂ ਤੇਲ ਇੰਨਾ ਜ਼ਿਆਦਾ ਸੀ ਕਿ ਲੈਂਪ ਤੋਂ ਬਾਹਰ ਉੱਛਲ-ਉੱਛਲ ਕੇ ਡੁੱਲ੍ਹੀ ਜਾਂਦਾ ਸੀ......!"

## 'ਲੁੱਟਿਆ ਦੁੱਧ'

ਮੈਂ ਆਪਣੇ ਭਾਸ਼ਣ ਵਿਚ ਸਿੱਖੀ ਦੇ ਇਨਕਲਾਬੀ ਅੰਸ਼ ਦੀ ਗੱਲ ਵੀ ਕਰਦਾ। ਇਕ ਦਿਨ ਮੈਂ ਆਪਣਾ ਗੀਤ ਸੁਣਾਇਆ।

"ਲਾਲੋਆਂ ਦਾ ਯਾਰ ਦੇ ਕੇ ਭਾਗੋ ਨੂੰ ਵੰਗਾਰ ਗੱਲ ਸੱਚ ਦੀ ਕਹੇ।
ਪੂਰੀਆਂ 'ਚ ਖੂਨ ਹੈ ਗਰੀਬਾਂ ਦਾ, ਜਿਨ੍ਹਾਂ ਤੇਰੇ ਜ਼ੁਲਮ ਸਹੇ।
ਅਸੀਂ ਜੱਗ ਵਿਚ ਬਾਲਣੀ ਸੱਚਾਈ ਵਾਲੀ ਅੱਗ।
ਤਾਂ ਕਿ 'ਨੇਰ੍ਹੇ' 'ਚ ਪਛਾਣੇ ਜਾਣ ਤੇਰੇ ਜਿਹੇ ਠੱਗ।
ਲੈਣੀ ਹੱਕ ਦੀ ਬੰਦੂਕ ਪੈਂਦੀ ਹੱਥ 'ਚ
ਨਾ ਗੱਲ ਜਦੋਂ ਵੱਸ ਦੀ ਰਹੇ।
ਪੂਰੀਆਂ 'ਚ ਖੂਨ ਹੈ ਗਰੀਬਾਂ ਦਾ
ਜਿਨ੍ਹਾਂ ਨੇ ਤੇਰੇ ਜ਼ੁਲਮ ਸਹੇ।"

ਗੀਤ ਸੁਣ ਕੇ ਮੇਜਰ ਸਿੰਘ ਉਬੋਕੇ ਹੱਸ ਕੇ ਕਹਿਣ ਲੱਗਾ, "ਸਾਡੇ ਗੁਰੂ ਨੂੰ ਕਾਮਰੇਡ ਬਣਾ ਧਰਿਆ ਈ!"

"ਜੇ ਗੁਰੂ ਅੱਜ ਹੁੰਦਾ ਤਾਂ ਉਹਨੇ ਕਾਮਰੇਡ ਹੀ ਹੋਣਾ ਸੀ ਜਾਂ ਕਾਮਰੇਡਾਂ ਨੂੰ ਆਪਣੇ ਵਰਗੇ ਸਿੱਖ ਬਣਾ ਲੈਣਾ ਸੀ।"

ਦੂਰੋਂ ਅਕਾਲੀ ਦਲ ਦੇ ਕਿਸਾਨ ਵਿੰਗ ਦਾ ਕਨਵੀਨਰ ਆਪਣੀ ਖੱਡੀ ਤੋਂ ਸਿਰ ਚੁੱਕ ਕੇ ਉੱਚੀ ਆਵਾਜ਼ ਵਿਚ ਬੋਲਿਆ, "ਓ ਨਾਸਤਕੋ! ਓ ਨਾਸਤਕੋ! ਸਾਡੇ ਗੁਰੂ ਨੂੰ ਕਾਮਰੇਡ ਨਾ ਆਖੋ ਉਏ!"

"ਤੂੰ ਗੁਰੂ ਦੀ ਸੱਜੀ ਵੱਖੀ ਚੋਂ ਨਿਕਲਿਐਂ, ਕੀ ਗੱਲ ਗੁਰੂ ਸਾਡਾ ਨਹੀਂ ਕੁਝ ਲੱਗਦਾ!" ਮੌਲਵੀ ਨੇ ਕਿਹਾ। ਹਾਸੜ ਮਚ ਗਈ। ਕਨਵੀਨਰ ਛਿੱਥਾ ਜਿਹਾ ਪੈ ਕੇ 'ਸ਼ਾਂਤ' ਹੋ ਗਿਆ।

ਜਸਵੰਤ ਖਾਲਤਾ ਅਤੇ ਸਾਡੇ ਪ੍ਰਭਾਵ ਹੇਠਲੇ ਮੁੰਡਿਆਂ ਨੇ ਬੈਰਕ ਦੀਆਂ ਅੰਦਰਲੀਆਂ ਕੰਧਾਂ 'ਤੇ ਕੋਲੇ ਨਾਲ ਇਨਕਲਾਬੀ ਨਾਅਰੇ ਅਤੇ ਸ਼ੇਅਰ ਲਿਖੇ ਹੋਏ ਸਨ:

ਅਸੀਂ ਮੀਲ ਪੱਥਰ ਬਣ ਕੇ
ਗੱਡੇ ਰਹਿਣ ਵਿਚ ਵਿਸ਼ਵਾਸ ਨਹੀਂ ਰੱਖਦੇ
ਅਸੀਂ ਇਕ ਸਫ਼ਰ ਬਣ ਕੇ ਜੀਣ ਵਿੱਚ ਵਿਸ਼ਵਾਸ ਰੱਖਦੇ ਹਾਂ।
(ਜਗਤਾਰ)

*ਸ਼ਬਦ ਤਾਂ ਕਹੇ ਜਾ ਚੁੱਕੇ ਹਨ
ਸਾਥੋਂ ਵੀ ਬਹੁਤ ਪਹਿਲਾਂ ਦੇ,
ਅਸਾਡੀ ਹਰ ਜ਼ੁਬਾਨ ਜੇ ਹੋ ਸਕੇ ਤਾਂ
ਕੱਟ ਲੈਣਾ
(ਲਾਲ ਸਿੰਘ ਦਿਲ)

*ਜਦੋਂ ਸਿਰ, ਸਿਰ ਤੋਂ ਤੁਰ ਕੇ,
ਤਲੀ 'ਤੇ ਆਣ ਟਿਕਦਾ ਹੈ,
ਉਦੋਂ ਕੋਈ ਦਿਨੇ ਟਿਕਦਾ ਹੈ,
ਨਾ ਰਾਤ ਟਿਕਦਾ ਹੈ,
ਉਦੋਂ ਕੋਈ ਸ਼ਿਵਾ ਵਰ ਦਏ ਨਾ ਦਏ,
ਸ਼ੁਭ ਕਰਮਨ ਤੋਂ ਕੋਈ,
ਕਦੋਂ ਡਰਦਾ ਹੈ।
(ਸੰਤ ਸੰਧੂ)

*ਏਨਾ ਹੀ ਬਹੁਤ ਹੈ ਕਿ ਮੇਰੇ ਖੂਨ ਨੇ ਰੁੱਖ ਸਿੰਜਿਆ,
ਕੀ ਹੋਇਆ ਜੇ ਪੱਤਿਆਂ 'ਤੇ ਮੇਰਾ ਨਾਮ ਨਹੀਂ ਹੈ।
(ਪਾਤਰ)

ਇੱਕ ਜਣੇ ਨੇ ਕੰਧ ਉੱਤੇ ਬੰਦੂਕ ਦੀ ਤਸਵੀਰ ਬਣਾ ਕੇ ਇਹ ਵੀ ਲਿਖ ਦਿੱਤਾ:

'ਰਾਜ ਸੱਤਾ ਬੰਦੂਕ ਦੀ ਨਾਲੀ ਵਿੱਚੋਂ ਨਿਕਲਦੀ ਹੈ।'

ਅਸੀਂ ਕੁਝ ਦਿਨਾਂ ਤੋਂ ਸੋਚ ਰਹੇ ਸਾਂ ਕਿ ਸਾਡੇ ਵਿਚੋਂ ਬੰਦਿਆਂ ਨੂੰ 'ਬੀਮਾਰ' ਮੰਨ ਕੇ ਡਾਕਟਰ ਉਹਨਾਂ ਲਈ ਦੁੱਧ ਮਨਜ਼ੂਰ ਕਰ ਦੇਵੇ ਜਾਂ ਜੇਲ੍ਹ ਅਧਿਕਾਰੀ ਆਪ ਹੀ ਸਾਨੂੰ ਦੁੱਧ ਦੇਣਾ ਮੰਨ ਜਾਣ, ਤਾਂ ਕਿ ਅਸੀਂ ਲੋਢੇ ਵੇਲੇ ਦੀ ਆਪਣੀ ਚਾਹ ਆਪ ਤਿਆਰ ਕਰ ਲਿਆ ਕਰੀਏ। ਲੋਢੇ ਵੇਲੇ ਸਾਨੂੰ ਗੁੜ ਦੀ ਢੇਲੀ ਤੇ ਲੱਪ ਕੁ ਭੁੱਜੇ ਛੋਲੇ ਹੀ ਮਿਲਦੇ ਸਨ। ਚਾਹ ਨਹੀਂ ਸੀ ਮਿਲਦੀ। ਜੇਲ੍ਹ ਅਧਿਕਾਰੀ ਦੁੱਧ ਦੀ ਮੰਗ ਨਹੀਂ ਸਨ ਮੰਨ ਰਹੇ।

ਅਗਲੇ ਦਿਨ ਜਦੋਂ ਜੇਲ੍ਹ ਦੇ ਕਰਮਚਾਰੀ ਦੁੱਧ ਦੀਆਂ ਬਾਲਟੀਆਂ ਭਰੀ ਵੱਖ-ਵੱਖ ਬੈਰਕਾਂ ਵਿੱਚ 'ਮਨਜ਼ੂਰ ਹੋਇਆ' ਦੁੱਧ ਕੈਦੀਆਂ ਨੂੰ ਵੰਡਣ ਜਾ ਰਹੇ ਸਨ, ਤਾਂ ਮੈਂ ਅੱਠ-ਦਸ ਵਿਦਿਆਰਥੀਆਂ ਨਾਲ ਉਥੇ ਖੜੋਤਾ ਸਾਂ। ਵਿਦਿਆਰਥੀ ਪੁੱਛਣ ਲੱਗੇ, "ਭਾ ਜੀ! ਇਹਨਾਂ ਤੋਂ ਦੁੱਧ ਖੋਹ ਨਾ ਲਈਏ?"

ਮੈਂ ਅੱਖ ਦਾ ਇਸ਼ਾਰਾ ਕਰਕੇ ਪਾਸੇ ਹੋ ਗਿਆ, ਤਾਂ ਕਿ ਜੇਲ੍ਹ ਅਧਿਕਾਰੀ 'ਜੇਲ੍ਹ ਕਮੇਟੀ ਦੇ ਜ਼ਿੰਮੇਵਾਰ ਪ੍ਰਧਾਨ' ਨੂੰ ਨੇਮ ਤੋੜਨ ਦਾ ਉਲ੍ਹਾਮਾ ਨਾ ਦੇਣ।

ਮੁੰਡੇ ਜੈਕਾਰੇ ਛੱਡਦੇ ਦੁੱਧ ਦੀਆਂ ਦੋ ਬਾਲਟੀਆਂ ਖੋਹ ਕੇ ਬੈਰਕ ਅੰਦਰ ਲੈ ਆਏ। ਇਹ ਜੇਲ੍ਹ ਦੇ ਕਾਨੂੰਨ ਨੂੰ ਹੱਥ ਵਿਚ ਲੈਣ ਵਾਲੀ ਗੱਲ ਸੀ। ਤੁਰੰਤ ਜੇਲ੍ਹ ਦੇ ਉੱਚ-ਅਧਿਕਾਰੀ ਗਾਰਦ ਸਮੇਤ ਪੁੱਜ ਗਏ। ਉਹਨਾਂ ਨੇ ਦੋਸ਼ੀ ਵਿਦਿਆਰਥੀਆਂ ਨੂੰ ਪੇਸ਼ ਕਰਨ ਲਈ ਕਿਹਾ। ਉਹਨਾਂ ਦਾ ਆਗੂ ਹੋਣ ਦੇ ਨਾਤੇ ਮੈਂ ਆਖਿਆ, "ਇੱਕ ਤਾਂ ਸਾਡੀ ਵਾਰ-ਵਾਰ ਦੀ ਬੇਨਤੀ ਨੂੰ ਅਣਗੌਲਿਆਂ ਕਰਕੇ ਤੁਸੀਂ ਸਾਡੇ ਲਈ ਦੁੱਧ ਮਨਜ਼ੂਰ ਨਹੀਂ ਕਰ ਰਹੇ। ਦੂਜਾ ਤੁਹਾਡੇ ਦੁੱਧ ਵੰਡਣ ਵਾਲੇ ਕਰਮਚਾਰੀ ਸਵੇਰੇ ਦੁੱਧ ਵੰਡਦੇ ਸਾਡੇ ਮੁੰਡਿਆਂ ਦਾ ਮਜ਼ਾਕ ਉਡਾ ਰਹੇ ਸਨ, ਅਖੇ: 'ਆਓ ਤੁਹਾਨੂੰ ਦਈਏ ਸਮੁੰਦਰ ਦੇ ਗੱਫੇ!' ਮੁੰਡਿਆਂ ਨੇ ਰੋਸ ਵਿੱਚ ਆ ਕੇ ਹੀ ਇਹ ਕਾਰਵਾਈ ਕੀਤੀ ਹੈ। ਨਾਲੇ ਪਹੁੰਚ ਵਾਲਿਆਂ ਨੂੰ ਦੁੱਧ ਦੀ ਤਾਂ ਗੱਲ ਈ ਛੱਡੋ ਜੇਲ੍ਹ ਵਿਚ ਹੋਰ ਵੀ ਕੀ ਕੁਝ ਨਹੀਂ ਮਿਲਦਾ!"

ਸਾਡੀ ਦਲੀਲ, ਰੋਹ ਤੇ ਅਟੱਲ ਨਿਸਚੈ ਨੂੰ ਭਾਂਪਦਿਆਂ ਡਿਪਟੀ ਨੇ ਵਾਅਦਾ ਕੀਤਾ ਕਿ ਉਹ ਉੱਚ ਅਧਿਕਾਰੀਆਂ ਨਾਲ ਗੱਲ ਕਰਕੇ ਇਕ ਦੋ ਦਿਨਾਂ ਤੱਕ ਦੁੱਧ ਲੁਆ ਦੇਣਗੇ। ਹੋਏ ਸਮਝੌਤੇ ਅਨੁਸਾਰ ਜੇਲ੍ਹ

ਅਧਿਕਾਰੀ 'ਲੁਟਿਆ ਦੁੱਧ' ਵਾਪਸ ਲੈ ਕੇ ਚਲੇ ਗਏ।

ਅਸੀਂ ਬਾਅਦ ਵਿਚ ਬੈਠ ਕੇ ਅੱਜ ਦੀ ਘਟਨਾ ਬਾਰੇ ਸੋਚਣ ਲੱਗੇ। ਇਹ ਸਾਡੀ ਅੱਧੀ ਜਿੱਤ ਤੇ ਅੱਧੀ ਹਾਰ ਸੀ। ਸਰਬ-ਸੰਮਤੀ ਨਾਲ ਫ਼ੈਸਲਾ ਹੋਇਆ ਕਿ ਆਪਣਾ ਦਬਾਅ ਹੋਰ ਵਧਾਉਣਾ ਚਾਹੀਦਾ ਹੈ।

"ਭੁੱਖ ਹੜਤਾਲ ਕਰ ਦਈਏ, ਜਿੰਨਾ ਚਿਰ ਦੁੱਧ ਨਹੀਂ ਮਨਜ਼ੂਰ ਕਰਦੇ", ਕਿਸੇ ਨੇ ਸੁਝਾਅ ਦਿੱਤਾ।

"ਠੀਕ ਹੈ! ਠੀਕ ਹੈ! ਮੁੰਡਿਆਂ ਨੇ ਰੌਲਾ ਚੁੱਕ ਦਿੱਤਾ।

'ਆਵਾਮ ਦੀ ਰਾਇ' ਨੂੰ ਲੀਡਰਸ਼ਿਪ ਕਿਵੇਂ ਅੱਖੋਂ ਓਹਲੇ ਕਰ ਸਕਦੀ ਸੀ! ਸਵੇਰ ਦੀ ਰੋਟੀ ਆਈ ਤਾਂ ਅਸੀਂ ਖਾਣ ਤੋਂ ਨਾਂਹ ਕਰ ਦਿੱਤੀ। ਇੰਨੇ ਜਣਿਆਂ ਦੀ ਭੁੱਖ ਹੜਤਾਲ ਜੇਲ੍ਹ ਵਿਚ ਇਕ ਵੱਡੀ ਘਟਨਾ ਸੀ। ਸਰਕਾਰ ਦੀ ਤਾਂ ਅੱਗੇ ਹੀ ਬੜੀ ਬਦਨਾਮੀ ਸੀ। ਇਸ ਭੁੱਖ ਹੜਤਾਲ ਦਾ ਜ਼ਿਕਰ ਬਾਹਰ ਜਾਣ ਨਾਲ ਜੇਲ੍ਹ-ਅਧਿਕਾਰੀਆਂ ਲਈ ਪਰੇਸ਼ਾਨੀ ਖੜੀ ਹੋ ਜਾਣੀ ਸੀ। ਡਿਪਟੀ ਸੁਪਰਡੈਂਟ ਦੌੜਿਆ ਆਇਆ। ਅੱਗੇ ਸੰਗਤ ਦੀਵਾਨ ਸਜਾ ਕੇ ਬੈਠੀ ਸੀ। ਜੇਲ੍ਹ-ਅਧਿਕਾਰੀਆਂ ਦੇ ਸਖ਼ਤ ਰਵੱਈਏ ਦੀ ਨਿਖੇਧੀ ਕੀਤੀ ਜਾ ਰਹੀ ਸੀ। ਗਰਮਾ-ਗਰਮ ਭਾਸ਼ਣ ਹੋ ਰਹੇ ਸਨ।

ਏਨੇ ਚਿਰ ਵਿਚ ਡਿਓੜ੍ਹੀ ਵਿਚੋਂ ਸੁਨੇਹਾ ਆਇਆ ਕਿ ਸ਼੍ਰੋਮਣੀ ਅਕਾਲੀ ਦਲ ਦਾ ਕਾਰਜਕਾਰੀ ਪ੍ਰਧਾਨ ਜਥੇਦਾਰ ਮੋਹਨ ਸਿੰਘ ਤੁੜ ਡਿਓੜ੍ਹੀ ਵਿਚ ਸੁਪਰਡੈਂਟ ਦੇ ਦਫ਼ਤਰ ਵਿਚ ਅਕਾਲੀ ਤੇ ਵਿਦਿਆਰਥੀ ਆਗੂਆਂ ਨਾਲ ਮੁਲਾਕਾਤ ਕਰਨ ਲਈ ਬੈਠਾ ਉਡੀਕ ਰਿਹਾ ਹੈ।

ਅੱਗੇ ਵੀ ਅਸੀਂ ਰੋਟੀ ਤੋਂ ਪਿੱਛੋਂ ਰੋਜ਼ ਦੀਵਾਨ ਲਾ ਕੇ ਬੈਠਦੇ ਸਾਂ। ਜਿਸ ਦੀ ਮੁਲਾਕਾਤ ਆਉਂਦੀ, ਉਹ ਉੱਠ ਕੇ ਮੁਲਾਕਾਤ ਕਰਨ ਲਈ ਤੁਰ ਜਾਂਦਾ, ਪਰ ਅੱਜ ਤਾਂ ਖ਼ਾਸ ਦਿਨ ਸੀ। ਜੇਲ੍ਹ ਅਧਿਕਾਰੀਆਂ ਦੀ 'ਤਾਨਾਸ਼ਾਹੀ' ਪ੍ਰਤੀ 'ਵਿਰੋਧ ਦਿਵਸ!' ਅਸੀਂ ਭੁੱਖ ਹੜਤਾਲ ਅਤੇ ਧਰਨੇ ਉੱਤੇ ਬੈਠੇ ਸਾਂ! ਜੇਲ੍ਹ ਅਧਿਕਾਰੀਆਂ ਨੂੰ ਡਰ ਵੀ ਸੀ ਕਿ ਜੇ ਅਸੀਂ ਗੱਲ ਨਾ ਮੰਨੇ ਤਾਂ ਜਥੇਦਾਰ ਤੁੜ ਰਾਹੀਂ ਗੱਲ ਬਾਹਰ ਵੀ ਜਾ ਸਕਦੀ ਸੀ; ਪਰ ਨਾਲ ਉਹਨਾਂ ਨੂੰ ਆਸ ਵੀ ਸੀ ਕਿ ਵੱਖਰੇ ਤੌਰ 'ਤੇ ਜੇਲ੍ਹ ਆਗੂਆਂ ਨਾਲ ਗੱਲ ਕਰਕੇ ਜਥੇਦਾਰ ਤੁੜ ਦੀ ਹਾਜ਼ਰੀ ਵਿਚ ਸਾਨੂੰ ਸਮਝੌਤੇ ਲਈ ਮਨਵਾਇਆ ਵੀ ਜਾ ਸਕਦਾ ਸੀ।

ਮੈਂ ਇਸ ਗੱਲ ਦਾ ਅਨੁਮਾਨ ਲਾ ਕੇ ਮੰਚ ਤੋਂ ਐਲਾਨ ਕਰ ਦਿੱਤਾ, "ਬਤੌਰ ਜੇਲ੍ਹ ਕਮੇਟੀ ਦਾ ਪ੍ਰਧਾਨ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਜਥੇਦਾਰ ਤੁੜ ਹੋਰਾਂ ਨੂੰ ਡਿਓੜ੍ਹੀ ਵਿਚ ਮਿਲਣ ਨਹੀਂ ਜਾਵਾਂਗੇ। ਅਸੀਂ ਧੰਨਵਾਦੀ ਹਾਂ ਕਿ ਉਹ ਸਾਨੂੰ ਮਿਲਣ ਆਏ ਹਨ; ਪਰ ਅਸੀਂ ਰੋਸ ਧਰਨੇ ਅਤੇ ਭੁੱਖ ਹੜਤਾਲ 'ਤੇ ਬੈਠੇ ਹਾਂ। ਜਥੇਦਾਰ ਤੁੜ ਹੋਰਾਂ ਨੂੰ ਆਖਿਆ ਜਾਵੇ ਕਿ ਉਹ ਸਗੋਂ ਆਪ ਏਥੇ ਚੱਲ ਕੇ ਆਉਣ ਤੇ ਸਾਡੀ ਦਾਦ- ਫ਼ਰਿਆਦ ਵੀ ਸੁਣਨ।"

ਜੇਲ੍ਹ-ਅਧਿਕਾਰੀ ਇਸ ਲਈ ਤਿਆਰ ਨਹੀਂ ਸਨ। ਇਸ ਨੂੰ ਨਿਯਮਾਂ ਦੇ ਉਲਟ ਆਖ ਰਹੇ ਸਨ। ਮੈਨੂੰ ਅਚਨਚੇਤ ਖ਼ਿਆਲ ਆਇਆ। ਮੈਂ ਆਖਿਆ, "ਸੀ ਪੀ ਆਈ ਦੇ ਕਾਮਰੇਡਾਂ ਨੂੰ ਉਹਨਾਂ ਦੀ ਬੈਰਕ ਵਿਚ ਆ ਕੇ ਕਾਮਰੇਡ ਤੇਜਾ ਸਿੰਘ ਸੁਤੰਤਰ ਮਿਲ ਕੇ ਮੁਲਾਕਾਤ ਕਰ ਕੇ ਗਏ ਹਨ, ਤਾਂ ਜਥੇਦਾਰ ਤੁੜ ਕਿਉਂ ਨਹੀਂ ਜੇਲ੍ਹ ਅੰਦਰ ਆ ਸਕਦੇ?"

ਜੇਲ੍ਹ ਅਧਿਕਾਰੀ ਇੱਕ ਤਰ੍ਹਾਂ ਨਿਰੁੱਤਰ ਹੋ ਗਏ। ਉਹਨਾਂ ਮੇਜਰ ਸਿੰਘ ਉਬੋਕੇ ਅਤੇ ਇੱਕ ਦੋ ਹੋਰ ਅਕਾਲੀ ਆਗੂਆਂ ਨੂੰ ਵੱਖਰੇ ਉਠਾ ਕੇ ਸਲਾਹ ਦਿੱਤੀ ਕਿ ਜੇ ਵਿਦਿਆਰਥੀ ਆਗੂ ਜਥੇਦਾਰ ਤੁੜ ਨੂੰ ਮਿਲਣ ਨਹੀਂ ਜਾਣਾ ਚਾਹੁੰਦੇ, ਤਾਂ ਤੁਸੀਂ ਤਾਂ ਆਪਣੇ ਆਗੂ ਨੂੰ ਮਿਲਣ ਜਾ ਸਕਦੇ ਹੋ। ਮੇਜਰ ਸਿੰਘ ਉਬੋਕੇ ਨੇ ਠੋਕ ਵਜਾ ਕੇ ਜਵਾਬ ਦਿੱਤਾ, "ਏਥੇ ਅਸੀਂ ਜੇਲ੍ਹ ਕਮੇਟੀ ਦੇ ਪ੍ਰਧਾਨ ਦਾ ਹੁਕਮ ਮੰਨਣ ਲਈ ਪਾਬੰਦ ਹਾਂ। ਜਥੇਦਾਰ ਤੁੜ ਹੋਰਾਂ ਨੂੰ ਇਥੇ ਹੀ ਬੁਲਾਇਆ ਜਾਏ।"

ਜੇਲ੍ਹ ਅਧਿਕਾਰੀ ਮਜਬੂਰ ਹੋ ਗਏ ਤੇ ਕੁਝ ਮਿੰਟਾਂ ਪਿੱਛੋਂ ਮੋਹਨ ਸਿੰਘ ਤੁੜ ਸਾਡੇ ਵਿਚਕਾਰ ਸੀ। ਸਾਡੇ 'ਧੂੰਆਂਧਾਰ' ਭਾਸ਼ਣ ਸਨ ਤੇ ਜਥੇਦਾਰ ਤੁੜ ਦੇ ਹਮਦਰਦੀ ਦੇ ਫਹੇ ਰੱਖਣ ਵਾਲੇ ਬੋਲ। ਹਰ ਤਰ੍ਹਾਂ ਦੀ ਸੰਭਵ ਮਦਦ ਕਰਨ ਦਾ ਅਕਾਲੀ ਦਲ ਦਾ ਭਰੋਸਾ।

ਅਜੀਤ ਸਿੰਘ ਮੌਲਵੀ ਨੇ ਕਿਹਾ, "ਸਭ ਫਿੱਟਣੀਆਂ ਦਾ ਫੇਟ ਔਹ ਸਾਹਮਣੇ ਖਲੋਤਾ ਡਿਪਟੀ ਸੁਪਰਡੈਂਟ ਹੈ। ਇਹ ਵਾਅਦੇ ਕਰਦਾ ਹੈ, ਪਰ ਸਿਰੇ ਨਹੀਂ ਚੜ੍ਹਾਉਂਦਾ। ਅਸੀਂ ਇਹਦੇ ਜ਼ੁਲਮਾਂ ਦਾ ਹੋਕਾ ਸਾਰੇ ਪੰਜਾਬ ਵਿਚ ਫੈਲਾ ਦਿਆਂਗੇ।"

ਡਿਪਟੀ ਦਾ ਰੰਗ ਜ਼ਰਦ ਹੋ ਰਿਹਾ ਸੀ। ਉਸ ਨੇ ਤਾਂ ਅਜੇ ਘੰਟਾ ਕੁ ਪਹਿਲਾਂ ਹੀ ਵਾਅਦਾ ਕੀਤਾ ਸੀ। ਏਡੀ ਛੇਤੀ ਸਿਰੇ ਚਾੜ੍ਹਨਾ ਸ਼ਾਇਦ ਉਸ ਇਕੱਲੇ ਦੇ ਵੱਸ ਵਿਚ ਵੀ ਨਾ ਹੋਵੇ!

ਅਸੀਂ ਮੋਹਨ ਸਿੰਘ ਤੁੜ ਨਾਲ ਡਿਓੜ੍ਹੀ ਵਿਚ ਗਏ। ਜੇਲ੍ਹ ਸੁਪਰਡੈਂਟ ਨੂੰ ਮਿਲੇ। ਸਵੇਰ ਤੋਂ ਦੁੱਧ ਲੱਗ ਜਾਣ ਦਾ ਫ਼ੈਸਲਾ ਹੋ ਗਿਆ। ਜਥੇਦਾਰ ਤੁੜ ਡਿਓੜ੍ਹੀ' ਚੋਂ ਬਾਹਰ ਨਿਕਲੇ ਤਾਂ ਡਿਪਟੀ ਸੁਪਰਡੈਂਟ ਮੌਲਵੀ ਨਾਲ ਗਿਲਾ ਕਰਨ ਲੱਗਾ ਕਿ ਉਹ ਉਸ ਦਾ ਘਾਣ ਕਰਨ ਲਈ ਕਿਉਂ ਤੁਲਿਆ ਹੋਇਆ ਹੈ! ਮੌਲਵੀ ਨੇ ਹੱਸ ਕੇ ਵਿਖਾ ਦਿੱਤਾ, "ਛੇਤੀ ਮੰਨ ਲਿਆ ਕਰੋ ਨਾ ਫਿਰ ਸਾਡੀ ਗੱਲ।"

ਅਸੀਂ ਓਥੇ ਹੀ ਸਾਂ ਕਿ ਕਾਂਗਰਸੀ ਆਗੂ ਰਘੂਨੰਦਨ ਲਾਲ ਭਾਟੀਆ ਸਾਨੂੰ ਮਿਲਣ ਪਹੁੰਚ ਗਿਆ। ਮੇਰੇ ਅੰਦਰ ਦਾ 'ਇਨਕਲਾਬੀ ਜੋਸ਼' ਹੁੰਗਾਰ ਪਿਆ, "ਭਾਟੀਆ ਸਾਹਬ! ਤੁਹਾਨੂੰ ਅੱਜ ਸਾਨੂੰ ਮਿਲਣ ਦਾ ਚੇਤਾ ਆਇਐ? ਏਥੇ ਅੰਬਰਸਰ ਵਿਚ ਬੈਠਿਆਂ ਹੋਇਆਂ ਵੀ? ਹੁੰਦਾ ਤੁਹਾਡਾ ਆਪਣਾ ਪੁੱਤਰ ਜੇਲ੍ਹ ਅੰਦਰ ਤਾਂ ਦੇਖਦੇ ਤੁਹਾਡੀ ਰੂਹ ਨੂੰ ਕਿਵੇਂ ਚੈਨ ਆਉਂਦਾ!"

ਉਹ ਸਪੱਸ਼ਟੀਕਰਨ ਦੇਣ ਲੱਗਾ ਕਿ ਉਹ ਤਾਂ ਦਿੱਲੀ ਤੋਂ ਅੱਜ ਹੀ ਅੰਮ੍ਰਿਤਸਰ ਪੁੱਜਾ ਹੈ ਤੇ ਆਉਂਦੇ ਸਾਰ ਹੀ ਸਾਨੂੰ ਮਿਲਣ ਲਈ ਆ ਗਿਆ ਹੈ। ਏਨਾ ਫ਼ਿਕਰਮੰਦ ਹੈ ਉਹ ਸਾਡੇ ਲਈ!

ਮੈਂ ਆਪਣੇ ਰੋਸ ਧਰਨੇ ਅਤੇ ਭੁੱਖ ਹੜਤਾਲ ਦਾ ਜ਼ਿਕਰ ਕੀਤਾ ਤੇ ਹੁਣੇ ਹੋਇਆ ਸਮਝੌਤਾ ਆਪੇ ਹੀ ਤੋੜ ਦਿੱਤਾ

"ਜਾਂ ਤਾਂ ਸਾਨੂੰ ਹੁਣੇ ਹੀ ਦੁੱਧ ਮੰਗਵਾ ਕੇ ਦਿੱਤਾ ਜਾਵੇ, ਨਹੀਂ ਤਾਂ ਕੱਲ੍ਹ ਤੱਕ ਜਿੰਨਾ ਚਿਰ ਦੁੱਧ ਨਹੀਂ ਮਿਲਦਾ, ਅਸੀਂ ਹੜਤਾਲ 'ਤੇ ਰਹਾਂਗੇ।"

ਜੇਲ੍ਹ ਸੁਪਰਡੈਂਟ ਮੇਰੇ ਮੂੰਹ ਵੱਲ ਵੇਖਣ ਲੱਗਾ। ਕੈਸਾ ਆਦਮੀ ਸਾਂ ਮੈਂ! ਪਰ ਮੈਂ ਭਖੇ ਲੋਹੇ 'ਤੇ ਸੱਟ ਮਾਰਨੋਂ ਖੁੰਝਣਾ ਨਹੀਂ ਸੀ ਚਾਹੁੰਦਾ। ਕਾਂਗਰਸ ਦੀ ਸਰਕਾਰ ਸੀ ਅਤੇ ਕਾਂਗਰਸੀ ਹੋਣ ਕਰਕੇ ਭਾਟੀਆ ਦੀ ਗੱਲ ਤੁਰਤ ਵੀ ਮੰਨੀਂ ਜਾ ਸਕਦੀ ਸੀ।

ਭਾਟੀਆ ਨੇ ਜੇਲ੍ਹ ਅਧਿਕਾਰੀਆਂ ਨੂੰ ਕਿਹਾ, "ਸਵੇਰੇ ਵੀ ਦੇਣਾ ਹੀ ਹੈ, ਜੇ ਹੁਣੇ ਦੇ ਦਈਏ ਤਾਂ ਕੀ ਫ਼ਰਕ ਪੈਣ ਲੱਗਾ ਹੈ। ਆਖੋ ਤਾਂ ਮੈਂ ਕੋਲੋਂ ਪੈਸੇ ਦੇ ਦਿੰਦਾ ਹਾਂ।"

ਜੇਲ੍ਹ ਸੁਪਰਡੈਂਟ ਕੋਲ ਕੋਈ ਚਾਰਾ ਨਹੀਂ ਸੀ। ਉਸ ਨੇ ਕਰਮਚਾਰੀਆਂ ਨੂੰ ਦੁੱਧ ਦਾ ਪ੍ਰਬੰਧ ਕਰਕੇ ਛੇਤੀ ਤੋਂ ਛੇਤੀ ਡਿਓੜ੍ਹੀ ਵਿਚ ਲਿਆਉਣ ਲਈ ਕਿਹਾ। ਮੈਂ ਅਤੇ ਮੇਰੇ ਸਾਥੀ ਹੁਣ ਸਦਭਾਵਨਾ ਵਾਲੇ ਮਾਹੌਲ ਵਿਚ ਕਹਿ ਰਹੇ ਸਾਂ, "ਸਾਨੂੰ ਵਿਰੋਧ ਕਰਨ ਦਾ ਸ਼ੌਕ ਤਾਂ ਨਹੀਂ ਜੀ! ਜੇ ਸਾਡੀਆਂ ਜਾਇਜ਼ ਮੰਗਾਂ ਮੰਨ ਲਈਆਂ ਜਾਇਆ ਕਰਨ ਤਾਂ ਅਸੀਂ ਕਿਉਂ ਜੇਲ੍ਹ ਦੇ ਕਾਨੂੰਨ ਤੋੜਾਂਗੇ!"

ਚਲਦਾ...


Namdhari Elibrary NamdhariElibrary@gmail.com



# ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ

*—ਸੰਤ ਸਿੰਘ*



ਸਾਡਾ ਪਰਿਵਾਰ ਜੱਦੀ ਨਾਮਧਾਰੀ ਹੈ। ਮੇਰੇ ਨਾਨਕਿਆਂ ਵਲੋਂ ਸਾਂਝ ਹੋਰ ਵੀ ਗਹਿਰੀ ਹੈ ਕਿਉਂਕਿ ਮੇਰੇ ਨਾਨਾ ਜੀਉਣ ਸਿੰਘ ਜੀ, ਸਤਿਗੁਰੂ ਹਰੀ ਸਿੰਘ ਜੀ ਦੇ ਦੋਹਤਰੇ ਸਨ। ਸਤਿਗੁਰੂ ਹਰੀ ਸਿੰਘ ਜੀ ਦੇ ਪਹਿਲੇ ਮਹਿਲ ਮਾਤਾ ਸਾਹਿਬ ਕੌਰ ਜੀ ਦੀਆਂ ਦੋ ਲੜਕੀਆਂ ਸਨ-ਬੀਬੀ ਮਹਿਤਾਬ ਕੌਰ ਅਤੇ ਬੀਬੀ ਭਾਗੋ। ਬੀਬੀ ਮਹਿਤਾਬ ਕੌਰ ਦਾ ਅਨੰਦ ਕਿਲਾ ਰਾਏਪੁਰ ਦੇ ਹਜ਼ਾਰਾ ਸਿੰਘ ਦੇ ਲੜਕੇ ਬਿਸ਼ਨ ਸਿੰਘ ਨਾਲ ਹੋਇਆ ਸੀ। ਇਹਨਾਂ ਦੇ ਘਰ ਇਕ ਪੁੱਤਰ ਨੇ ਜਨਮ ਲਿਆ ਜਿਸ ਦਾ ਨਾਮ ਜੀਉਣ ਸਿੰਘ ਰਖਿਆ। ਇਹ ਬੱਚਾ ਹਾਲੇ ਛੇ ਮਹੀਨਿਆਂ ਦਾ ਹੀ ਸੀ ਕਿ ਮਾਤਾ ਚੜ੍ਹਾਈ ਕਰ ਗਈ। ਮਗਰ ਜੀਉਣ ਸਿੰਘ ਦਾ ਪਾਲਣ ਪੋਸ਼ਣ ਮਾਤਾ ਜੀਉਣ ਕੌਰ ਜੀ ਨੇ ਸ੍ਰੀ ਭੈਣੀ ਸਾਹਿਬ ਵਿਚ ਕੀਤਾ।

ਇਹ ਭੀ ਏਥੇ ਦਸਣ ਯੋਗ ਹੋਵੇਗਾ ਕਿ ਹਜ਼ਾਰਾ ਸਿੰਘ ਸ੍ਰ. ਕਾਬਲ ਸਿੰਘ ਜੋ ਸਤਿਗੁਰੂ ਰਾਮ ਸਿੰਘ ਜੀ ਦੇ ਭਣੱਵਈਏ ਸਨ, ਦਾ ਸਭ ਤੋਂ ਛੋਟਾ ਭਰਾ ਸੀ। ਸ. ਕਾਬਲ ਸਿੰਘ ਸਭ ਤੋਂ ਵੱਡੇ ਸਨ, ਉਹਨਾਂ ਤੋਂ ਛੋਟੇ ਦਰਬਾਰਾ ਸਿੰਘ ਅਤੇ ਉਨ੍ਹਾਂ ਤੋਂ ਕਾਹਨ ਸਿੰਘ ਤੇ ਹਜ਼ਾਰਾ ਸਿੰਘ ਸਨ।

ਜੀਉਣ ਸਿੰਘ ਜਦ ਪੰਜ ਕੁ ਵਰ੍ਹਿਆਂ ਦੇ ਹੋਏ ਤਾਂ ਇਹਨਾਂ ਨੂੰ ਆਪਣੇ ਪਿਤਾ ਦੇ ਪਾਸ ਭੇਜ ਦਿਤਾ ਸੀ, ਤਾਂਕਿ ਉਥੇ ਰਹਿਕੇ ਆਪਣੇ ਟੱਬਰ ਵਿਚ ਰਚਮਿਚ ਅਤੇ ਆਪਣਾ ਜੱਦੀ ਕੰਮ ਕਾਰ ਸਿੱਖ ਸਕੇ। ਉਪਰੰਤ ਜੀਉਣ ਸਿੰਘ ਦਾ ਅਨੰਦ ਤਰਨਤਾਰਨ ਦੇ ਨਿਹਾਲ ਸਿੰਘ ਦੀ ਲੜਕੀ ਧੰਨ ਕੌਰ ਨਾਲ ਸਤਿਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਹੋਇਆ। ਜੀਉਣ ਸਿੰਘ ਜੀ ਦੇ ਘਰ ਪੰਜ ਲੜਕੇ ਅਤੇ ਤਿੰਨ ਲੜਕੀਆਂ ਦਾ ਜਨਮ ਹੋਇਆ। ਸਾਰਿਆਂ ਤੋਂ ਛੋਟੀ ਲੜਕੀ ਜਾਗੀਰ ਕੌਰ ਮੇਰੇ ਮਾਤਾ ਜੀ ਸਨ।

ਇਸ ਤਰ੍ਹਾਂ ਭੈਣੀ ਸਾਹਿਬ ਨਾਲ ਸਾਂਝ ਬਣੀ ਹੋਈ ਸੀ। ਮੇਰਾ ਨਾਨਕਾ ਪ੍ਰਵਾਰ ਤਾਂ ਏਥੇ ਕਈ ਕਈ ਮਹੀਨੇ ਰਹਿੰਦਾ ਸੀ ਕਿਉਂਕਿ ਮਾਤਾ ਜੀਉਣ ਕੌਰ ਜੀ ਨਾਲ ਸਨੇਹ ਬਹੁਤ ਸੀ। ਪੁਰਾਣੇ ਭੈਣੀ ਸਾਹਿਬ ਦੀ ਬਣਤਰ ਕੁਝ ਏਹੋ ਜਿਹੀ ਸੀ। ਭੈਣੀ ਸਾਹਿਬ ਵੱਡੇ ਦਰਵਾਜ਼ੇ ਤੋਂ ਲੰਘ ਕੇ ਖਬੇ ਪਾਸੇ ਹਲਟੀ ਵਾਲਾ ਖੂਹ ਸੀ। ਇਹ ਇਕ ਹੀ ਰਸਤਾ ਸੀ ਰਾਮਸਰ ਜਾਣ ਵਾਸਤੇ। ਅਗੇ ਗੜਵੇ ਬਣਾਉਣ ਵਾਲਿਆਂ ਦੀਆਂ ਦੁਕਾਨਾਂ ਹੁੰਦੀਆਂ ਸਨ। ਏਥੇ ਇਹ ਰਸਤਾ ਥੋੜ੍ਹਾ ਜਿਹਾ ਸੱਜੇ ਮੁੜਕੇ ਖੱਬੇ ਨੂੰ ਹੋ ਜਾਂਦਾ ਸੀ ਅਤੇ ਸਿੱਧਾ ਰਮਸਰ ਕੋਠੀ ਜਾਂਦਾ ਸੀ। ਗੜਵਿਆਂ ਵਾਲਿਆਂ ਦੇ ਸਾਹਮਣੇ ਕੋਣੇ ਦੀ ਕੋਠੜੀ ਕਾਲਾ ਸਿੰਘ ਦੀ ਹੁੰਦੀ ਸੀ। ਏਸੇ ਵਿਚ ਸਾਡਾ ਅਕਸਰ ਡੇਰਾ ਹੁੰਦਾ ਸੀ। ਸ਼ਾਮ ਨੂੰ ਇਸ ਸੜਕ 'ਤੇ ਪਾਣੀ ਦਾ ਛਿੜਕਾਅ ਹੋ ਜਾਂਦਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਸ਼ਾਮ ਨੂੰ ਭੈਣੀ ਸਾਹਿਬ ਤੋਂ ਨਿਕਲ ਕੇ ਰਾਮਸਰ ਕੋਠੀ ਵਲ ਜਾਇਆ ਕਰਦੇ ਸਨ। ਸਤਿਗੁਰੂ ਜੀ ਦੇ ਨਾਲ ਦੋ ਚਾਰ ਸੇਵਕ ਹੁੰਦੇ। ਸਤਿਗੁਰੂ ਜੀ ਹੌਲੀ ਹੌਲੀ ਇਸ ਰਸਤੇ ਤੇ ਚਲਦੇ ਤਾਂ ਪਿੰਡ ਦੀ ਮੁੰਡੀਰ ਉਸ ਸਮੇਂ ਸਤਿਗੁਰੂ ਜੀ ਨੂੰ ਭੱਜ- ਭੱਜ ਕੇ ਜਾ ਕੇ ਮੱਥਾ ਟੇਕਦੀ। ਸਤਿਗੁਰੂ ਜੀ ਸਾਰਿਆਂ ਤੇ ਆਪਣੀ ਪਿਆਰ ਭਰੀ ਦ੍ਰਿਸ਼ਟੀ ਪਾਉਂਦੇ ਅਤੇ ਸਾਰਿਆਂ ਬਚਿਆਂ ਨੂੰ ਬਦਾਮ ਜਾਂ ਬਰਫ਼ੀ ਵਗੈਰ ਕੁੱਝ ਨਾ ਕੁੱਝ ਵੰਡਦੇ। ਸਤਿਗੁਰੂ ਜੀ ਦਾ ਆਉਣਾ ਇਕ ਬੜਾ ਹੀ ਅਲੌਕਿਕ ਦ੍ਰਿਸ਼ ਹੁੰਦਾ ਸੀ। ਮੇਰੀ ਉਮਰ ਕੋਈ ਚਾਰ ਕੁ ਸਾਲ ਦੀ ਹੋਵੇਗੀ। ਬਾਲ ਅਵਸਥਾ ਵਿਚ ਵੇਖਿਆ ਇਹ ਨਜ਼ਾਰਾ ਅਜੇ ਵੀ ਜਿਓਂ ਦਾ ਤਿਓਂ ਹੀ ਹੈ। ਜਿੰਨੀ ਦੇਰ ਪਿਤਾ ਜੀ ਨੇ ਉਥੇ ਰਹਿਣਾ ਉਹਨਾਂ ਦਾ ਮੋਟਰ ਸਾਈਕਲ ਬਾਬਾ ਜੀ ਦੇ ਕੋਲ ਹੀ ਹੁੰਦਾ। ਉਹ ਇਸ ਨੂੰ ਏਧਰ ਉਧਰ ਭਜਾਈ ਫਿਰਦੇ। ਸਾਨੂੰ ਇਸ ਦੀ ਅਵਾਜ਼ ਕਦੇ ਇਕ ਪਾਸੇ ਤੋਂ ਕਦੇ ਦੂਜੇ ਪਾਸੇ ਤੋਂ ਸੁਣਾਈ ਦਿੰਦੀ। ਬਾਲ ਅਵਸਥਾ ਵਿਚ ਕੋਈ ਨਜ਼ਾਰਾ ਬਹੁਤ ਆਕਰਸ਼ਕ ਹੁੰਦਾ ਹੈ। ਉਹ ਆਪਣਾ ਅਸਰ ਪੱਕਾ ਮਨ ਤੇ ਛਡ ਜਾਂਦਾ ਹੈ। ਸਤਿਗੁਰੂ ਜੀ ਦੇ ਇਹ ਦਰਸ਼ਨ ਜਿਥੇ ਅਲੌਕਿਕ ਸਨ ਉਥੇ ਉਹਨਾਂ ਨਾਲ ਇਕ ਵਿਸ਼ੇਸ਼ ਸਤਿਕਾਰ ਦੀ ਤਾਂਘ ਵੀ ਮਨ ਵਿਚ ਪੈਦਾ ਹੁੰਦੀ ਹੈ।

ਮੇਰੇ ਪਿਤਾ ਜੀ ਸ੍ਰ. ਬਚਨ ਸਿੰਘ ਦਾ ਪਿੰਡ ਚੱਕ ਨੰਬਰ 31, ਜ਼ਿਲਾ ਸਰਗੋਧਾ ਸੀ। ਇਹ ਪੰਜਾਬ ਪੀ. ਡਬਲਯੂ. ਡੀ. ਦੇ ਮਹਿਕਮੇ ਵਿਚ ਓਵਰਸੀਅਰ ਸਨ। ਇਹਨਾਂ ਦੀ ਬਦਲੀ ਨਵੰਬਰ 1941 ਵਿਚ ਹਿਸਾਰ ਤੋਂ ਸ਼ਿਮਲਾ ਹੋ ਗਈ ਸੀ। ਉਪਰੰਤ ਸੰਨ 1952 ਤਕ ਦਾ ਅਧਿਕਤਰ ਸਮਾਂ ਸ਼ਿਮਲਾ ਹੀ ਗੁਜ਼ਾਰਿਆ ਸੀ।


NamdhariElibrary NamdhariElibrary@gmail.com

ਸ਼ਿਮਲੇ ਪਿਤਾ ਜੀ ਨੇ ਮਾਰਚ 1942 ਵਿਚ ਇਕ ਕੋਠੜੀ ਖਰੀਦ ਲਈ ਸੀ। ਇਹ ਕਸਬਾ ਉਥੇ ਲੋਅਰ ਕਥ ਕਰਕੇ ਜਾਣਿਆ ਜਾਂਦਾ ਹੈ। ਸ਼ਿਮਲੇ ਦੇ ਬਹੁਤ ਸਾਰੇ ਰਾਮਗੜ੍ਹੀਆ ਅਤੇ ਨਾਮਧਾਰੀ ਪਰਵਾਰ ਏਥੇ ਹੀ ਰਹਿੰਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਡੇਰਾ ਸ੍ਰ. ਅਮਰ ਸਿੰਘ ਜੀ ਦੇ ਜਾਂ ਸਾਡੇ ਘਰ ਹੀ ਹੁੰਦਾ ਸੀ। ਇਸ ਕਰਕੇ ਸਾਧ ਸੰਗਤ ਦੇ ਦਰਸ਼ਨ ਅਕਸਰ ਹੁੰਦੇ ਰਹਿੰਦੇ ਸਨ।

ਸ਼ਿਮਲਾ ਪਹਾੜੀ ਇਲਾਕਾ ਹੋਣ ਕਰਕੇ ਉਹਨਾਂ ਦਿਨਾਂ ਵਿਚ ਆਣ-ਜਾਣ ਦਾ ਸਾਧਨ ਸਿਰਫ਼ ਪੈਦਲ ਹੀ ਹੁੰਦਾ ਸੀ। ਸਤਿਗੁਰੂ ਜੀ ਦੇ ਦਰਸ਼ਨ ਦੇਣ ਸਮੇਂ ਮੇਰੀ ਦੌੜ ਅਕਸਰ ਵਧ ਜਾਂਦੀ ਸੀ। ਕਿਉਂਕਿ ਸਬਜ਼ੀ ਭਾਜੀ ਵੀ ਦੂਰ ਤੋਂ ਹੀ ਲਿਆਉਣੀ ਪੈਂਦੀ ਸੀ। ਸੋਧ ਦੇ ਜਲ ਵਾਸਤੇ ਵੀ ਇਕ ਹੀ ਬਾਉਲੀ ਸੀ। ਰਸਤੇ ਵੀ ਮੁਸ਼ਕਲ ਸਨ। ਫਿਰ ਸਵੇਰ ਸ਼ਾਮ ਸਾਧ ਸੰਗਤ ਦੀ ਇਕਤਰਤਾ ਅਤੇ ਨਾਲ ਆਏ ਸਿੱਖਾਂ ਦੀ ਰਿਹਾਇਸ਼ ਵਗੈਰਾ ਦਾ ਕਾਫ਼ੀ ਕੰਮ ਹੋਣ ਕਰਕੇ, ਮੇਰੀ ਸਕੂਲ ਤੋਂ ਤਾਂ ਛੁੱਟੀ ਹੀ ਹੁੰਦੀ ਸੀ ਅਤੇ ਸਾਰਾ ਸਮਾਂ ਇਹਨਾਂ ਕੰਮਾਂ ਵਿਚ ਹੀ ਲੰਘ ਜਾਂਦਾ ਸੀ। ਮੇਰੀ ਰੁੱਚੀ ਵੀ ਇਹਨਾਂ ਕੰਮਾਂ ਵਿਚ ਬਹੁਤ ਸੀ। ਜਦ ਭੀ ਸਤਿਗੁਰੂ ਜੀ ਦਾ ਦੌਰਾ ਤਿੰਨ ਚਾਰ ਦਿਨਾਂ ਦਾ ਹੁੰਦਾ ਸੀ, ਤਾਂ ਸਾਡੇ ਘਰ ਇਕ ਅਖੰਡ ਪਾਠ ਦਾ ਪ੍ਰੋਗਰਾਮ ਵੀ ਜ਼ਰੂਰ ਬਣਦਾ।

ਮੈਨੂੰ ਸਭ ਤੋਂ ਪੁਰਾਣੀ ਗੱਲ ਜੋ ਯਾਦ ਆ ਰਹੀ ਉਹ ਹੈ ਇਕ ਅਖੰਡ ਪਾਠ ਜਿਹੜਾ ਸ੍ਰ. ਅਮਰ ਸਿੰਘ ਹੁਰਾਂ ਦੇ ਘਰ 1946 ਵਿਚ ਹੋਇਆ। ਭਾਵ ਅਨਦਾੜ੍ਹੀਆ ਸਾਂ ਫਿਰ ਵੀ ਮੈਨੂੰ ਧੂਫੀਆ ਲਗਾਇਆ ਗਿਆ ਸੀ। ਮੈਨੂੰ ਸਮਝਾ ਦਿਤਾ ਗਿਆ ਸੀ ਕਿ ਇਸੀ ਤਰ੍ਹਾਂ ਸਭ ਕੁਝ ਕਰਨਾ ਹੈ। ਸੋਧ ਮਰਯਾਦਾ ਬਾਰੇ ਭੀ ਦਸਿਆ। ਉਹਨਾਂ ਦਿਨਾਂ ਵਿਚ ਸੋਧ ਰਖਣੀ ਔਖੀ ਇਸ ਲਈ ਹੁੰਦੀ ਸੀ ਕਿਉਂਕਿ ਸੁੱਚ ਕਪੜੇ ਨਹੀਂ ਸਨ ਹੁੰਦੇ। ਸਿਰਫ ਇਕ ਗਰਮ ਪਸ਼ਮ ਦੀ ਚਾਦਰ ਹੀ ਹੁੰਦੀ ਸੀ। ਇਸ ਅਖੰਡ ਪਾਠ ਦੇ ਭੋਗ ਦੇ ਸਮੇਂ ਵੀ ਮੇਰੀ ਹੀ ਰੌਲ ਸੀ। ਨਾਰੀਅਲ ਤੇ ਹਵਨ ਵੀ ਕਰਨਾ ਸੀ। ਨਾਲ ਦੇ ਸਿੱਖਾਂ ਨੇ ਮੈਨੂੰ ਸਭ ਕੁਝ ਸਿਖਾ ਦਿਤਾ ਸੀ। ਭੋਗ ਦੇ ਸਮੇਂ ਨਾਰੀਅਲ ਦਾ ਪਟਾਖਾ ਭੀ ਪਿਆ। ਉਸ ਦੇ ਕੋਲੇ ਮੇਰੇ ਉਤੇ ਭੀ ਡਿਗੇ। ਸਤਿਗੁਰੂ ਸੱਚੇ ਪਾਤਸ਼ਾਹ ਜੀ ਵੀ ਕੋਲ ਹੀ ਬੈਠੇ ਸਭ ਕੁਝ ਦੇਖ ਰਹੇ ਸਨ। ਪਟਾਖਾ ਪੈਣ ਦਾ ਤਜਰਬਾ ਤਾਂ ਭਾਵੇਂ ਮੇਰਾ ਪਹਿਲਾ ਹੀ ਸੀ, ਪਰ ਮੈਨੂੰ ਕੋਈ ਹੈਰਾਨੀ ਘਬਰਾਹਟ ਨਹੀਂ ਹੋਈ ਕਿਉਂਕਿ ਮੈਂ ਇਸ ਬਾਰੇ ਪਹਿਲਾਂ ਸੁਣਿਆ ਹੋਇਆ ਸੀ ਅਤੇ ਸਭ ਤੋਂ ਵੱਡੀ ਗੱਲ ਕਿ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੋਇਆ ਸੀ।

ਅਖੰਡ ਪਾਠ ਤੋਂ ਪਹਿਲਾਂ ਸ਼ਾਮ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਧ ਸੰਗਤ ਨੂੰ ਸੰਬੋਧਨ ਕਰਦਿਆਂ ਭਗਤ ਪਹਿਲਾਦ ਦੀ ਜਨਮ ਦੀ ਸਾਖੀ ਸੁਣਾਈ ਸੀ ਕਿ ਕਿਸ ਤਰ੍ਹਾਂ ਭਗਤ ਇਕ ਰਾਖਸ਼ਸ਼ ਦੇ ਘਰ ਪੈਦਾ ਹੋ ਗਿਆ। ਇਸ ਅਖੰਡ ਪਾਠ ਤੋ ਮਗਰੋਂ ਤੇ ਸ਼ਿਮਲੇ ਇਕ ਪਿਰਤ ਹੀ ਪੈ ਗਈ ਕਿ ਜਦ ਭੀ ਕਦੀ ਅਖੰਡ ਪਾਠ ਹੋਣਾ ਤਾਂ ਮੈਨੂੰ ਧੂਫੀਏ ਦੀ ਡਿਊਟੀ ਨਿਭਾਉਣੀ ਪੈਂਦੀ। ਇਸ ਦੇ ਮੈਨੂੰ ਕਈ ਫਾਇਦੇ ਹੋਏ। ਸਭ ਤੋਂ ਵੱਡਾ ਇਹ ਕਿ ਸ਼ੁੱਧ ਮਰਯਾਦਾ ਦੀ ਸਮਝ ਆ ਗਈ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਕੋਲ ਹੋ ਕੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋ ਗਿਆ।

ਵੱਡੇ ਅਫ਼ਸਰਾਂ ਨੂੰ ਕਿਸ ਤਰਾਂ ਮਿਲੀਦਾ ਹੈ, ਕਿਸ ਤਰਾਂ ਉਹਨਾਂ ਦਾ ਸਤਿਕਾਰ ਕਰੀਦਾ ਹੈ, ਇਸ ਦਾ ਅਨੁਭਵ ਤਾਂ ਸਭ ਕੁਝ ਕਰਨ ਤੋਂ ਮਗਰੋਂ ਹੀ ਆਉਂਦਾ ਹੈ। ਉਹਨਾਂ ਦਿਨਾਂ ਵਿਚ ਸ਼ਿਮਲੇ ਸਤਿਗੁਰੂ ਜੀ ਨੂੰ ਆਮ ਤੌਰ ਤੇ ਲੋਕ ਮਹਾਰਾਜ ਹੀ ਕਹਿੰਦੇ ਸਨ। ਜਦੋਂ ਸਚੇ ਪਾਤਸ਼ਾਹ ਜੀ ਦਰਸ਼ਨ ਦੇਂਦੇ ਤਾਂ ਬਹੁਤ ਸਾਰੇ ਸਿੱਖ ਸੇਵਕ ਨਾਲ ਆਉਂਦੇ ਤਾਂ ਉਹਨਾਂ ਦੇ ਮੂੰਹੋਂ ਸਤਿਗੁਰੂ ਸ਼ਬਦ ਸੁਣਦੇ। ਭਾਈ ਵਜ਼ੀਰ ਸਿੰਘ ਹੁਰਾਂ ਨਾਲ ਮੇਰਾ ਖਾਸ ਪ੍ਰੇਮ ਸੀ। ਉਹਨਾਂ ਕੋਲੋਂ ਸਤਿਗੁਰੂ ਜੀ ਦੀਆਂ ਅਨੇਕਾਂ ਹੀ ਸਾਖੀਆਂ ਸੁਣਕੇ ਬਹੁਤ ਅਨੰਦ ਆਉਂਦਾ ਸੀ। ਕਹਿੰਦੇ ਹਨ ਕਿ ਸੰਗਤ ਦਾ ਬੜਾ ਅਸਰ ਹੁੰਦਾ ਹੈ। ਅੱਛੀ ਸੰਗਤ ਤੋਂ ਬਹੁਤ ਕੁਝ ਸਿਖਣ ਨੂੰ ਮਿਲਦਾ ਹੈ। ਸਤਿਗੁਰੂ ਜੀ ਦੇ ਨਾਲ ਆਏ ਸਿੱਖਾਂ ਨਾਲ ਹੋਰ ਕਿਹੜੀ ਅੱਛੀ ਸੰਗਤ ਹੋਣੀ ਹੈ। ਸੋ ਏਥੇ ਬਹੁਤ ਕੁਝ ਪ੍ਰਾਪਤ ਹੁੰਦਾ ਹੈ।

ਸੰਨ 1949 ਵਿਚ ਇਕ ਅਖੰਡ ਪਾਠ ਮਾਈਥ ਕੋਠੀ ਵਿਚ ਹੋਇਆ ਸੀ। ਇਹ ਕੋਠੀ ਕਿਸੇ ਅੰਗਰੇਜ਼ ਦੀ ਸੀ ਜੋ ਬਾਦ ਵਿਚ ਇਕ ਹਿੰਦੂ ਸੇਠ ਨੇ ਖ਼ਰੀਦ ਲਈ ਸੀ। ਸਤਿਗੁਰੂ ਜੀ ਦਾ ਸੇਵਕ ਸੀ। ਮੈਂ ਇਥੇ ਧੂਫੀਆ ਸਾਂ। ਬਿਲਮ ਕੋਠੀ ਦੇ ਆਲੇ ਦੁਆਲੇ ਇਕ ਪੰਜ ਕੁ ਫੁੱਟ ਚੌੜਾ ਬਰਾਂਡਾ ਸੀ। ਰੌਲ ਤੋਂ ਬਾਅਦ ਮੈਂ ਇਸ ਬਰਾਂਡੇ ਵਿਚ ਬੈਠਾ ਸਾਂ। ਹੋਰ ਭੀ ਕੁਝ ਸਿੰਘ ਕਿਤੇ ਕਿਤੇ ਬੈਠੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਸਫੈਦ ਕਪੜੇ ਪਹਿਨੇ ਹੋਏ ਠੁਮਕ ਠੁਮਕ ਕਰਦੇ ਇਸ ਬਰਾਂਡੇ ਵਿਚ ਆਏ। ਜਦ ਸਿੱਖਾਂ ਦੇ ਕੋਲੋਂ ਲੰਘੇ ਤਾਂ ਸਿੱਖਾਂ ਨੇ ਖੜ੍ਹੇ ਹੋ ਕੇ ਕਮਰ ਤਕ ਝੁਕ ਕੇ, ਹਥ ਜੋੜ ਕੇ ਨਮਸ਼ਕਾਰ ਕੀਤੀ। ਮੈਨੂੰ ਪਹਿਲਾਂ ਪਤਾ ਨਹੀਂ ਸੀ ਕਿ ਜੇਕਰ ਇਸ ਤਰਾਂ ਸੱਚੇ ਪਾਤਸ਼ਾਹ ਆ ਜਾਣ ਤਾਂ ਕਿਵੇਂ ਸਤਿਕਾਰ ਕਰਨਾ ਹੈ। ਦੂਸਰਿਆਂ ਨੂੰ ਦੇਖ ਕੇ ਜਦੋਂ ਸਚੇ ਪਾਤਸ਼ਾਹ ਜੀ ਮੇਰੇ ਕੋਲੋਂ ਲੰਘੇ ਤਾਂ ਮੈਂ ਵੀ ਉਸੇ ਤਰ੍ਹਾਂ ਝੁਕਕੇ ਨਮਸਕਾਰ ਕੀਤਾ। ਸਤਿਗੁਰੂ ਜੀ ਆਪਣੀ ਮਿਠੀ ਜਿਹੀ ਮੁਸਕਾਨ ਬਖੇਰਦੇ ਹੋਏ, ਸਾਰਿਆਂ ਤਪਦਿਆਂ ਹਿਰਦਿਆਂ ਨੂੰ ਠੰਡ ਪਾਉਂਦੇ ਗਏ। ਇਸ ਸਮੇਂ ਸਤਿਗੁਰੂ ਜੀ ਕਿਸੇ ਵਿਸ਼ੇਸ਼ ਮੁਦਰਾ ਵਿਚ ਸਨ। ਚਾਲ ਬਹੁਤ ਅਨੋਖੀ ਅਤੇ ਮਸਤ ਕਰਨ ਵਾਲੀ ਸੀ। ਚਿਹਰੇ ਦਾ ਜਲਾਲ ਭੀ ਏਨਾ ਕਿ ਅੱਖਾਂ ਟਿਕਦੀਆਂ ਨਹੀਂ ਸਨ। ਮੈਨੂੰ ਉਹ ਨਜ਼ਾਰਾ ਅਜ ਤਕ ਉਸੇ ਤਰ੍ਹਾਂ ਹੀ ਯਾਦ ਹੈ। ਉਹ ਕਦੇ ਪੁਰਾਣਾ ਹੋਇਆ ਹੀ ਨਹੀਂ। ਅੱਖਾਂ ਨੇ ਇਕ ਖਾਸ ਦਰਸ਼ਨ ਕੀਤਾ ਅਤੇ ਹਿਰਦੇ ਨੇ ਉਸ ਦਰਸ਼ਨ ਦੀ ਕਸਕ ਮਹਿਸੂਸ ਕੀਤਾ। ਸਵਾਦ ਬਹੁਤ ਹੀ ਅਨੋਖਾ ਸੀ ਪਰ ਕਲਮ ਉਸ ਨੂੰ ਸਹੀ ਅੱਖਰਾਂ ਵਿਚ

Namdhari Elibrary namdharielibrary@gm

ਦੱਸਣ ਤੋਂ ਅਸਮਰਥ ਹੈ।

ਇਕ ਵਾਰੀ ਸ਼ਾਇਦ ਸੰਨ 1948 ਦੀ ਗੱਲ ਹੋਵੇ, ਸਾਡੇ ਘਰ ਅਖੰਡ ਪਾਠ ਸੀ। ਲੁਹਾਰ ਪ੍ਰਤਾਪ ਪੁਰੇ ਵਾਲੇ ਸਿੰਘ ਹੋਰੀਂ ਸਾਰੇ ਭਰਾ ਆਏ ਹੋਏ ਸਨ। ਦਿਨ ਦਾ ਵੇਲਾ ਸੀ। ਦਇਆਲ ਸਿੰਘ ਹੋਰੀਂ ਪਾਠ ਤੇ ਸਨ ਅਤੇ ਮੈ ਧੂਫੀਏ ਦੀ ਸੇਵਾ ਤੇ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਬਰਾਂਡੇ ਵਿਚੋਂ ਲੰਘ ਰਹੇ ਸਨ ਤਾਂ ਅਚਾਨਕ ਹੀ ਦਰਵਾਜ਼ੇ ਵਿਚ ਪੈਰਾਂ ਭਾਰ ਬੈਠ ਕੇ ਪਾਠ ਸੁਣਨ ਲਗ ਗਏ। ਸ਼ਾਇਦ ਪੰਜ ਮਿੰਟ ਬੈਠੇ ਰਹੇ ਹੋਣ। ਜਦੋਂ ਪਤਾ ਲਗ ਜਾਏ ਕਿ ਸਤਿਗੁਰੂ ਆਪ ਸਭ ਕੁਝ ਵੇਖ ਤੇ ਸੁਣ ਰਹੇ ਹਨ ਤਾਂ ਹਰ ਕੋਈ ਥੋੜ੍ਹਾ ਸਾਵਧਾਨ ਤਾਂ ਹੋ ਹੀ ਜਾਂਦਾ ਹੈ। ਮੈ ਖੁਲ੍ਹ ਕੇ ਦਰਸ਼ਨ ਨਹੀਂ ਸੀ ਕਰ ਸਕਦਾ ਪਰ ਫਿਰ ਵੀ ਥੋੜ੍ਹੇ ਦਰਸ਼ਨ ਤਾਂ ਹੋ ਹੀ ਜਾਂਦੇ ਹਨ। ਨਜ਼ਾਰਾ ਤਾਂ ਅਲੌਕਿਕ ਹੋ ਹੀ ਜਾਂਦਾ ਹੈ ਕਿ ਦੋ ਜਹਾਨ ਵਾਲੀ ਅਕਾਲ ਪੁਰਖ ਆਪਣੇ ਸਿੱਖ ਨੂੰ ਪਾਠ ਕਰਦਿਆਂ ਦੇਖਦਾ ਹੈ।

ਸੰਨ 1952 ਵਿਚ ਪਿਤਾ ਜੀ ਦੀ ਬਦਲੀ ਕੁਲੂ ਵਿਖੇ ਹੋ ਗਈ। ਸਤਿਗੁਰੂ ਪ੍ਰਤਾਪ ਸਿੰਘ ਜੀ ਕੋਲ ਉਦੋਂ ਮਰਸਰੀ ਕਾਰ ਸੀ ਅਤੇ ਡਰਾਈਵਰ ਗੁਰਦੇਵ ਸਿੰਘ ਸੀ। ਦੋ ਤਿੰਨ ਦਿਨ ਸਤਿਗੁਰੂ ਜੀ ਨੇ ਸਾਡੇ ਗ੍ਰਹਿ ਵਿਖੇ ਦਰਸ਼ਨ ਦਿਤੇ ਅਤੇ ਦੀਵਾਨ ਸਜਦੇ ਰਹੇ। ਟਰਨ ਵਲ ਕੋਠੀ ਦੇ ਗੇਟ ਬਾਹਰ ਅਸੀਂ ਸਤਿਗੁਰੂ ਜੀ ਨੂੰ ਵਿਦਿਆ ਕਰਨ ਲਈ ਗਏ। ਸਤਿਗੁਰੂ ਜੀ ਆਪਣੀ ਸੀਟ ਤੇ ਬਿਰਾਜਮਾਨ ਸਨ। ਮੈਂ ਤੇ ਪਿਤਾ ਜੀ ਬਾਹਰ ਦਰਵਾਜ਼ੇ ਦੇ ਨਾਲ ਹਥ ਜੋੜੀ ਖਲੋਤੇ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕ਼ਾਰ ਦੇ ਪਿਛਲੇ ਛੋਟੇ ਸ਼ੀਸ਼ੇ ਵਿਚੋਂ ਤਿਰਛੀ ਨਜ਼ਰ ਮੇਰੇ ਉਤੇ ਪਾਈ। ਜਿਸ ਨੂੰ ਭਾਈ ਨੰਦ ਲਾਲ ਜੀ ਨੇ ਕਿਹਾ ਹੈ 'ਹਰੀ ਗੁਰੂ ਗੋਬਿੰਦ ਸਿੰਘ ਮੈਂ ਨਹੀਂ ਝਲ ਸਕਦਾ ਇਕ ਤੇਰੀ ਕਣ ਅਖ ਦਾ ਇਸ਼ਾਰਾ' — ਉਹੀ ਪਿਆਰ ਭਿੰਨੀ ਅਲੌਕਿਕ ਦ੍ਰਿਸ਼ਟੀ ਪਾਈ ਜਿਸ ਦਾ ਸਵਾਦ ਮੈਨੂੰ ਹੁਣ ਤੀਕਰ ਉਸ ਤਰਾਂ ਆ ਰਿਹਾ ਹੈ। ਪਿਤਾ ਜੀ ਦੀ ਹਾਲਤ ਵਿਚ ਵੀ ਕੁਝ ਮਸਤੀ ਸੀ। ਮੈਨੂੰ ਕਹਿੰਦੇ ਐਤਕੀਂ ਸਤਿਗੁਰੂ ਜੀ ਵਿਚ ਮੈਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੋਏ ਹਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸ਼ੇਰ ਵਰਗਾ ਚਿਹਰਾ ਵੇਖਕੇ ਆਮ ਬੰਦਾ ਤੇ ਸ਼ਾਇਦ ਆਪ ਜੀ ਦੇ ਨੇੜੇ ਜਾਣ ਦੀ ਵੀ ਹਿੰਮਤ ਵੀ ਨਾ ਕਰੇ ਪਰ ਇਸ ਰਬੀਲ ਚਿਹਰ ਦੀ ਮਿਠੀ ਮੁਸਕਾਨ ਹਰ ਕਿਸੀ ਨੂੰ ਅਚੰਭਤ ਕਰ ਦੇਂਦੀ ਸੀ। 1953 ਦੀ ਬਸੰਤ ਮੰਡੀ ਮਨਾਈ ਗਈ ਸੀ। ਸ਼ਹਿਰ ਦੇ ਵਿਚ ਇਕ ਚਰਸ ਬਾਗ ਸੀ ਜੋ ਧਰਤੀ ਤੇ ਪੰਜ ਛੇ ਫੁਟ ਨੀਵਾਂ ਸੀ। ਇਸ ਵਿਚ ਮੇਲਾ ਹੋਇਆ ਸੀ। ਮੈਂ ਇਨ੍ਹਾਂ ਦਿਨਾਂ ਵਿਚ ਮੰਡੀ ਕਾਲਿਜ ਵਿਚ ਬੀ.ਏ. ਵਿਚ ਪੜ੍ਹਦਾ ਸੀ। ਮੇਰੇ ਕਪੜੇ ਵੀ ਆਮ ਸਿੱਖਾਂ ਵਾਲੇ ਹੀ ਸੀ ਅਤੇ ਮੈ ਪੱਗ ਭੀ ਰੰਗਦਾਰ ਤੇ ਟੇਢੀ ਬੰਨਦਾ ਸੀ। ਸਤਿਗੁਰੂ ਜੀ ਦੇ ਸਾਹਮਣੇ ਵੀ ਮੈਂ ਇਸ ਤਰਾਂ ਚਲਾ ਜਾਂਦਾ ਸੀ। ਸਤਿਗੁਰੂ ਜੀ ਸ਼ਾਮ ਦੇ ਦੀਵਾਨ ਮਗਰੋਂ ਕੁਝ ਸਿੱਖਾਂ ਨਾਲ ਪੈਦਲ ਹੀ ਕੋਠੀ ਵਲ ਜਾ ਰਹੇ ਸਨ। ਮੈਂ ਰਸਤੇ ਵਿਚ ਹੀ ਸਤਿਗੁਰੂ ਜੀ ਨੂੰ ਰੋਕ ਕੇ ਮਥਾ ਟੇਕਿਆ। ਬੜੇ ਪਿਆਰ ਨਾਲ ਮਿਠੀ ਮੁਸਕਾਨ ਨਾਲ ਮੇਰੇ ਮੂੰਹ ਤੇ ਚਪੇੜ ਮਾਰ ਕੇ ਕਹਿੰਦੇ— 'ਉਏ ਮੇਲਿਆਂ ਵਿਚ ਤੇ ਗੂੜ੍ਹੇ ਰੰਗ ਦੀਆਂ ਪੱਗਾਂ ਨਾ ਬੰਨ੍ਹਿਆ ਕਰ।' ਮੈਂ ਸਤਿਗੁਰੂ ਜੀ ਦੇ ਹੁਕਮ ਅਗੇ ਸੀਸ ਨਿਵਾਇਆ ਅਤੇ ਗੂੜ੍ਹੇ ਰੰਗ ਦੀਆਂ ਪੱਗਾਂ ਤੋਂ ਪਰਹੇਜ਼ ਕਰ ਲਿਆ। ਪਰ ਪਿਆਰੀ ਪਿਆਰੀ ਚਪੇੜ ਦਾ ਤੇ ਆਪਣਾ ਹੀ ਮਜ਼ਾ ਸੀ। ਇਸ ਨਸ਼ੇ ਨੂੰ ਕਿਵੇਂ ਬਿਆਨ ਕਰ ਸਕਦਾ ਹਾਂ।

ਅਗਲੇ ਦਿਨ ਆਸਾ ਦੀ ਵਾਰ ਵੇਲੇ ਇਕ ਹੋਰ ਸਵਾਦੀ ਘਟਨਾ ਘਟੀ। ਉਸ ਦਿਨ ਵਾਰਾ ਜਥੇਦਾਰ ਸੇਵਾ ਸਿੰਘ ਜੀ ਦੇ ਜਥੇ ਨਾਲ ਲਗਾ ਸੀ। ਇਹ ਜਥਾ ਵਾਰ ਦਾ ਸਵਾਦ ਬਣਾ ਦਿੰਦਾ ਸੀ। ਇਥੇ ਮੈਂ ਇਕ ਨਵੀਂ ਗੱਲ ਵੀ ਵੇਖੀ ਸੀ ਕਿ ਜਦ ਆਖਰੀ ਛੱਕਾ ਪੜਦੇ ਹਨ ਕਿ — ਜਿਨ ਨਾਨਕ ਐਸਾ ਹਰਿ ਸੇਵਿਆ ਅਤੇ ਲਈ ਛਡਾਇਆ— ਉਥੇ ਨਾਲ ਇਹ ਵੀ ਪੜਦੇ ਸਨ— ਜਿਨੀ ਸਤਿਗੁਰੂ ਰਾਮ ਸਿੰਘ ਸੇਵਿਆ ... ਕਈ ਵਾਰੀ ਅੱਗੇ ਵੀ ਚਲੇ ਜਾਂਦੇ ਸਨ ਕਿ— ਜਿਨੀ ਸਤਿਗੁਰੂ ਹਰੀ ਸਿੰਘ ਸੇਵਿਆ ...। ਵਾਰ ਵਾਲਿਆਂ ਦੀ ਆਪਣੀ ਮਸਤੀ ਦੀ ਗੱਲ ਸੀ। ਉਸ ਦਿਨ ਵਾਰਾ ਸਤਿਗੁਰੂ ਜੀ ਦੇ ਆਸਣ ਦੇ ਨਾਲ ਹੀ ਲਗਾ ਸੀ ਅਤੇ ਸਤਿਗੁਰੂ ਜੀ ਆਪ ਵੀ ਸ਼ਬਦ ਪੜ੍ਹ ਰਹੇ ਸਨ। ਬੜਾ ਹੀ ਆਨੰਦ ਦਾ ਮਾਹੌਲ ਸੀ। ਇਸ ਹੀ ਮਸਤੀ ਅਤੇ ਆਨੰਦ ਵਿਚ ਜਥੇਦਾਰ ਜੀ ਨੇ ਪੜ੍ਹ ਦਿਤਾ— ਜਿਨੇ ਵਡ ਪਤਾਪੀ ਸੇਵਿਆ ...। ਇਹ ਸੁਣਦੇ ਸਾਰ ਹੀ ਸਤਿਗੁਰੂ ਜੀ ਗੁਸੇ ਵਿਚ ਆ ਗਏ ਅਤੇ ਜਥੇਦਾਰ ਜੀ ਨੂੰ ਟਕਿਆ। ਜਥੇਦਾਰ ਜੀ ਅਗੇ ਕਹਿਣ ਲਗੇ- ਮੇਰੇ ਕੋਲੋਂ ਨਹੀਂ ਰਿਹਾ ਜਾਂਦਾ ਇਹ ਕਹੇ ਬਗੈਰ। ਸਤਿਗੁਰੂ ਜੀ ਨੇ ਵੀ ਉਸ ਲਹਿਜੇ ਵਿਚ ਕਿਹਾ— ਮੇਰੇ ਕੋਲੋਂ ਵੀ ਨਹੀਂ ਰਿਹਾ ਜਾਂਦਾ। ਖੈਰ ਆਸਾ ਦੀ ਵਾਰ ਦਾ ਭੋਗ ਪੈ ਗਿਆ ਪਰ ਸਾਧ ਸੰਗਤ ਜਿਨ੍ਹਾਂ ਨੇ ਇਹ ਵਾਰਤਾਲਾਪ ਅੱਖੀਂ ਦੇਖੀ ਤੇ ਸੁਣੀ ਸੀ ਉਹਨਾਂ ਦਾ ਸਵਾਦ ਕੁਝ ਹੋਰ ਹੀ ਸੀ। ਮੈਨੂੰ ਤੇ ਇਹ ਨਜ਼ਾਰਾ ਹੁਣ ਤੀਕਰ ਵੀ ਨਹੀਂ ਭੁਲਿਆ।

ਸਾਧ ਸੰਗਤ ਨੂੰ ਪਤਾ ਸੀ ਕਿ ਜਿਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਇਨੇ ਮਿਠ ਬੋਲੜੇ ਹਨ, ਉਥੇ ਜੇ ਕੋਈ ਅਵੱਗਿਆ ਕਰੇ ਤਾਂ ਉਸਨੂੰ ਡਾਂਟਣ ਵਿਚ ਵੀ ਹੱਦ ਕਰ ਦਿੰਦੇ ਸਨ। ਇਹ ਇਕ ਸਤਿਗੁਰੂ ਜੀ ਦਾ ਵੱਖਰਾ ਹੀ ਰੂਪ ਹੁੰਦਾ। 1953 ਵਿੱਚ ਹੀ ਅੱਸੂ ਦੇ ਮੇਲੇ ਸਮੇਂ ਮੈਂ ਭੈਣੀ ਸਾਹਿਬ ਗਿਆ ਹੋਇਆ ਸਾਂ। ਮੇਨ ਗੇਟ ਦੇ ਨਾਲ ਹੀ ਬਾਹਰ ਗਰਾਜ ਬਣਿਆ ਹੋਇਆ ਸੀ। ਅਚਾਨਕ ਸਤਿਗੁਰੂ ਪ੍ਰਤਾਪ ਸਿੰਘ ਜੀ ਹੱਥ ਵਿਚ ਮਾਲਾ, ਨਗ ਚਰਨੀ, ਗੁਸੇ ਨਾਲ ਭਰੇ ਹੋਏ ਇਕ ਸਾਧ ਨੂੰ ਡਾਂਟਦੇ ਹੋਏ ਉਥੇ ਪਹੁੰਚ ਗਏ ਅਤੇ ਕਹਿ ਰਹੇ ਸਨ— ਮੈਂ ਇਸ ਨੂੰ ਨਹੀਂ ਬਖਸ਼ਾਂਗਾ' ਬਾਰ ਬਾਰ ਇਹ ਫ਼ਰਮਾ ਰਹੇ ਸਨ। ਅਸੀ ਸਤਿਗੁਰੂ ਜੀ ਦਾ ਇਹ ਰੂਪ ਦੇਖ ਕੇ ਕੰਬ

hari Elibrary mdhariElibrary@gm

ਰਹੇ ਸਾਂ ਕਿ ਕਿਤੇ ਸਾਡੀ ਵਾਰੀ ਵੀ ਨਾ ਆ ਜਾਵੇ। ਇਸ ਦੌਰਾਨ ਸਤਿਗੁਰੂ ਜੀ ਨੇ ਮੇਰੇ ਵਲ ਵੀ ਗੁਸੇ ਵਿਚ ਵੇਖਿਆ। ਸ਼ਾਇਦ ਮੈਨੂੰ ਅਹਿਸਾਸ ਕਰਾਉਣ ਲਈ ਕਿ ਜੇਕਰ ਮੈ ਕੋਈ ਅਵੱਗਿਆ ਕੀਤੀ ਤਾਂ ਮੇਰਾ ਵੀ ਇਹ ਹਾਲ ਹੋਵੇਗਾ। ਸੱਚ ਹੀ ਲਿਖਿਆ ਹੈ ਕਿ 'ਭਾਓ ਰਖਣਾ ਗੁਰੂ ਦਾ ਹਰ ਦਮ'।

1953 ਵਿਚ ਹੀ ਅੱਸੂ ਦੇ ਮੇਲੇ ਮਗਰੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੰਡੀ ਦਰਸ਼ਨ ਦਿਤੇ। ਮੈ ਦਰਸ਼ਨਾਂ ਨੂੰ ਗਿਆ ਬਿਆਸ ਦਰਿਆ ਦੇ ਕੰਢੇ ਕੋਠੀ ਵਿਚ। ਸਤਿਗੁਰੂ ਜੀ ਕੁਝ ਸਿੱਖਾਂ ਨਾਲ ਦਰਿਆ ਦੇ ਕੰਢੇ ਇਕ ਪੱਥਰ ਤੇ ਬੈਠੇ ਸਨ। ਮੈਂ ਮਥਾ ਟੇਕਿਆ। ਕੁਝ ਚਿਰ ਬੈਠਕੇ ਸਤਿਗੁਰੂ ਜੀ ਦੀ ਰਜ਼ਾ ਕੋਠੀ ਆਉਣ ਦੀ ਬਣ ਗਈ। ਮੇਰੇ ਤੇ ਵੀ ਵਿਸ਼ੇਸ਼ ਕਿਰਪਾ ਕੀਤੀ। ਮੈਨੂੰ ਆਪਣੇ ਨਾਲ ਸਜੇ ਪਾਸੇ ਜੱਫੀ ਵਿਚ ਲੈ ਲਿਆ ਅਤੇ ਆਪਣਾ ਸੱਜਾ ਹੱਥ ਮੇਰੇ ਮੋਢਿਆਂ ਦੇ ਉਤੋਂ ਦੀ ਪਾ ਕੇ ਮੇਰੇ ਸੱਜੇ ਮੋਢੇ ਤੇ ਰੱਖ ਲਿਆ, ਇਸ ਤਰਾਂ ਬਚਨ ਕਰਦੇ ਕੋਠੀ ਤੀਕਰ ਪਹੁੰਚ ਗਏ। ਸਤਿਗੁਰੂ ਜੀ ਨੇ ਮੇਰੇ ਕੋਲੋਂ ਪਰਿਵਾਰ ਦੇ ਇਕ ਇਕ ਜੀਅ ਦੀ ਰਾਜ਼ੀ ਖੁਸ਼ੀ ਦੀ ਖ਼ਬਰ ਲਈ। ਮੈ ਤੇ ਸਤਿਗੁਰੂ ਜੀ ਦਾ ਵਿਸ਼ੇਸ਼ ਸਨੇਹ ਪਾ ਕੇ ਖੁਸ਼ੀ ਨਾਲ ਗਦਗਦ ਹੋ ਗਿਆ। ਫੁਲਿਆ ਨਹੀਂ ਸਾਂ ਸਮਾਉਂਦਾ। ਮੇਰੀ ਤਾਂ ਅਲਪ ਬੁੱਧੀ ਸੀ। ਸਤਿਗੁਰੂ ਜੀ ਨੇ ਇਸ ਸਮੇਂ ਮੇਰੇ ਤੇ ਕਿੰਨੀ ਕੁ ਬਖਸ਼ਿਸ਼ ਕੀਤੀ ਹੋਵੇਗੀ। ਇਸ ਦਾ ਅਨਮਾਨ ਲਾਉਣਾ ਵੀ ਮੁਸ਼ਕਲ ਹੈ।

1954 ਵਿਚ ਅਸੀ ਸ਼ਿਮਲੇ ਆਪਣੇ ਘਰ ਆ ਗਏ। ਮੇਰੇ ਵਿਆਹ ਦੀ ਭੀ ਗੱਲ ਜ਼ੋਰ ਪਕੜ ਚੁਕੀ ਸੀ। ਪਿਤਾ ਜੀ ਕੋਲ ਹੀ ਸਨ। ਸਤਿਗੁਰੂ ਜੀ ਹੋਰ ਸਿੱਖਾਂ ਸਮੇਤ ਸ਼ਿਮਲੇ ਚਾਰ ਜੂਨ ਨੂੰ ਦਰਸ਼ਨ ਦਿਤੇ। ਡੇਰਾ ਸਾਡੇ ਘਰ ਹੀ ਸੀ। ਮੇਰੇ ਮਾਤਾ ਜੀ ਤੇ ਲਾਂਗਰੀਆਂ ਨਾਲ ਰਸੋਈ ਵਿਚ ਹੀ ਵਿਅਸਤ ਰਹਿੰਦਾ ਸਨ। ਸਾਰੇ ਉਪਰਲੇ ਤੇ ਬਾਹਰਲੇ ਕੰਮ ਮੈਨੂੰ ਇਕਲੇ ਨੂੰ ਹੀ ਕਰਨੇ ਪੈਂਦੇ ਸਨ। ਸਤਿਗੁਰੂ ਜੀ ਛੇ ਦਿਨ ਸ਼ਿਮਲੇ ਰਹੇ। ਮੇਰੀ ਹੋਸ਼ ਵਿਚ ਇਹ ਦੌਰਾ ਉਥੇ ਸਭ ਤੋਂ ਲੰਬਾ ਸੀ। ਪਿਤਾ ਜੀ ਅਠ ਤਾਰੀਖ ਨੂੰ ਕੁਲੂ ਤੋਂ ਪਹੁੰਚੇ। ਉਸੇ ਵੇਲੇ ਸਤਿਗੁਰੂ ਜੀ ਬੜੇ ਪ੍ਰਸੰਨ ਚਿਤ ਮੁਦਰਾਂ ਵਿਚ ਘਰ ਦੇ ਵਡੇ ਕਮਰੇ ਵਿਚ ਕੁਝ ਸਿੰਘਾਂ ਨਾਲ ਬਚਨ ਬਿਲਾਸ ਕਰ ਰਹੇ ਸਨ। ਪਿਤਾ ਜੀ ਨੇ ਜਦੋਂ ਮਥਾ ਟੇਕਿਆ ਤਾਂ ਸਤਿਗੁਰੂ ਜੀ ਨੇ ਬੜੀ ਖੁਸ਼ੀ ਦਰਸਾਈ ਅਤੇ ਹੱਸ ਕੇ ਕਿਹਾ— "ਬਾਬਾ ਜੀ ਆ ਗਏ ਹੋ, ਮੇਲੇ ਤੋਂ ਪਹਿਲਾਂ ਹੀ ਆਇਆ ਹੋਇਆ ਹੈ।" 10 ਜੂਨ ਨੂੰ ਸਤਿਗੁਰੂ ਜੀ ਵਾਪਸ ਚਲੇ ਗਏ। ਵਿਆਹ ਦੀ ਤਾਰੀਖ਼ 13 ਜੂਨ ਰੋਪੜ ਸੀ।

ਮੇਰੇ ਚਾਚਾ ਨਿਧਾਨ ਸਿੰਘ ਜੀ ਰੋਪੜ ਐਸ.ਡੀ.ਓ. ਲਗੇ ਹੋਏ ਸਨ। ਸਾਡਾ ਭਰਾ ਭੀ ਉਥੇ ਹੀ ਸੀ। ਰਿਸ਼ਤੇਦਾਰ ਤਾਏ ਅਤੇ ਮਾਮਿਆਂ ਦੇ ਲੜਕੇ ਉਥੇ ਇਕਠੇ ਹੋਏ ਹੋਏ ਸਨ। ਵਿਆਹ ਤੋਂ ਮਗਰੋਂ ਮੈਂ ਉਹਨਾਂ ਦੀ ਚੁੰਗਲ ਵਿਚ ਐਸਾ ਫਸਿਆ ਕਿ ਉਸ ਦਿਨ ਸ਼ਾਮ ਦਾ ਦੀਵਾਨ ਅਤੇ ਅਗਲੇ ਦਿਨ ਦੀ ਆਸਾ ਦੀ ਵਾਰ ਵਿਚ ਨਾ ਜਾ ਸਕਿਆ। 14 ਤਾਰੀਖ਼ ਨੂੰ ਮੈ ਤਿਆਰ ਹੋ ਕੇ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਘਰੋਂ ਨਿਕਲਿਆ। ਸਤਿਗੁਰੂ ਜੀ ਸਾਧ ਸੰਗਤ ਦੇ ਘਰਾਂ ਵਿਚ ਚਰਨ ਪਾ ਰਹੇ ਸਨ। ਸਤਿਗੁਰੂ ਜੀ ਸੰਤ ਕੇਹਰ ਸਿੰਘ ਹੋਰਾਂ ਦੇ ਘਰ ਚਰਨ ਪਾ ਕੇ ਨਹਿਰ ਦੀ ਪਟੜੀ ਤੇ ਖੜੀ ਗਡੀ ਵਿਚ ਸਵਾਰ ਹੋਣ ਲਈ ਤਿਆਰ ਹੀ ਸਨ ਜਦੋਂ ਮੈਂ ਉਥੇ ਪਹੁੰਚਿਆ। ਸਤਿਗੁਰੂ ਜੀ ਦਾ ਖਬਾ ਚਰਨ ਕਾਰ ਦੇ ਵਿਚ ਸੀ, ਸਜਾ ਹਾਲੇ ਬਾਹਰ ਹੀ ਸੀ ਤੇ ਸਚੇ ਪਾਤਸ਼ਾਹ ਕਾਰ ਦਾ ਦਰਵਾਜ਼ਾ ਖੋਲ੍ਹ ਕੇ ਖੜ੍ਹੇ ਸਨ, ਜਿਵੇ ਕਿਸੇ ਦੀ ਉਡੀਕ ਕਰ ਰਹੇ ਹੋਣ। ਸ਼ਾਇਦ ਮੇਰੀ ਹੀ। ਮੈ ਝੱਟ ਪਟ ਜਾ ਕੇ ਮਥਾ ਟੇਕਿਆ। ਸਤਿਗੁਰੂ ਜੀ ਨੇ ਆਪਣੀ ਮਿਠੀ ਮੁਸਕਾਣ ਦੀ ਬਖਸ਼ਿਸ਼ ਕਰਦਿਆਂ ਮੇਰੇ ਮੂੰਹ ਤੇ ਹਲਕੀ ਜਿਹੀ ਪਰ ਪਿਆਰ ਭਰੀ ਚਪੇੜ ਮਾਰੀ ਅਤੇ ਫਰਮਾਇਆ, "ਹਾਂ ਜੋ, ਹੁਣ ਵਿਆਹ ਹੋ ਗਿਆ ਹੈ, ਦੀਵਾਨ ਵਿਚ ਆਉਣ ਦੀ ਕੀ ਲੋੜ ਹੈ। ਨਾ ਕਲ ਸ਼ਾਮ ਦੇ ਦੀਵਾਨ ਵਿਚ ਆਇਆ ਨਾ ਅਜ ਸਵੇਰੇ ਆਸਾ ਦੀ ਵਾਰ ਵਿਚ।" ਸਤਿਗੁਰੂ ਜੀ ਆਪਣੇ ਸਿੱਖ ਦਾ ਸੱਚ ਹੀ ਹਲਤ ਪਲਤ ਸਵਾਰਦੇ ਹਨ। ਕਿੰਨੇ ਧਿਆਨ ਨਾਲ ਉਹਨਾਂ ਨੇ ਵੇਖਿਆ ਕਿ ਜਿਹੜਾ ਸ਼ਿਮਲੇ ਹਫ਼ਤਾ ਭਰ ਦਿਨ ਰਾਤ ਸੇਵਾ ਕਰਦਾ ਸੀ, ਉਸ ਨੂੰ ਵਿਆਹ ਮਗਰੋਂ ਸਾਧ ਸੰਗਤ ਹੀ ਭੁਲ ਗਈ। ਬੜੀ ਸ਼ਰਮ ਆਈ, ਆਪਣੇ ਆਪ ਨੂੰ ਲਾਅਨਤਾਂ ਵੀ ਪਾਈਆਂ ਕਿ ਮਨਾਂ ਤੂੰ ਹੈਂ ਕੀ ਦੋ ਜਹਾਨ ਦਾ ਵਾਲੀ ਤੇਰੇ ਤੇ ਇਨੀ ਕਿਰਪਾ ਕਰ ਰਿਹਾ ਹੈ, ਅਤੇ ਤੂੰ ਬੇਪਰਵਾਹ ਹੋਇਆ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਇਕ ਬਹੁਤ ਵਡੀ ਸ਼ਖ਼ਸੀਅਤ ਸਨ। ਨਾਮਧਾਰੀ ਪੰਥ ਵਿਚ ਸੱਚ ਸੋਧ ਦੀ ਮਰਯਾਦਾ, ਪਾਠ ਵਰਨੀਆਂ ਅਤੇ ਹਵਨ ਯੱਗ ਦਾ ਪ੍ਰਵਾਹ ਸਤਿਗੁਰੂ ਜੀ ਦੀ ਦੇਖ ਰੇਖ ਵਿਚ ਪਰਪੱਕ ਹੋਇਆ। ਆਪ ਜੀ ਮਰਯਾਦਾ ਵਿਚ ਰੱਤੀ ਭਰ ਵੀ ਫਰਕ ਨਹੀਂ ਪੈਂਦਾ। ਸਤਿਗੁਰੂ ਰਾਮ ਸਿੰਘ ਜੀ ਦਾ ਵਿਰਹਾ ਵਿਯੋਗ ਆਪ ਜੀ ਦੇ ਅੰਦਰ ਸਦੀਵ ਹੀ ਜਾਗਰਿਤ ਰਿਹਾ ਅਤੇ ਸਾਧ ਸੰਗਤ ਨੂੰ ਵੀ ਇਸ ਤੋਂ ਅਵੇਸਲੇ ਨਹੀ ਹੋਣ ਦਿਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਰਿਕਾਰਡ ਕੀਤੇ ਉਪਦੇਸ਼ਾਂ ਵਿਚ ਇਹ ਸਾਫ਼ ਹੋ ਜਾਂਦਾ ਹੈ। ਜਦੋ ਭੀ ਕਿਤੇ ਰਾਗੀਆਂ ਨੇ ਵਿਯੋਗ ਦਾ ਸ਼ਬਦ ਗਾਇਣ ਸ਼ੁਰ ਕੀਤਾ ਤਾਂ ਸਤਿਗੁਰੂ ਜੀ ਉਹਨਾਂ ਦਾ ਸਾਥ ਵੀ ਦੇਂਦੇ ਅਤੇ ਸਮੇਂ ਦਾ ਕੋਈ ਧਿਆਨ ਵੀ ਨਾ ਰਹਿੰਦਾ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਦੀ ਜੇ ਕਿਸ ਪਾਸਿਉਂ ਸਹੂ ਮਿਲਦੀ ਤਾਂ ਉਸ ਨੂੰ ਸੱਚ ਮੰਨ ਕੇ ਉਸ ਮੁਤਾਬਕ ਕੰਮ ਕਰਦੇ।

1953 ਦਾ ਅੱਸੂ ਦਾ ਮੇਲਾ ਇਸ ਪੱਖੋਂ ਬੜਾ ਵਿਲਖਣ ਸੀ। ਇਕ ਸਮਾਂ ਐਸਾ ਵੀ ਆਇਆ ਸੀ ਕਿ ਹਰ ਰੋਜ਼ ਸੁਣੀਂਦਾ ਸੀ ਕਿ ਕਿਸ ਤਰਾਂ ਸਤਿਗੁਰੂ ਜੀ ਦੇ ਦਰਸ਼ਨ ਕਿਸ ਸਿੰਘ ਨੂੰ ਹੋਇਆ। ਇਕ


NamdhariElibrary NamdhariElibrary@gmail.com

ਦਿਨ ਭੈਣੀ ਸਾਹਿਬ ਦੇ ਦਾਣੇ ਭੁੰਨਣ ਵਾਲੇ ਨੂੰ ਸਤਿਗੁਰੂ ਜੀ ਦੇ ਘੋੜੇ ਦੇ ਪੌੜ ਦਿਸੇ ਅਤੇ ਅਵਾਜ਼ ਆਈ, " ਅਸੀ ਕਲ ਆਸਾ ਦੀ ਵਾਰ ਵਲ ਸਾਧ ਸਗਤ ਦੇ ਦਰਸ਼ਨਾਂ ਨੂੰ ਆਵਾਂਗੇ? ਦੀਵਾਨ ਅਸਥਾਨ ਤੇ ਸਾਡੇ ਵਾਸਤੇ ਥੜਾ ਬਣਾਇਆ ਜਾਵੇ। ਸੰਗਤ ਸਾਨੂੰ ਨਹੀਂ ਦੇਖ ਸਕੇਗੀ ਪਰ ਅਸੀ ਸੰਗਤ ਦੇ ਦਰਸ਼ਨ ਕਰਾਂਗੇ। ਤੇ ਭੈਣੀ ਸਾਹਿਬ ਤੇ ਰਾਮਸਰ ਤਕ ਦੇ ਰਸਤੇ ਦੀ ਸਫਾਈ ਕਰੋ।" ਉਹ ਏਨੇ ਬਚਨ ਸੁਣ ਕੇ ਹੀ ਮਸਤਾਨਾ ਹੋ ਗਿਆ। ਉਸ ਨੇ ਸਾਰਾ ਰਸਤਾ ਆਪ ਸਾਫ ਕੀਤਾ ਅਤੇ ਫਿਰ ਛਿੜਕਾਓ ਕੀਤਾ। ਹਾਲਤ ਉਸ ਦੀ ਮਸਤੀ ਵਾਲੀ ਹੀ ਰਹੀ। ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਪਤਾ ਲਗਾ ਤਾਂ ਸਚੇ ਪਾਤਸ਼ਾਹ ਸਾਰੀ ਰਾਤ ਆਪਣੇ ਨਾਲ ਪ੍ਰਯੋਗ ਵਿਚ ਲਗੇ ਪਾਠੀਆਂ ਦੇ ਨਾਲ ਰਾਮਸਰ ਵਿਚੋਂ ਮਿਟੀ ਕਢ ਕੇ ਤਾਜ਼ੀਆਂ ਇਟਾਂ ਦਾ ਇਕ ਥੜਾ ਤਿਆਰ ਕੀਤਾ। ਇਹ ਥੜਾ ਕੋਈ ਪੰਜ ਕੁ ਫੁਟ ਉਚਾ ਸੀ, ਅਤੇ ਲੰਬਾ ਚੌੜਾ ਭੀ ਇਨਾ ਹੀ ਸੀ। ਹਰਮਿੰਦਰ ਦੇ ਬਾਹਰ ਜਿਹੜਾ ਦਰਖਤ ਹੈ ਉਸ ਦੇ ਹੇਠ ਵਾਰ ਲਗਦੀ ਸੀ। ਅਤੇ ਨਾਲ ਹੀ ਇਹ ਥੜਾ ਬਣਾਇਆ ਹੋਇਆ ਸੀ। ਇਕ ਸਿੱਖ ਦੀ ਡਿਓਟੀ ਲਗੀ ਸੀ। ਥੜੇ ਤੇ ਆਸਣ ਵਿਛਾ ਕੇ ਇਕ ਗੜਵੇ ਵਿਚ ਦੁੱਧ ਤੇ ਇਕ ਵਿਚ ਜਲ ਰਖਿਆ ਸੀ। ਸਾਰੀ ਸਾਧ ਸੰਗਤ ਨੇ ਇਸ ਥੜੇ ਦੇ ਦਰਸ਼ਨ ਕੀਤੇ ਸਨ।

ਇਹ ਸੀ ਆਲਮ ਸਤਿਗੁਰੂ ਰਾਮ ਸਿੰਘ ਦੇ ਦਰਸ਼ਨ ਵਿਯੋਗੀਆਂ ਦਾ ਜਿਹੜਾ ਉਹਨਾਂ ਦੇ ਦਰਸ਼ਨਾਂ ਦੀ ਉਡੀਕ ਸਦੀਵ ਹੀ ਕਰਦੇ ਰਹਿੰਦੇ ਸਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਉਪਦੇਸ਼ ਇਕ ਐਸਾ ਵਡਮੁਲਾ ਖਜ਼ਾਨਾ ਹੈ ਨਾਮਧਾਰੀਆਂ ਦਾ ਕਿ ਇਸ ਵਿਚ ਹਰ ਮਸਲੇ ਦਾ ਹਲ ਦਸਿਆ ਹੋਇਆ ਹੈ। ਇਹ ਇਨੇ ਗਹਿਰੇ ਹਨ ਕਿ ਇਹਨਾਂ ਨੂੰ ਅਨੇਕਾਂ ਵਾਰ ਪੜ੍ਹ ਲਓ, ਸੁਣ ਲਓ, ਇਹਨਾਂ ਵਿਚ ਹਰ ਵਾਰੀ ਕੁਝ ਨਾ ਕੁਝ ਨਵਾਂ ਹੀ ਸਵਾਦ ਆਇਗਾ ਅਤੇ ਨਵਾਂ ਹੀ ਕੁਝ ਲਭੇਗਾ। ਇਹਨਾਂ ਨੂੰ ਪੜ੍ਹਨ ਉਪਰੰਤ ਹੋਰ ਕਿਸੇ ਗ੍ਰੰਥ ਦੇ ਪੜ੍ਹਨ ਦੀ ਲੋੜ ਨਹੀਂ ਰਹਿੰਦੀ। ਇਹ ਸੰਪੂਰਨ ਗਿਆਨ ਪ੍ਰਦਾਨ ਕਰਦੇ ਹਨ।

ਸਤਿਗੁਰੂ ਸਰਬ ਕਲਾ ਸਮਰਥ ਹੁੰਦਾ ਹੈ। ਉਸ ਨੂੰ ਤਿੰਨ ਕਾਲਾਂ ਦਾ ਸੰਪੂਰਨ ਗਿਆਨ ਵੀ ਹੁੰਦਾ ਹੈ। ਫਿਰ ਵੀ ਦੁਨੀਆਂ ਦੇ ਲੋਕਾਂ ਤੇ ਉਸ ਦੀ ਮਾਇਆ ਪਈ ਰਹਿੰਦੀ ਹੈ ਅਤੇ ਉਹ ਉਸ ਨੂੰ ਆਮ ਮਨੁੱਖ ਹੀ ਸਮਝਦੇ ਹਨ। ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਵੀ ਦੁਨਿਆਵੀ ਲੋਕਾਂ ਨੇ ਆਮ ਵਿਅਕਤੀ ਸਮਝ ਲਿਆ ਅਤੇ ਆਪਣੇ ਸਰਕਾਰੀ ਅਹੁਦਿਆਂ ਦੇ ਹੰਕਾਰ ਵਿਚ ਸਤਿਗੁਰੂ ਜੀ ਨੂੰ ਕਚਹਿਰੇ ਵਿਚ ਪੇਸ਼ ਹੋਣ ਦੀ ਇਕ ਘਿਣਾਉਣੀ ਸਾਜ਼ਿਸ਼ ਵੀ ਰਚ ਲਈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿਚ ਆਉਂਦਾ ਹੈ ਕਿ ਲੋਕਾਂ ਨੇ ਸੋਚ ਲਿਆ ਕਿ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ ਤੇ ਬੈਠਾ ਦਿਤਾ ਤੇ ਗੁਰੂ ਤੇਗ ਬਹਾਦਰ ਜੀ ਨੂੰ ਕੈਦ ਕਰ ਲਿਆ। ਸਤਿਗੁਰੂ ਜੀ ਫਰਮਾਉਂਦੇ ਹਨ– ਉਹ ਅੰਨ੍ਹੇ ਲੋਕ ਹਨ. ਕਾਉਣ ਹੈ ਜਿਹੜਾ ਸਤਿਗੁਰੂ ਜੀ ਨੂੰ ਕੈਦ ਕਰ ਸਕੇ। ਉਹ ਸਾਰੀ ਸ਼੍ਰਿਸਟੀ ਨੂੰ ਛਡ ਸਕਦਾ ਹੈ ਉਹਦੀ ਤਾਕਤ ਨੂੰ ਵੀ ਕੋਈ ਨਹੀਂ ਫੜ ਸਕਦਾ। ਉਹ ਆਪਣੇ ਕੌਤਕ ਆਪ ਹੀ ਰਚਦਾ ਹੈ। ਆਪਣੀਆਂ ਖੇਡਾਂ ਆਪ ਹੀ ਕਰਦਾ ਹੈ।

ਇਸ ਤਰਾਂ ਕਾਉਣ ਹੈ ਜਿਹੜਾ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਉਹਨਾਂ ਦੀ ਰਜ਼ਾ ਦੇ ਉਲਟ ਕਚਹਿਰੀ ਲਿਜਾ ਸਕਦਾ। ਸਤਿਗੁਰੂ ਜੀ ਦੀ ਸਿਹਤ ਹਲਕੀ ਹਲਕੀ ਖਰਾਬ ਹੋਂਦੀ ਗਈ। ਸਤਿਗੁਰੂ ਜੀ ਦਾ ਨਿਵਾਸ ਗੋਲ ਮੰਦਰ ਵਿਚ ਸੀ। 21 ਅਗਸਤ 1959 ਨੂੰ ਗੁਰੁਦੇਵ ਸਿੰਘ ਡਰਾਈਵਰ ਗੁੱਜ਼ਰ ਮਲ ਡਾਕਟਰ ਨੂੰ ਲੈਕੇ ਆਇਆ। ਸਤਿਗੁਰੂ ਜੀ ਦਾ ਉਹ ਫੈਮਲੀ ਡਾਕਟਰ ਸੀ। ਉਸ ਨੇ ਸਤਿਗੁਰੂ ਜੀ ਦਾ ਚੈਕਅਪ ਕੀਤਾ। ਮਗਰ ਗੁਰੁਦੇਵ ਸਿੰਘ ਤਾ ਸ੍ਰ. ਸਚਾ ਸਿੰਘ ਡਾਕਟਰ ਨੂੰ ਲੁਧਿਆਣੇ ਛਡਣ ਗਏ। ਇਹਨਾਂ ਦੇ ਪੁਛਣ ਤੇ ਡਾਕਟਰ ਨੇ ਕਿਹਾ ਹੁਣ ਦਿਨਾਂ ਦੀ ਗਲ ਨਹੀਂ ਕੁਝ ਘੰਟੇ ਹੀ ਹਨ। ਜਦੋਂ ਇਹ ਡਾਕਟਰ ਨੂੰ ਛਡ ਕੇ ਵਾਪਸ ਭੈਣੀ ਸਾਹਿਬ ਵਰਨੀਆਂ ਵਾਲੀ ਕੋਠੜੀ ਕੋਲ ਪਹੁੰਚੇ ਤਾਂ ਘੜਿਆਲ ਨੇ ਰਾਤ ਦੇ ਬਾਰਾਂ ਵਜਾਏ। ਉਸ ਤੋਂ ਦੋ ਤਿੰਨ ਮਿੰਟਾਂ ਬਾਅਦ ਸਤਿਗੁਰੂ ਜੀ ਦਾ ਸਰੀਰ ਸ਼ਾਂਤ ਹੋ ਗਿਆ।

ਪੰਡਿਤ ਰਾਜਿੰਦਰ ਸਿੰਘ ਜੀ ਉਸ ਵੇਲੇ ਸਤਿਗੁਰੂ ਜੀ ਦੇ ਕੋਲ ਸੀ, ਲਿਖਦਾ ਹੈ ਕਿ ਸਚੇ ਪਾਤਸ਼ਾਹ ਨੇ ਆਪਣੇ ਦੋਨੋਂ ਹਥ ਆਪਣੇ ਸੀਸ ਹੇਠੋਂ ਕਢ ਕੇ ਆਪਣੇ ਸਰੀਰ ਦੇ ਨਾਲ ਲਗਾ ਲਏ ਅਤੇ ਸਦੀਵੀ ਵਿਛੜਾ ਦੇ ਗਏ।

ਨਾਮਧਾਰੀਆਂ ਵਾਸਤੇ ਇਹ ਇਕ ਅਸਹਿ ਦੁੱਖ ਦੀ ਘੜੀ ਸੀ। ਹਾਲੀਂ ਸਤਿਗੁਰੂ ਰਾਮ ਸਿੰਘ ਜੀ ਦਾ ਵਿਛੋੜਾ ਭੁਲਿਆ ਨਹੀਂ ਸੀ ਕਿ ਹੋਰ ਸੱਟ ਵਜ ਗਈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਰਿਕਾਰਡ ਕੀਤੇ ਉਪਦੇਸ਼ਾਂ ਨੂੰ ਨਿਤਨੇਮ ਵਿਚ ਸੁਣਾਉਣ ਦੀ ਪ੍ਰਥਾ ਨਾਲ ਸਾਧ ਸੰਗਤ ਦਾ ਨਾਤਾ ਸਤਿਗੁਰੂ ਜੀ ਨਾਲ ਜੋੜੀ ਰਖਿਆ।

ਸਤਿਗੁਰੂ ਜੀ ਦੇ ਵਿਛੋੜੇ ਨੂੰ ਸਾਧ ਸਗਤ 5 ਭਾਦਰੋਂ ਦੇ ਸਮਾਗਮ ਦੇ ਤੌਰ ਤੇ ਹਰ ਸਾਲ ਮਨਾ ਰਹੀ ਹੈ। ਇਸ ਪ੍ਰਕਾਰ ਇਹ ਇਕ ਖਾਸ ਅਵਸਰ ਬਣ ਜਾਂਦਾ ਹੈ ਜਦ ਸਾਧ ਸੰਗਤ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਕਾਰਾਂ ਨੂੰ ਯਾਦ ਕਰਦੀ ਹੈ। ਉਪਕਾਰ ਤੇ ਸਤਿਗੁਰੂ ਜੀ ਦੇ ਅਣਗਿਣਤ ਹਨ। ਅਸੀ ਉਨ੍ਹਾਂ ਦਾ ਦੇਣ ਸਿਰਫ ਉਹਨਾਂ ਨੂੰ ਮੰਨ ਕੇ ਤੇ ਯਾਦ ਕਰਕੇ ਹੀ ਦੇ ਸਕਦ ਹਾਂ। ਅਰਦਾਸ ਕਰਦੇ ਹਾਂ ਸਤਿਗੁਰੂ ਜੀ ਦੀ ਵਿਸ਼ੇਸ਼ ਕਿਰਪਾ ਸਾਡੇ ਤੇ ਸਦੀਵ ਕਾਲ ਲਈ ਬਣੀ ਰਹੇ।


Namdhari Elibrary NamdhariElibrary@gmail.com

*20 ਅਗਸਤ ਜਨਮ ਦਿਨ ਤੇ ਵਿਸ਼ੇਸ਼*

# ਪੰਜਾਬੀ ਪੱਤਰਕਾਰੀ ਦਾ ਧਰੂ-ਤਾਰਾ ਅਤੇ ਠਹਾਕਿਆਂ ਦਾ ਬਾਦਸ਼ਾਹ



*—ਭੂਪਿੰਦਰ ਉਸਤਾਦ*



*ਡਾ. ਬਰਜਿੰਦਰ ਸਿੰਘ ਹਮਦਰਦ*

ਇਹ ਗੱਲ ਅਕਤੂਬਰ 1990 ਦੀ ਹੈ ਤਾਰੀਖ ਨਹੀਂ ਯਾਦ। ਮੈਂ ਤੇ ਮੇਰਾ ਦੋਸਤ ਉਮਾਨ ਵਿਚ ਆਪਣੇ ਰਵਾਬ ਦੇ ਘਰ ਕੰਮ ਕਰਦੇ ਸੀ। ਮੈਂ ਘਰ ਦੇ ਬਾਹਰ ਕੋਈ ਸਾਮਾਨ ਚੁੱਕ ਕਰ ਰਿਹਾ ਸੀ। ਮੇਰਾ ਦੋਸਤ ਆਕੇ ਕਹਿਣ ਲੱਗਾ, "ਉਸਤਾਦ ਟੀ.ਵੀ. ਉੱਤੇ ਤੇਰਾ ਦੋਸਤ ਦਿਸ ਰਿਹਾ ਹੈ, ਸੁਕਰੀ ਬੜੇ ਧਿਆਨ ਨਾਲ ਉਸਨੂੰ ਸੁਣ ਰਿਹਾ ਹੈ"। ਉਸਦੀ ਗੱਲ ਸੁਣਕੇ ਮੈਂ ਸੋਚੀਂ ਪੈ ਗਿਆ ਕਿ ਉਹ ਕੌਣ ਹੋਇਆ, ਅਤੇ ਜਿਸਨੂੰ ਸਾਡਾ ਰਵਾਬ ਧਿਆਨ ਨਾਲ ਸੁਣ ਰਿਹਾ ਹੈ। ਇਹ ਸੋਚਦਾ ਸੋਚਦਾ ਮੈਂ ਅੰਦਰ ਚਲੇ ਗਿਆ। ਮਿੰਟ ਕੁ ਬਾਅਦ ਹੀ ਉਸਦੀ ਸਪੀਚ ਖਤਮ ਹੋ ਗਈ। ਮੇਰੇ ਦੋਸਤ ਨੇ ਰਵਾਬ ਨੂੰ ਦੱਸਿਆ ਕਿ ਉਹ ਸਰਦਾਰ ਭੂਪਿੰਦਰ ਦਾ ਦੋਸਤ ਹੈ। ਰਵਾਬ ਬੜੀ ਹੈਰਾਨੀ ਨਾਲ ਮੇਰੇ ਵੱਲ ਦੇਖਣ ਲੱਗਾ।

"ਇਹ ਤੇਰਾ ਦੋਸਤ ਕਿਸ ਤਰ੍ਹਾਂ ਬਣਿਆਂ, ਐਨਾ ਪੜ੍ਹਿਆ ਲਿਖਿਆ ਅਤੇ ਇਨਟੈਲੀਜੈਂਟ ਆਦਮੀ ? ਐਵੇਂ ਸਰਦਾਰ ਹੋਣ ਕਰਕੇ ਤਾਂ ਉਸਨੂੰ ਮੱਲੋ ਮੱਲੀ ਆਪਣਾ ਦੋਸਤ ਨਹੀਂ ਕਹਿ ਰਿਹੈ"। ਰਵਾਬ ਨੂੰ ਜਿਵੇਂ ਸਾਡੀ ਗੱਲ ਤੇ ਸ਼ੰਕਾ ਸੀ। "ਨਹੀਂ ਰਵਾਬ, ਇਹ ਗੱਲ ਨਹੀਂ, ਅਸੀ ਬਹੁਤ ਦੇਰ ਤੋਂ ਇਕ ਦੂਜੇ ਨੂੰ ਜਾਣਦੇ ਹਾਂ। ਏਹ ਸਾਡੇ ਸ਼ਹਿਰ ਵਿਚ ਹੀ ਪੰਜਾਬੀ ਦਾ ਰੋਜ਼ਾਨਾ ਅਖਬਾਰ ਕੱਢਦੇ ਹਨ। 'ਅਜੀਤ' ਅਖਬਾਰ ਦਾ ਏਹ ਮਾਲਕ ਅਤੇ ਐਡੀਟਰ ਹੈ। ਸਾਡਾ ਸ਼ਹਿਰ ਮੀਡੀਆ ਦਾ ਗੜ੍ਹ ਹੈ।" ਮੈਂ ਰਵਾਬ ਨੂੰ ਸਾਰੀ ਗੱਲ ਦੱਸੀ। "ਤੈਨੂੰ ਪਤਾ ਉਹ ਕਿੱਥੇ ਬੋਲ ਰਿਹਾ ਸੀ? ਕੋਈ ਆਮ ਆਦਮੀ ਉਸ ਥਾਂ 'ਤੇ ਖੜ੍ਹਾ ਨਹੀਂ ਹੋ ਸਕਦਾ। ਉਸਨੇ ਬਹੁਤ ਵਧੀਆ ਸਪੀਚ ਕੀਤੀ ਹੈ"।

"ਕਿੱਥੋਂ ਬੋਲ ਰਿਹਾ ਸੀ ?" ਮੈਂ ਜਾਨਣਾ ਚਾਹਿਆ।

"ਉਹ ਯੂ. ਐਨ. ਓ. ਦੀ ਜਨਰਲ ਅਸੈਂਬਲੀ ਦੇ ਇਜਲਾਸ ਵਿਚ ਬੋਲ ਰਿਹਾ ਸੀ। ਤੁਸੀਂ ਲੋਕ ਮੇਹਨਤੀ ਤਾਂ ਬਹੁਤ ਹੋ ਪਰ ਬੇਵਕੂਫੀਆਂ ਕਰਕੇ ਬਦਨਾਮੀ ਵੀ ਬਹੁਤ ਖੱਟਦੇ ਹੋ"। ਉਸਦਾ ਇਸ਼ਾਰਾ ਸਰਦਾਰਾਂ ਹੱਥੋਂ ਇੰਦਰਾ ਦੇ ਮਾਰੇ ਜਾਣ ਵੱਲ ਸੀ। ਜਦੋਂ ਇੰਦਰਾ ਦਾ ਕਤਲ ਹੋਇਆ ਉਦੋਂ ਪਗੜੀਧਾਰੀ ਸਿੱਖਾਂ ਨੂੰ ਕੁਝ ਕੱਟੜ ਲੋਕ ਨਫ਼ਰਤ ਦੀ ਨਿਗਾਹ ਨਾਲ ਦੇਖਣ ਲੱਗ ਪਏ ਸਨ। ਵੈਸੇ ਉਹ ਸਰਦਾਰਾਂ ਦੀ ਬਹੁਤ ਇੱਜ਼ਤ ਕਰਦੇ ਸਨ ਤੇ ਇਹ ਗੱਲ ਮੰਨਦੇ ਸਨ ਕਿ ਸਿੱਖ ਬਹੁਤ ਮਿਹਨਤੀ ਕਾਮੇ ਹਨ। ਸਾਡਾ ਰਵਾਬ ਵੀ ਸਾਡੀ ਬਹੁਤ ਇੱਜ਼ਤ ਕਰਦਾ ਸੀ, ਤੇ ਸਾਡੇ ਹੱਕ ਵਿਚ ਦੂਜੇ ਲੋਕਾਂ ਨੂੰ ਸਮਝਾਉਂਦਾ ਰਹਿੰਦਾ ਸੀ। ਮੇਰੇ ਕੰਮ ਤੋਂ ਵੀ ਉਹ ਬਹੁਤ ਖੁਸ਼ ਸੀ, ਤੇ ਕਦਰ ਕਰਦਾ ਸੀ। " ਮੇਰੇ ਵਲੋਂ ਉਸਨੂੰ ਵਧਾਈ ਦੇਵੀ"। ਰਵਾਬ ਬਾਹਰ ਨਿਕਲਦਾ ਹੋਇਆ ਮੈਨੂੰ ਕਹਿ ਗਿਆ।

ਮੇਰੇ ਦਿਮਾਗ ਵਿਚ ਪੱਚੀ ਤੀਹ ਸਾਲ ਪੁਰਾਣੀਆਂ ਯਾਦਾਂ ਦੀ ਰੀਲ੍ਹ ਚੱਲਣ ਲੱਗ ਪਈ। 1960 ਵਿਚ ਮੈਂ ਹਾਇਰ ਸੈਕੰਡਰੀ ਦਾ ਇਮਤਿਹਾਨ ਦਿਤਾ। ਤਿੰਨ ਚਾਰ ਮਹੀਨੇ ਬਾਅਦ ਜਦੋਂ ਨਤੀਜਾ ਨਿਕਲਿਆ ਤਾਂ ਜਗਜੀਤ ਮੱਖਣ ਮਨੋਹਰ ਹੁਰੀਂ ਸਾਰੇ ਪਾਸ ਹੋ ਗਏ। ਮੇਰੀ ਭੂਗੋਲ ਵਿਚੋਂ ਕੰਪਾਰਟਮੈਂਟ ਆਈ। ਮੈਂ ਕੰਪਾਰਟਮੈਂਟ ਕਲੀਅਰ ਨਾ ਕਰ ਸਕਿਆ ਤੇ ਕੰਮ ਸਿੱਖਣ ਲਗ ਪਿਆ।

ਮੱਖਣ ਸਿੰਘ ਨੇ ਅੱਗੇ ਪੜ੍ਹਣ ਲਈ ਲਾਇਲਪੁਰ ਖਾਲਸਾ ਕਾਲਜ ਵਿਚ ਦਾਖਲਾ ਲੈ ਲਿਆ। ਉਥੇ ਉਸਦੀ ਮੁਲਾਕਾਤ ਬਰਜਿੰਦਰ ਨਾਲ ਹੋਈ। ਮੱਖਣ ਨੇ ਬਰਜਿੰਦਰ ਦੀ ਜਾਣ ਪਛਾਣ ਮੇਰੇ ਨਾਲ ਕਰਾਈ। ਇਸ ਤਰ੍ਹਾਂ ਸਾਡੀ ਦੋਸਤੀ ਸ਼ੁਰੂ ਹੋਈ। ਉਨ੍ਹਾਂ ਦਿਨਾਂ ਵਿਚ ਕੰਪਨੀ ਬਾਗ ਦੇ ਸਾਹਮਣੇ ਕੌਫੀ ਹਾਊਸ ਖੁੱਲਾ ਸੀ। ਪਹਿਲਾਂ ਮੈਂ, ਮੱਖਣ, ਸੁਰੇਸ਼, ਜਗਜੀਤ ਦੂਜੇ ਤੀਜੇ ਓਥੇ ਜਾਂਦੇ ਸੀ। ਫਿਰ ਬਰਜਿੰਦਰ ਵੀ ਕਦੇ ਕਦੇ ਦਾ ਸਾਥੀ ਬਣ ਗਿਆ। ਅਮਰਜੀਤ ਵੀ ਉਥੇ ਮਿਲ ਪੈਂਦਾ। ਜਿਸ ਦਿਨ ਬਰਜਿੰਦਰ ਨਾਲ ਹੁੰਦਾ ਕੌਫੀ ਦੇ ਪੈਸੇ ਉਹੀ ਦਿੰਦਾ, ਕਿਸੇ ਹੋਰ ਨੂੰ ਨਾ ਦੇਣ ਦਿੰਦਾ, ਉਦੋਂ ਜਲੰਧਰ, ਪ੍ਰੈਸ ਅਤੇ ਲੇਖਕਾਂ ਦਾ ਗੜ੍ਹ ਹੁੰਦਾ ਸੀ, ਤੇ ਕਾਫੀ ਹਾਊਸ ਲੇਖਕਾ ਦਾ ਅੱਡਾ। ਜਿਵੇਂ ਦਿੱਲੀ ਵਾਲਾ ਕਾਫੀ ਹਾਊਸ ਲੇਖਕਾਂ ਦਾ ਉਡੀਕ ਘਰ ਸੀ।

ਮੈਂ ਗੋਬਿੰਦਗੜ੍ਹ ਰਹਿੰਦਾ ਸਾਂ ਤੇ ਜਗਜੀਤ ਸੈਂਟਰਲ ਟਾਊਨ


NamdhariElibrary NamdhariElibrary@gmail.com

ਰਹਿੰਦਾ ਸੀ ਪਰ ਉਹ ਛੇਤੀ ਹੀ ਸਣੇ ਪਰਿਵਾਰ ਇੰਗਲੈਂਡ ਚਲੇ ਗਿਆ। ਮੱਖਣ ਚਹਾਰ ਬਾਗ। ਮੈਂ ਪਹਿਲਾਂ ਬਰਜਿੰਦਰ ਵੱਲ ਜਾਂਦਾ ਤੇ ਦੋਵੇਂ ਫਿਰ ਮੱਖਣ ਵੱਲ ਹੋਕੇ ਪਹਿਲਾ ਸਾਰੇ ਸਿਨਮੇ ਗਾਹੁੰਦੇ, ਫਿਰ ਕੋਫੀ ਹਾਊਸ ਜਾਕੇ ਸਾਂਹ ਲੈਂਦੇ। ਸਾਰੇ ਆਪਣੇ ਆਪਣੇ ਟੋਲੇ ਬਣਾਕੇ ਬੈਠੇ ਖੂਬ ਇਕ ਦੂਜੇ ਦੀ ਨਿੰਦਾ ਚੁਗਲੀ ਅਤੇ ਹੋ-ਹੱਲਾ ਕਰਦੇ। ਕਾਫ਼ੀ ਹਾਊਸ ਨਗਾਰਖ਼ਾਨਾ ਬਣਿਆਂ ਹੁੰਦਾ। ਰਾਤੀਂ ਗਿਆਰਾਂ ਵਜੇ ਪ੍ਰਬੰਧਕਾਂ ਨੂੰ ਬੱਤੀਆਂ ਬੰਦ ਕਰਕੇ ਕੌਫੀ ਹਾਊਸ ਬੰਦ ਕਰਨ ਦਾ ਸਿਗਨਲ ਦੇਣਾ ਪੈਂਦਾ ਸੀ, ਨਹੀਂ ਤਾਂ ਕੋਈ ਵੀ ਉੱਠਣ ਦਾ ਨਾਂ ਨਹੀਂ ਸੀ ਲੈਂਦਾ।

ਇਕ ਦਿਨ ਉਥੇ ਬੈਠਿਆਂ ਬਰਜਿੰਦਰ ਨੇ ਕਿਹਾ, "ਏਥੇ 'ਕੱਠੇ ਹੁੰਦੇ ਹਾਂ ਇਸ ਇਕੱਠ ਦਾ ਕੁਝ ਫਾਇਦਾ ਲਈਏ। ਸੁਰੇਸ਼ ਸਾਡੇ ਨਾਲ ਘੱਟ ਹੀ ਬੈਠਦਾ ਸੀ। ਉਹ ਛੇਤੀ ਹੀ ਕਿਸੇ ਅੰਗਰੇਜ਼ੀ ਨੂੰ ਮੂੰਹ ਮਾਰਨ ਵਾਲੇ ਕੋਲ ਜਾ ਬੈਠਦਾ। ਅਸੀਂ ਤਿੰਨੇ ਸਾਂ। ਬਰਜਿੰਦਰ ਨੇ ਕਿਹਾ ਕੁਝ ਲਿਖਿਆ ਕਰੀਏ। ਫਿਰ ਉਸਨੇ ਇਕ ਫ਼ਿਕਰਾ ਦਿੱਤਾ ਕਿ ਇਸਨੂੰ ਮੁੱਖ ਰੱਖਕੇ ਕਵਿਤਾ ਕਹਾਣੀ ਵਾਰਤਕ ਕੁਝ ਵੀ ਲਿਖਕੇ ਲਿਆਇਓ। ਉਨ੍ਹਾਂ ਦਿਨਾਂ ਵਿਚ ਅੱਜ ਦੇ ਆਸਾ ਰਾਮ ਜਿਹੇ ਕਿਸੇ ਬਾਬੇ ਦੀ ਬਹੁਤ ਚਰਚਾ ਸੀ । ਮੈਂ ਉਸ ਨੂੰ ਮੁੱਖ ਰਖਕੇ ਕਹਾਣੀ ਲਿਖੀ। ਮੱਖਣ ਅਤੇ ਬਰਜਿੰਦਰ ਨੇ ਵਾਰਤਕ। ਅਗਲੀ ਬੈਠਕ ਵਿਚ ਉਹ ਸਭ ਕੁਝ ਪੜ੍ਹਿਆ ਗਿਆ ਤੇ ਕੁਝ ਚਰਚਾ ਵੀ ਹੋਈ। ਫਿਰ ਸੁਧਾਈ ਕਰਕੇ ਉਹ ਤਿੰਨੇ ਰਚਨਾਵਾਂ ਤਸਵੀਰ ਵਿਚ ਛਪੀਆਂ । ਮੱਖਣ ਤੇ ਬਰਜਿੰਦਰ ਨੇ ਤਾਂ ਆਪਣੇ ਨਾਮ ਹੀ ਲਿਖੇ। ਮੈਂ ਆਪਣੇ ਨਾਮ ਨਾਲ 'ਅਨਪੜ੍ਹ' ਲਿਖਿਆ। ਬਰਜਿੰਦਰ ਕਹਿਣ ਲੱਗਾ ਏਹ ਤਾਂ ਸਾਰੇ ਤੈਨੂੰ ਉਸਤਾਦ ਕਹਿੰਦੇ ਨੇ ਤੂੰ ਅਨਪੜ੍ਹ ਲਿਖ ਦਿੱਤਾ।

"ਓ, ਭਰਾਵਾ ਏਹ ਸਾਰੇ ਮੈਨੂੰ ਮਖੌਲ ਨਾਲ ਉਸਤਾਦ ਕਹਿੰਦੇ ਨੇ, ਕਿਉਂਕਿ ਮੈਂ ਪੜ੍ਹਨ ਵਿਚ ਨਿੱਲ ਹੀ ਸੀ, ਪਰ ਪਾਸ ਹੋ ਜਾਂਦਾ ਸੀ, ਇਸ ਕਰਕੇ"।

"ਬਰਜਿੰਦਰ ਕਹਿਣ ਲੱਗਾ "ਚੱਲ ਕੋਈ ਨਹੀਂ, ਨਹੀਂ ਕੁਝ ਆਉਂਦਾ ਤਾਂ ਨਾ ਸਹੀ, ਕਹਾਣੀ ਤਾਂ ਲਿਖ ਲਈ ਆ, ਹੁਣ ਏਨੂੰ ਪੱਕਾ ਈ ਨਾਂਅ ਦੇ ਨਾਲ ਰਹਿਣੇ ਦੇ"।

ਇਸ ਤਰ੍ਹਾਂ ਉਸਨੇ ਭੂਪਿੰਦਰ ਉਸਤਾਦ ਲਿਖਕੇ ਕਹਾਣੀ ਤਸਵੀਰ ਵਿਚ ਛਾਪ ਦਿਤੀ । ਇਹ ਸਿਲ-ਸਿਲਾ ਤਿੰਨ ਕੁ ਸਾਲ ਚੱਲਿਆ। ਮੱਖਣ ਬੰਬਈ ਚਲੇ ਗਿਆ ਤੇ ਬਰਜਿੰਦਰ ਚੰਡੀਗੜ੍ਹ, ਐਮ. ਏ. ਕਰਨ ਲਈ। ਅਮਰਜੀਤ ਦਿੱਲੀ। ਇਸ ਤਰ੍ਹਾਂ ਸਾਡੀ ਲੜੀ ਟੁੱਟ ਗਈ।

ਸ. ਸਾਧੂ ਸਿੰਘ ਹਮਦਰਦ ਐਮ.ਏ., ਐਲ. ਐਲ.ਬੀ, ਪੰਜਾਬੀ ਅਤੇ ਪੰਜਾਬੀਅਤ ਦੇ ਜਜ਼ਬੇ ਨਾਲ ਭਰਪੂਰ ਨਿਧੜਕ, ਨਿਰਭੈ ਪੱਤਰਕਾਰ, ਸਿਦਕੀ ਸਾਹਿਤਕਾਰ ਬਹੁਤ ਹੀ ਸੂਝਵਾਨ ਇਨਸਾਨ ਸਨ। ਉਸ ਵੇਲੇ ਲਾਲਾ ਜਗਤ ਨਾਰਾਇਣ ਉਰਦੂ 'ਚ ਹਿੰਦ ਸਮਾਚਾਰ ਅਤੇ ਹਿੰਦੀ ਵਿਚ ਪੰਜਾਬ ਕੇਸਰੀ ਕੱਢਦੇ ਸਨ। ਯਸ਼ ਜੀ ਦੇ ਵੀ ਉਰਦੂ ਵਿਚ ਮਿਲਾਪ ਅਤੇ ਹਿੰਦੀ ਵਿਚ ਹਿੰਦੀ ਮਿਲਾਪ ਨਿਕਲਦੇ ਸਨ। ਤੀਜਾ ਜੁੱਟ ਸੀ ਪ੍ਰਤਾਪ ਅਤੇ ਵੀਰ ਪ੍ਰਤਾਪ ਦਾ। ਇਹ ਤਿੰਨੇ ਪੰਜਾਬ ਵਿਚ ਰਹਿਕੇ ਉਰਦੂ ਹਿੰਦੀ ਦਾ ਡੰਕਾ ਵਜਾਉਂਦੇ ਸਨ। 'ਅਕਾਲੀ ਪੱਤ੍ਰਕਾ' ਅਤੇ 'ਅਜੀਤ ਪੱਤ੍ਰਕਾ' ਛਪਦੇ ਭਾਵੇਂ ਉਰਦੂ ਅੱਖਰਾਂ 1957 ਤੱਕ 1955 ਵਿਚ ਅਜੀਤ ਪੰਜਾਬੀ ਵਿਚ ਛੱਪਣ ਲੱਗਾ। ਵਿਚ ਸਨ ਪਰ ਜ਼ੁਬਾਨ ਪੰਜਾਬੀ ਹੁੰਦੀ ਸੀ। ਉਰਦੂ ਹਿੰਦੀ ਵਾਲਿਆਂ ਦੇ ਸੰਬੰਧ ਰਾਜਸੀ ਕੁਰਸੀਆਂ ਨਾਲ ਹੋਣ ਕਰਕੇ ਉਨ੍ਹਾਂ ਨੂੰ ਕਾਗਜ਼ ਦਾ ਕੋਟਾ ਸੌਖਾ ਅਤੇ ਸਰਕਾਰੀ ਇਸ਼ਤਿਹਾਰਾਂ ਦਾ ਹਿੱਸਾ ਬਹੁਤ ਮਿਲ ਜਾਂਦਾ ਸੀ। 'ਅਕਾਲੀ ਪੱਤ੍ਰਕਾ' ਅਕਾਲੀ ਪਾਰਟੀ ਦੇ ਹਿਸਾਬ ਨਾਲ ਚੱਲਦੀ ਸੀ। ਪਰ 'ਅਜੀਤ ਪੱਤ੍ਰਕਾ' ਨੇ ਆਪਣੇ ਆਪ ਨੂੰ ਆਜ਼ਾਦ ਰੱਖਿਆ ਹੋਇਆ ਸੀ ਇਸ ਕਰਕੇ ਸ. ਸਾਧੂ ਸਿੰਘ ਹਮਦਰਦ ਹੁਰਾਂ 'ਤੇ ਮਾਨਸਿਕ ਦਬਾਅ ਬਹੁਤਾ ਰਹਿੰਦਾ ਸੀ। ਕਿਉਂਕਿ ਉਹ ਪੰਜਾਬ ਅਤੇ ਪੰਜਾਬੀ ਦੇ ਹੱਕ ਵਿਚ ਖੁੱਲਕੇ ਲਿਖਦੇ ਸਨ।

ਉਹ ਤਿੰਨ ਪੁੱਤਰਾਂ ਦੇ ਪਿਤਾ ਸਨ। ਉਹੀ ਗੁਣ ਬਰਜਿੰਦਰ ਵਿਚ ਵੀ ਹਨ। ਬਰਜਿੰਦਰ ਦੀ ਮਾਤਾ ਬੀਬੀ ਨਿਰੰਜਨ ਕੌਰ ਬਹੁਤ ਹੀ ਹਸਮੁੱਖ ਅਤੇ ਮਿਲਣਸਾਰ ਸੁਭਾਓ ਵਾਲੀ ਔਰਤ ਸੀ। ਅਸੀਂ ਜਦੋਂ ਵੀ ਬਰਜਿੰਦਰ ਨੂੰ ਮਿਲਣ ਜਾਂਦੇ ਬੀਬੀ ਹੋਰੀਂ ਮਿਲਦੇ ਅਤੇ ਚਾਹ ਪਾਣੀ ਤੋਂ ਬਿਨਾਂ ਆਉਣ ਨਾ ਦਿੰਦੇ। ਮੈਂ ਕਦੇ ਵੀ ਉਨ੍ਹਾਂ ਨੂੰ ਗੁੱਸੇ ਵਿਚ ਨਹੀਂ ਸੀ ਦੇਖਿਆ। ਹਮਦਰਦ ਹੁਰਾਂ ਨਾਲ ਤਾਂ ਸਾਹਮਣਾ ਘੱਟ ਹੀ ਹੁੰਦਾ ਸੀ।

ਬਰਜਿੰਦਰ ਦਾ ਜਨਮ 20 ਅਗਸਤ 1944 ਨੂੰ ਮਾਤਾ ਨਿਰੰਜਣ ਕੌਰ ਅਤੇ ਪਿਤਾ ਸ. ਸਾਧੂ ਸਿੰਘ ਦੇ ਘਰ ਪਿੰਡ ਪੱਦੀ ਮੱਠਵਾਲੀ (ਬੰਗਾ) ਜ਼ਿਲਾ ਨਵਾਂਸ਼ਹਿਰ ਵਿਚ ਹੋਇਆ। ਤਿੰਨ ਭਰਾਵਾਂ ਵਿਚੋਂ ਉਸਦਾ ਵਿਚਲਾ ਨੰਬਰ ਹੈ। ਉਹ ਉਮਰ ਵਿਚ ਤਾਂ ਮੇਰੇ ਤੋਂ ਤਿੰਨ ਕੁ ਸਾਲ ਛੋਟਾ ਹੈ, ਪਰ ਸਿਆਣਪ ਵਿਚ ਉਹ ਮੇਰੇ ਤੋਂ ਕਈ ਸਾਲ ਵੱਡਾ ਹੈ।

ਫਿਰ ਥੋੜ੍ਹੇ ਚਿਰ ਬਾਅਦ ਮੈਂ ਵੀ ਮੁਲਕੋਂ ਬਾਹਰ ਨਿਕਲ ਗਿਆ। ਓਥੇ ਜਦੋਂ ਕੋਈ ਨੇੜੇ ਦਾ ਸੱਜਣ ਭਾਰਤ ਤੋਂ ਛੁੱਟੀ ਕੱਟਕੇ ਜਾਂਦਾ ਤਾਂ ਉਹ ਆਪਣੇ ਨਾਲ "ਅਜੀਤ" ਅਖ਼ਬਾਰ ਜ਼ਰੂਰ ਲੈਕੇ ਜਾਂਦਾ। ਸਾਰੇ ਕੈਂਪ ਵਿਚ ਉਹ ਕਈ ਦਿਨ ਪੜ੍ਹਣ ਲਈ ਇਕ ਤੋਂ ਦੂਜੇ ਕਮਰੇ ਤੱਕ ਫਿਰਦੀ ਰੇਂਹਦੀ। ਬਾਰੀ ਬਾਰੀ ਸਾਰਾ ਕੈਂਪ ਉਸਨੂੰ ਪੜ੍ਹਦਾ। ਓਥੇ ਖ਼ਬਰਾਂ ਦੀ ਜਾਣਕਾਰੀ ਲਈ ਰੇਡੀਓ ਬੀ.ਬੀ.ਸੀ. ਤੋਂ ਬਿਨਾ 'ਅਜੀਤ' ਹੀ ਸਾਧਨ ਹੁੰਦਾ ਸੀ। 1978 ਵਿਚ ਪੰਜਾਬ


Namdhari Elibrary NamdhariElibrary@gmail.com

ਵਿਚ ਕੀ ਹੋਇਆ, ਤੇ 1984 ਵਿਚ ਦਿੱਲੀ ਵਿਚ ਸਿੱਖਾਂ ਨਾਲ ਕੀ ਵਾਪਰੀ, ਸਭ ਕੁਝ ਬੀ.ਬੀ.ਸੀ ਜਾਂ 'ਅਜੀਤ' ਤੋਂ ਹੀ ਪਤਾ ਲੱਗਦਾ। ਬੀਜੀ ਹੁਰਾਂ ਦੇ ਗੁਜ਼ਰ ਜਾਣ ਦਾ ਪਤਾ ਵੀ ਲੱਗਾ ਤੇ ਫਿਰ ਹਮਦਰਦ ਹੁਰਾਂ ਦੇ ਵਿਛੋੜੇ ਦੀ ਵੀ ਖ਼ਬਰ ਮਿਲੀ। ਬਰਜਿੰਦਰ ਦੇ "ਟ੍ਰਿਬਿਊਨ" ਵਿਚ ਜਾਣ ਦਾ ਅਤੇ ਉਸਦਾ ਬਾਨੀ ਸੰਪਾਦਕ ਬਣਕੇ ਉਸਨੂੰ ਸਫਲਤਾ ਦੇ ਰਾਹ ਤੋਰਕੇ ਫਿਰ ਵਾਪਸ ਅਜੀਤ ਵਿਚ ਆਕੇ ਉਸਨੂੰ ਸੰਭਾਲਣ ਬਾਰੇ ਵੀ ਪਤਾ ਲੱਗਦਾ ਰਿਹਾ। ਪਰ ਮੁਲਾਕਾਤ ਨਾ ਹੋ ਸਕੀ। ਇਸ ਦੌਰਾਨ ਮੱਖਣ ਦੀ ਮੌਤ ਹੋ ਗਈ। ਇਕ ਵਾਰ ਜਦੋਂ ਮੈਂ ਛੁੱਟੀ ਆਇਆ ਤਾਂ ਇਕ ਦਿਨ ਸੋਚਿਆ ਕਿ ਬਰਜਿੰਦਰ ਨੂੰ ਮਿਲਿਆ ਜਾਏ। ਘਰ ਗਿਆ ਤਾਂ ਪਤਾ ਲੱਗਾ ਕਿ ਬਰਜਿੰਦਰ ਏਥੇ ਨਹੀਂ ਰਹਿੰਦਾ। ਉਸਨੇ ਨਵਾਂ ਪਰਚਾ ਦ੍ਰਿਸ਼ਟੀ ਚਾਲੂ ਕੀਤਾ, ਆਦਰਸ਼ ਨਗਰ ਵੱਲ ਉਸਦਾ ਦਫਤਰ ਹੈ। ਮੈਂ ਪੁੱਛਦਾ-ਪੁੱਛਦਾ ਉਧਰ ਗਿਆ। ਓਥੇ ਹੇਠਾਂ ਹੀ ਇਕ ਸੱਜਣ ਮਿਲਿਆ। ਉਸਨੂੰ ਪੁੱਛਿਆ ਤਾਂ ਉਸਨੇ ਦੱਸਿਆ ਕਿ ਸਰਦਾਰ ਜੀ ਬਾਹਰ ਗਏ ਹਨ ਸ਼ਾਇਦ ਦੋ ਘੰਟੇ ਤੱਕ ਆਉਣਗੇ। ਫਿਰ ਕਈ ਸਾਲ ਲੰਘ ਗਏ, ਮੁਲਾਕਾਤ ਨਾ ਹੋ ਸਕੀ। ਇਸ ਤਰ੍ਹਾਂ ਅਲੱਗ ਹੋਇਆਂ ਨੂੰ 30-35 ਸਾਲ ਨਿਕਲ ਗਏ।

2002 ਵਿਚ ਬਿਮਾਰ ਹੋਣ ਕਰਕੇ ਕੰਮ ਛੱਡ ਕੇ ਮੈਂ ਜਲੰਧਰ ਆ ਗਿਆ। ਪਰ ਭਾਜੀ ਨਾਲ ਮੁਲਾਕਾਤ 2006 ਵਿਚ ਹੋਈ, ਜਦੋਂ ਮੈਂ ਆਪਣੀ ਪਹਿਲੀ ਕਿਤਾਬ ਉਨ੍ਹਾਂ ਨੂੰ ਦੇਣ ਗਿਆ। ਉਪਰ ਪਰਚੀ ਭੇਜੀ ਤਾਂ ਉਸੇ ਵੇਲੇ ਸੱਦਾ ਆ ਗਿਆ। ਜਦੋਂ ਭਾਜੀ ਦੇ ਕੈਬਿਨ ਪੁੱਜਾ ਤਾਂ ਤਿੰਨ ਚਾਰ ਸੱਜਣ ਬੈਠੇ ਹੋਏ ਸਨ। ਬਰਜਿੰਦਰ ਆਪਣੀ ਕੁਰਸੀ ਛੱਡਕੇ ਮੇਰੇ ਕੋਲ ਆਇਆ, ਹੱਥ ਮਿਲਾਉਂਦਿਆਂ ਉਸਨੇ ਮੈਨੂੰ ਆਪਣੀ ਗਲ ਵੱਕੜੀ 'ਚ ਲੈ ਲਿਆ। ਇਸ ਗੱਲ ਦਾ ਅਹਿਸਾਸ ਹੀ ਉਸਨੇ ਨਹੀਂ ਹੋਣ ਦਿੱਤਾ ਕਿ ਅਸੀ 30-35 ਸਾਲ ਦੇ ਲੰਬੇ ਸਮੇਂ ਪਿੱਛੋਂ ਮਿਲ ਰਹੇ ਹਾਂ। ਮੈਨੂੰ "ਦੋ ਮਿੰਟ ਏਥੇ ਬੈਠ" ਕਹਿ ਕੇ ਉਸ ਆਪਣੀ ਕੁਰਸੀ ਜਾ ਸਾਂਭੀ। ਜਲਦੀ ਹੀ ਬੈਠੇ ਸੱਜਣਾ ਨੂੰ ਫਾਰਗ ਕਰਕੇ ਮੈਨੂੰ ਆਪਣੇ ਮੇਜ਼ ਕੋਲ ਪਈ ਕੁਰਸੀ 'ਤੇ ਆ ਜਾਣ ਲਈ ਕਿਹਾ ਤੇ ਨਾਲ ਹੀ ਘੰਟੀ ਮਾਰਕੇ ਮੁੰਡੇ ਨੂੰ ਸੱਦਿਆ ਤੇ ਚਾਹ ਲਈ ਕਿਹਾ। ਫਿਰ ਮੇਰਾ ਹਾਲ ਚਾਲ ਪੁੱਛਿਆ। ਉਸਦੇ ਠਹਾਕਿਆਂ ਨੇ ਮੈਨੂੰ 35-40 ਵਰ੍ਹੇ ਪਹਿਲਾਂ ਦੇ ਠਹਾਕੇ ਯਾਦ ਕਰਾ ਦਿੱਤੇ।

ਜਦੋਂ ਮੈਂ ਸ਼ੀਸ਼ੇ ਦਾ ਦਰਵਾਜ਼ਾ ਖੋਲ੍ਹਕੇ ਅੰਦਰ ਲੰਘਿਆ ਸੀ ਤਾਂ ਅੰਦਰ ਦੀ ਦਿੱਖ ਦੇਖਕੇ ਮੈਂ ਬਰਜਿੰਦਰ ਦੀ ਕੀਤੀ ਮਿਹਨਤ ਦਾ ਅੰਦਾਜ਼ਾ ਲਾ ਰਿਹਾ ਸੀ। ਇਕ ਪਾਸੇ ਸਕਿਉਰਿਟੀ ਗਾਰਡ ਬੈਠਾ ਸੀ ਤੇ ਦੂਜੇ ਪਾਸੇ ਰਿਸੈਪਸ਼ਨ ਵਿਚ ਇਕ ਔਰਤ ਅਤੇ ਮਰਦ ਬੈਠੇ ਸਨ। ਮੈਂ ਉਨ੍ਹਾਂ ਨੂੰ ਭਾਜੀ ਬਾਰੇ ਪੁੱਛਿਆ ਤਾਂ ਉਨ੍ਹਾਂ ਸਲਿੱਪ ਪੈਡ ਮੇਰੇ ਅੱਗੇ ਕਰ ਦਿੱਤੀ ਸੀ।

ਗੱਲਾਂ ਕਰਦਿਆਂ ਅਸੀਂ ਚਾਹ ਪੀਤੀ। ਨੇੜੇ ਪਏ ਪੰਜ ਛੇ ਟੈਲੀਫੋਨ ਅਤੇ ਮੋਬਾਇਲ ਬਾਰੀ ਬਾਰੀ ਖੜਕੀ ਜਾ ਰਹੇ ਸਨ। ਬਰਜਿੰਦਰ ਉਨ੍ਹਾਂ ਨੂੰ ਵੀ ਨਾਲੋ ਨਾਲ ਅਟੈਂਡ ਕਰੀ ਜਾ ਰਿਹਾ ਸੀ। ਜਦ ਨੂੰ ਪ੍ਰੈਸ ਵਿਭਾਗ ਵਿਚੋਂ ਦੋ ਤਿੰਨ ਸੱਜਣ ਕੁਝ ਪੁੱਛਣ ਆ ਗਏ। "ਅੱਛਾ ਭਾਜੀ, ਹੁਣ ਇਜਾਜ਼ਤ ਦਿਓ ਤੇ ਆਪਣਾ ਕੰਮ ਕਰੋ ਫਿਰ ਮਿਲਾਂਗੇ" ਕਹਿਕੇ ਮੈਂ ਉੱਠ ਖੜ੍ਹਾ ਹੋਇਆ। ਬਰਜਿੰਦਰ ਵੀ ਖੜ੍ਹਾ ਹੋਇਆ ਤੇ ਹੱਥ ਮਿਲਾਉਂਦਿਆਂ ਉਸ ਨੇ ਕਿਹਾ " ਆ ਜਾਇਆ ਕਰੋ, ਪਰ ਮੈਂ ਵਿਜ਼ੀ ਬਹੁਤ ਰਹਿੰਦਾ ਹਾਂ। ਤੂੰ ਦੇਖ ਹੀ ਲਿਆ, ਫਿਰ ਵੀ ਗੱਲਬਾਤ ਕਰ ਹੀ ਸਕਦੇ ਹਾਂ।"

"ਹਾਂ, ਮਾਰਾਂਗਾ ਚੱਕਰ", ਕਹਿ ਕੇ ਮੈਂ ਬਾਹਰ ਨਿਕਲ ਆਇਆ।

ਅਜੀਤ ਦੀ ਛਪਣ ਗਿਣਤੀ ਅਜੀਤ ਦੇ ਦਫਤਰ ਦੀ ਦਿੱਖ ਅਤੇ "ਅਜੀਤ ਸਮਾਚਾਰ" ਦੀ ਸਫ਼ਲਤਾ ਤੋਂ ਇਸ ਗੱਲ ਦਾ ਭਲੀ ਭਾਂਤ ਪਤਾ ਲੱਗ ਜਾਂਦਾ ਹੈ ਕਿ ਬਰਜਿੰਦਰ ਨੂੰ ਕਿੰਨੀ ਮਿਹਨਤ ਅਤੇ ਸੰਘਰਸ਼ ਕਰਨਾ ਪਿਆ ਹੋਏਗਾ।

ਬਹੁਤ ਪੁਰਾਣੀ ਗੱਲ ਹੈ। 1968-69 ਵਿਚ ਮੈਂ ਬੰਬਈ ਰਹਿੰਦਾ ਸਾਂ। ਦਾਰਾ ਸਿੰਘ ਜੀ ਥੋੜ੍ਹਾ ਸਮਾਂ ਪਹਿਲਾਂ ਹੀ "ਰੁਸਮੇ-ਜਮਾਂ" ਬਣੇ ਸਨ। ਮੈਂ ਆਪਣੇ ਮਾਮਾ ਜੀ ਕੋਲ ਉਨ੍ਹਾਂ ਦੀ ਦੁਕਾਨ 'ਤੇ ਬੈਠਾ ਸੀ। ਮਰੂਤੀ ਵਰਗੀ ਛੋਟੀ ਗੱਡੀ ਬੜੇ ਔਖੇ ਜਿਹੇ ਸਾਹ ਲੈਂਦੀ ਉਸ ਦੁਕਾਨ ਅੱਗੇ ਆ ਖੜ੍ਹੀ ਹੋਈ। ਮਾਮੇ ਹੁਰਾਂ ਦੱਸਿਆ ਇਹ ਸੌਦਾਗਰ ਸਿੰਘ ਦੀ ਗੱਡੀ ਹੈ। ਜਦੋਂ ਤਾਈਂ ਮਾਮਾ ਗੱਡੀ ਤੱਕ ਗਿਆ ਉਸ ਵਿਚੋਂ ਚਾਰ ਜਾਣੇ ਇਸ ਤਰ੍ਹਾਂ ਨਿਕਲੇ ਜਿਵੇਂ ਤੁੰਨਕੇ ਫਸਾਏ ਹੋਏ ਹੋਣ।

"ਸੁਦਾਗਰਾ, ਗੱਡੀ ਨਵੀਂ ਲੈ ਓਏ, ਇਸ ਵਿਚ ਬਹਿਕੇ ਤਾਂ ਹੱਡੀਆਂ ਵੀ ਕੜਕਣ ਲੱਗ ਪਈਆਂ"। ਰੰਧਾਵੇ ਨੇ ਦੁਕਾਨ ਅੰਦਰ ਆਉਂਦਿਆਂ ਸੁਦਾਗਰ ਨੂੰ ਕਿਹਾ। ਮਾਮੇ ਨੇ ਵੀ ਤੇ ਮੈਂ ਵੀ ਸਾਰਿਆਂ ਨੂੰ ਸਤਿ ਸ੍ਰੀ ਅਕਾਲ ਬੁਲਾਈ। ਮਾਮਾ ਉਨ੍ਹਾਂ ਦੇ ਪਿੰਡ ਦਾ ਸੀ। ਉਸਨੇ ਗੱਡੀ ਦਾ ਬੋਨਟ ਚੱਕਕੇ ਇੰਜਣ ਦੇਖਿਆ ਤੇ ਨਾਲ ਹੀ ਨਵੀਂ ਗੱਡੀ ਲੈਣ ਦੀ ਸਲਾਹ ਦੇ ਦਿੱਤੀ। ਮਾਮੇ ਨੇ ਮੇਰੀ ਜਾਣ-ਪਛਾਣ ਦਾਰਾ ਸਿੰਘ ਨਾਲ ਕਰਾਈ। "ਏ ਆਪਣੇ ਵੱਡੇ ਭਾਈ ਠੇਕੇਦਾਰ ਹੁਰਾਂ ਦਾ ਬੇਟਾ ਹੈ, ਜੋੜ੍ਹੇ ਖਾਰ ਰਹਿੰਦੇ ਨੇ। ਜਿਨ੍ਹਾਂ ਪਿਛਲੇ ਸਾਲ ਤੁਹਾਡੇ ਘਰ ਲੱਕੜ ਦਾ ਕੰਮ ਕੀਤਾ ਸੀ।" ਦਾਰਾ ਜੀ ਨੇ ਮੇਰੇ ਮੋਢੇ 'ਤੇ ਧੌਲ ਮਾਰਦਿਆਂ ਮੇਰਾ ਹਾਲ ਪੁੱਛਿਆ। ਮੈਨੂੰ ਲੱਗਾ ਜਿਵੇਂ ਮੇਰਾ ਖੱਬਾ ਪਾਸਾ ਨੀਵਾਂ ਹੋ ਗਿਆ ਹੋਵੇ। ਮੈਂ ਬੜੀ ਮੁਸ਼ਕਲ ਨਾਲ "ਠੀਕ ਹੈ ਜੀ", ਕਹਿ ਸਕਿਆ। ਤੇ ਨਾਲ ਹੀ ਮੈਂ ਉਨ੍ਹਾਂ ਨੂੰ "ਵਰਲਡ ਚੈਂਪੀਅਨ" ਬਣਨ ਦੀ ਵਧਾਈ ਵੀ ਦੇ ਦਿੱਤੀ। ਮਾਮੇ ਨੇ ਕਿਹਾ ਹੁਣ ਤਾਂ ਏਨ੍ਹਾਂ ਦੀਆਂ ਮੌਜਾਂ ਨੇ ਕਦੀ ਕਿਤਿਓਂ ਸੱਦਾ ਔਂਦਾ ਤੇ ਕਦੀ


Namdhari Elibrary NamdhariElibrary@gma

ਕਿਤਿਓਂ। "ਭਾ ਮੌਜਾਂ ਮੁਜਾਂ ਨਹੀਂ ਹੁਣ ਤਾਂ ਜਾਨ ਕੁੜਿੱਕੀ 'ਚ ਫਸੀ ਪਈ ਸੀ। ਹਰ ਲੱਲੂ ਪੰਜੂ ਉੱਠਕੇ ਚੈਲੰਜ ਕਰ ਦਿੰਦਾ ਹੈ, ਖ਼ਿਤਾਬ ਜਿੱਤਣ ਨੂੰ ਏਨੀ ਮਿਹਨਤ ਨਹੀਂ ਸੀ ਕਰਨੀ ਪਈ ਜਿੰਨੀ ਖ਼ਿਤਾਬ ਬਚਾਉਣ ਨੂੰ ਕਰਨੀ ਪੈ ਰਹੀ ਹੈ"।

ਅੱਜ ਬਰਜਿੰਦਰ ਵੱਲ ਦੇਖਕੇ ਮੈਨੂੰ ਦਾਰਾ ਸਿੰਘ ਜੀ ਦੀ ਉਹ ਗੱਲ ਯਾਦ ਆ ਗਈ ਕਿ ਪਹਿਲਾਂ ਤਾਂ ਬਰਜਿੰਦਰ ਨੂੰ ਅਖ਼ਬਾਰ ਲੋਕਾਂ ਦੇ ਦਿਲਾਂ ਵਿਚ ਬਿਠਾਉਣ ਲਈ ਮਿਹਨਤ ਕਰਨੀ ਪਈ। ਹੁਣ ਉਸਨੂੰ ਅਜੀਤ ਦਾ ਲੋਕਾਂ ਦੇ ਦਿਲਾਂ 'ਤੇ ਰਾਜ ਸਥਾਪਤ ਕਰਨ ਲਈ ਹੋਰ ਵੀ ਮਿਹਨਤ ਕਰਨੀ ਪੈ ਰਹੀ ਹੈ। ਅੱਜ ਉਹ ਇਕ ਸਫ਼ਲ ਸੰਪਾਦਕ ਹੈ ਅਤੇ ਸਰਕਾਰੇ ਦਰਬਾਰੇ ਉਸਦੀ ਗੱਲ ਸੁਣੀ ਜਾਂਦੀ ਹੈ। ਤਾਂ ਵੀ ਉਸਨੇ ਕਦੀ ਕਿਸੇ ਨੂੰ ਆਪਣੇ ਲਈ ਸੁਆਲ ਨਹੀਂ ਪਾਇਆ। ਇਹ ਕਾਮਯਾਬੀ ਬਰਜਿੰਦਰ ਦੇ ਸੰਘਰਸ਼ ਦਾ ਹੀ ਨਤੀਜਾ ਹੈ।

ਸ਼ਾਇਦ ਸਾਧੂ ਸਿੰਘ ਹਮਦਰਦ ਅਤੇ ਬਰਜਿੰਦਰ ਸਿੰਘ ਹਮਦਰਦ ਅਜੇਹੇ ਪਿਓ ਪੁੱਤਰ ਹਨ ਜਿਨ੍ਹਾਂ ਨੂੰ ਪੰਜਾਬ ਸਰਕਾਰ ਵਲੋਂ "ਸ਼੍ਰੋਮਣੀ ਪੱਤਰਕਾਰ" ਅਤੇ ਭਾਰਤ ਸਰਕਾਰ ਵਲੋਂ "ਪਦਮ ਸ੍ਰੀ" ਦੇ ਸਨਮਾਨ ਕਰਕੇ, ਡਾਕਟਰ ਬਣਾਇਆ। ਪਿਛਲੇ ਸਾਲ ਭਾਰਤ ਸਰਕਾਰ ਨੇ ਫਿਰ ਬਰਜਿੰਦਰ ਦੀਆਂ ਸੇਵਾਵਾਂ ਨੂੰ ਮੁੱਖ ਰਖਦਿਆਂ 'ਪਦਮ ਭਿਸ਼ਨ" ਦੇ ਕੇ ਸਨਮਾਨਤ ਕੀਤਾ ਹੈ।

ਕਣਕ ਦੇ ਅੱਧ ਪੱਕੇ ਦਾਣਿਆਂ ਵਰਗਾ ਰੰਗ ਖਿੱਚ ਪਾਉਂਦੇ ਨੈਣ ਨਕਸ਼, ਅੱਖਾਂ ਉੱਤੇ ਸੁਨਹਿਰੀ ਫਰੇਮ ਵਾਲੀ ਐਨਕ ਸਲੀਕੇ ਨਾਲ ਬਸਮਾ ਲਗੀ ਤੇ ਡੋਰੀ ਪਾਕੇ ਬੰਨੀ ਦਾੜੀ ਉਸ ਦੇ ਵਿਅੱਕਤੀਤਵ ਨੂੰ ਪ੍ਰਭਾਵਸ਼ਾਲੀ ਬਣਾ ਦਿੰਦੀ ਹਨ।

ਕਰਤਾਰਪੁਰ ਵਿਚ ਬਣ ਰਹੇ ਆਜ਼ਾਦੀ ਸੰਗਰਾਮ ਦੇ ਸਮਾਰਕ ਦਾ ਬਰਜਿੰਦਰ ਸਿੰਘ ਪ੍ਰਬੰਧਕ ਹੈ।

ਜਦੋਂ ਤੱਕ ਬੰਦਾ ਆਪਣੇ ਆਪ ਨੂੰ ਰੁਝੇਵਿਆਂ 'ਚ ਲਾਈ ਰੱਖੇਗਾ ਉਦੋਂ ਤੱਕ ਉਸਦੀ ਸੋਚ ਅਤੇ ਸਿਹਤ ਤੰਦਰੁਸਤ ਰਹਿਣਗੇ। ਬਰਜਿੰਦਰ ਨੇ ਵੀ ਆਪਣੇ ਆਪ ਨੂੰ ਰੁਝੇਵਿਆਂ ਵਿਚ ਲਾ ਰੱਖਿਆ ਹੈ, ਜਾਂ ਫ਼ਰਜ਼ ਦੇ ਰੁਝੇਵਿਆਂ ਨੇ ਬਰਜਿੰਦਰ ਨੂੰ ਆਪਣੇ ਵਿਚ ਉਲਝਾ ਰੱਖਿਆ ਹੈ। ਕੁਝ ਵੀ ਹੋਵੇ ਬਰਜਿੰਦਰ ਪੰਜਾਬੀ ਪੱਤਰਕਾਰੀ ਦਾ ਧਰੂ-ਤਾਰਾ ਅਤੇ ਠਹਾਕਿਆਂ ਦਾ ਬਾਦਸ਼ਾਹ ਹੈ। ਉਸਦੀ ਮਿਹਨਤ ਨੂੰ ਸਲਾਮ। ਆਮੀਨ!

**ਪ੍ਰਕਾਸ਼ਿਤ ਪੁਸਤਕਾਂ :-** ਕੁਝ ਪੱਤਰੇ (ਨਾਵਲ), (ਗੁਜਰਾਤੀ ਭਾਸ਼ਾ ਵਿਚ ਵੀ ਪ੍ਰਕਾਸ਼ਿਤ), ਛੋਟੇ-ਛੋਟੇ ਦਾਇਰੇ (ਲੇਖ-ਸੰਗ੍ਰਹਿ), ਧਰਤੀਆਂ ਦੇ ਗੀਤ (ਸਫ਼ਰਨਾਮਾ), ਜੋਤ ਜਗਦੀ ਰਹੇਗੀ, ਵਿਰਸੇ ਦਾ ਗੌਰਵ, ਪੈਂਡਾ ਬਾਕੀ ਹੈ, ਮੋਮਬੱਤੀਆਂ ਦੀ ਲੋਅ, ਦੋਸਤੀ ਦੇ ਗੀਤ, ਮਿੱਟੀ ਦਾ ਮੋਹ, ਅਤੇ ਤਰਕਸ਼ੀਲਤਾ ਦਾ ਚਾਨਣ (ਚੋਣਵੀਆਂ ਸੰਪਾਦਕੀਆਂ)

**ਟੀ.ਵੀ.ਸੀਰੀਅਲ :** 1991ਵਿਚ 'ਕੁੱਝ ਪੱਤਰੇ' ਨਾਵਲ ਅੱਠ ਕਿਸ਼ਤਾਂ ਵਿਚ ਦੂਰਦਰਸ਼ਨ ਕੇਂਦਰ ਜਲੰਧਰ ਨੇ ਫਿਲਮਾ ਕੇ ਟੈਲੀਕਾਸਟ ਕੀਤਾ।

**ਐਮ.ਪੀ. :** ਪੰਜਾਬ ਤੋਂ ਮੈਂਬਰ ਰਾਜ ਸਭਾ, ਮਾਰਚ 1998 ਤੋਂ ਦਸੰਬਰ 2000 ਤੱਕ।

**ਵਿਦੇਸ਼ੀ ਦੌਰੇ :** 1) 'ਪੰਜਾਬੀ ਟ੍ਰਿਬਿਊਨ' ਚੰਡੀਗੜ੍ਹ ਦੇ ਸੰਪਾਦਕ ਵਜੋਂ 12 ਸਤੰਬਰ ਤੋਂ 11 ਅਕਤੂਬਰ 1982 ਤੱਕ ਅੰਤਰਰਾਸ਼ਟਰੀ ਜਨਸੰਚਾਰ ਏਜੰਸੀ, ਅਮਰੀਕਾ (USICA-United States International Communication Agency) ਦੁਆਰਾ ਅੰਤਰਰਾਸ਼ਟਰੀ ਯਾਤਰਾ ਪ੍ਰੋਗਰਾਮ ਅਧੀਨ ਅਮਰੀਕਾ ਯਾਤਰਾ।

2) 12 ਜਨਵਰੀ ਤੋਂ 16 ਜਨਵਰੀ 1990 ਤੱਕ ਵਿਦੇਸ਼ ਮੰਤਰੀ ਸ੍ਰੀ ਇੰਦਰ ਕੁਮਾਰ ਗੁਜਰਾਲ ਨਾਲ ਮਾਲਦੀਵਜ਼ ਯਾਤਰਾ।

3) ਸ੍ਰੀ ਵੀ.ਪੀ. ਸਿੰਘ ਨਾਲ ਸੋਵੀਅਤ ਯੂਨੀਅਨ ਦੀ ਯਾਤਰਾ।

4) ਅਕਤੂਬਰ 1990 ਵਿਚ ਭਾਰਤੀ ਵਫਦ ਦੇ ਮੈਂਬਰ ਵਜੋਂ ਯੂ.ਐਨ.ਓ. ਦੀ ਜਨਰਲ ਅਸੈਂਬਲੀ ਦੇ 45ਵੇਂ ਸੈਸ਼ਨ ਨੂੰ ਸੰਬੋਧਨ ਕੀਤਾ।

5) 18 ਸਤੰਬਰ ਤੋਂ 26 ਸਤੰਬਰ 1997 ਤੱਕ ਪ੍ਰਧਾਨ ਮੰਤਰੀ ਸ੍ਰੀ ਇੰਦਰ ਕੁਮਾਰ ਗੁਜਰਾਲ ਨਾਲ ਤਨਜ਼ਾਨੀਆ, ਨਿਊਯਾਰਕ (ਯੂ.ਐਸ.ਏ.) ਅਤੇ ਰੋਮ ਦੀ ਯਾਤਰਾ।

**ਮਾਨ-ਸਨਮਾਨ :** 1) ਭਾਸ਼ਾ ਵਿਭਾਗ, ਪੰਜਾਬ ਵੱਲੋਂ 1983-84 ਦੇ ਸ੍ਰੋਮਣੀ ਪੱਤਰਕਾਰ ਵਜੋਂ ਸਨਮਾਨਿਤ।

2) ਭਾਰਤ ਸਰਕਾਰ ਵੱਲੋਂ 1990 ਵਿਚ 'ਪਦਮਸ੍ਰੀ' ਅਵਾਰਡ ਨਾਲ ਸਨਮਾਨੇ ਗਏ। 2015 ਵਿਚ 'ਪਦਮ ਭੂਸ਼ਨ'।

3) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ 1992 ਵਿਚ ਪੱਤਰਕਾਰੀ ਦੇ ਖੇਤਰ ਵਿਚ ਪਾਏ।

4) ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਸਾਹਿਤਕ ਅਤੇ ਪੱਤਰਕਾਰੀ ਸੇਵਾਵਾਂ ਲਈ ਸੰਨ 2001 ਵਿਚ ਡੀ.ਲਿਟ. (ਆਨਰਸ ਕਾਜ਼ਾ) ਦੀ ਉਪਾਧੀ ਨਾਲ ਸਨਮਾਨਿਤ ਕੀਤਾ।

ਮੋ.- 9876208542

## ਵਧਾਈਆਂ

ਆਦਾਰਾ ਵਰਿਆਮ ਤੇ ਵਰਿਆਮ ਪਰਿਵਾਰ ਵੱਲੋਂ ਡਾ. ਬਰਜਿੰਦਰ ਸਿੰਘ ਹਮਦਰਦ ਜੀ ਨੂੰ ਉਹਨਾਂ ਦੇ ਜਨਮ ਦਿਨ ਦੀਆਂ ਹਾਰਦਿਕ ਵਧਾਈਆਂ।


Namdhari Elibrary NamdhariElibrary@gmail.com



# ਤੇਜ਼ ਬੁਖ਼ਾਰ ਕਾਰਣ ਬੱਚੇ ਨੂੰ ਦੌਰਾ ਪੈਣਾ

*–ਡਾ. ਹਰਸ਼ਿੰਦਰ ਕੌਰ, ਐਮ. ਡੀ.*

ਛੇ ਮਹੀਨੇ ਤੋਂ ਪੰਜ ਸਾਲ ਦੀ ਉਮਰ ਤੱਕ ਦੇ ਬੱਚੇ ਕਈ ਵਾਰ ਗਲਾ ਖ਼ਰਾਬ ਜਾਂ ਵਾਇਰਲ ਬੁਖ਼ਾਰ ਦੀ ਤਾਬ ਝੱਲ ਨਹੀਂ ਸਕਦੇ। ਭਾਵੇਂ ਦਿਮਾਗ਼ ਵਿਚ ਕੀਟਾਣੂਆਂ ਦਾ ਹਮਲਾ ਨਹੀਂ ਹੋਇਆ ਹੁੰਦਾ, ਫੇਰ ਵੀ ਬੁਖ਼ਾਰ ਕਾਰਣ ਉਨਾਂ ਨੂੰ ਦੌਰਾ ਪੈ ਜਾਂਦਾ ਹੈ। ਇਹ ਦਿਮਾਗ਼ੀ ਬੁਖ਼ਾਰ ਨਹੀਂ ਹੁੰਦਾ। ਇਸਨੂੰ 'ਬੁਖ਼ਾਰੀ ਦੌਰਾ' (ਫ਼ੀਬਰਾਈਲ ਸੀਜ਼ਰ) ਕਿਹਾ ਜਾਂਦਾ ਹੈ।

ਅਮਰੀਕਾ ਵਿਚ ਲਗਭਗ ਪੰਜ ਪ੍ਰਤੀਸ਼ਤ ਬੱਚਿਆਂ ਵਿਚ ਇਹ ਬੀਮਾਰੀ ਵੇਖੀ ਜਾਂਦੀ ਹੈ ਜਦਕਿ ਹਿੰਦੁਸਤਾਨ ਵਿਚ 10 ਪ੍ਰਤੀਸ਼ਤ ਤਕ ਬੱਚੇ ਬੁਖ਼ਾਰੀ ਦੌਰੇ ਦੇ ਸ਼ਿਕਾਰ ਹੋ ਜਾਂਦੇ ਹਨ।

ਇਹ ਬੀਮਾਰੀ ਜ਼ਿਆਦਾਤਰ ਉਨ੍ਹਾਂ ਬੱਚਿਆਂ ਨੂੰ ਹੁੰਦੀ ਹੈ :-

– ਜਿਸ ਟੱਬਰ ਵਿਚ ਪਹਿਲਾਂ ਵੀ ਕਿਸੇ ਨੂੰ ਇਹ ਬੀਮਾਰੀ ਹੋਵੇ।

– ਜੇ ਜੱਚਾ ਨੂੰ ਬਲੱਡ ਪ੍ਰੈਸ਼ਰ ਦੀ ਬੀਮਾਰੀ ਹੋਵੇ, ਉਸਦੇ ਪਿਸ਼ਾਬ ਵਿਚ ਪ੍ਰੋਟੀਨ ਆ ਰਹੀ ਹੋਵੇ, ਫੇਫੜਿਆਂ ਵਿਚ ਕੀਟਾਣੂਆਂ ਦਾ ਹਮਲਾ ਹੋਇਆ ਹੋਵੇ, ਜੱਚਾ ਸਿਗਰਟ ਪੀਂਦੀ ਹੋਵੇ ਜਾਂ ਛੋਟੀ ਉਮਰ ਦੀ ਹੋਵੇ ਤਾਂ ਉਸਦੇ ਬੱਚੇ ਨੂੰ ਇਸ ਬੀਮਾਰੀ ਦਾ ਖ਼ਤਰਾ ਵਧ ਹੁੰਦਾ ਹੈ।

– ਬੱਚਾ ਪੂਰੇ ਵਕਤ ਤੋਂ ਪਹਿਲਾ ਜੰਮ ਪਿਆ ਹੋਵੇ, ਜਨਮ ਸਮੇਂ ਬਹੁਤ ਜ਼ਿਆਦਾ ਵਧਿਆ ਹੋਇਆ ਪੀਲੀਆ ਹੋਵੇ, ਬੱਚਾ ਘਾਟ ਭਾਰ ਦਾ ਜੰਮਿਆ ਹੋਵੇ, ਬੱਚਾ ਜੰਮਣ ਤੋਂ ਇਕਦਮ ਬਾਅਦ ਨਾ ਰੋਇਆ ਹੋਵੇ, ਜਨਮ ਵੇਲੇ ਸਿਰ ਤੇ ਸੱਟ ਵਜ ਜਾਵੇ, ਜਨਮ ਤੋਂ ਬਾਅਦ 28 ਦਿਨ ਤਕ ਹਸਪਤਾਲ ਦਾਖਲ ਰਹਿਣਾ ਪਿਆ ਹੋਵੇ, ਆਦਿ ਕਾਰਣ ਵੀ ਬੁਖ਼ਾਰੀ ਦੌਰੇ ਦਾ ਖ਼ਤਰਾ ਵਧ ਜਾਂਦਾ ਹੈ।

– ਜੇ ਬੱਚਾ ਇਕ ਸਾਲ ਵਿਚ ਸੱਤ ਜਾਂ ਅੱਠ ਵਾਰ ਬੀਮਾਰ ਹੁੰਦਾ ਹੋਵੇ।

– ਜੇ ਬੱਚੇ ਤੇ ਹਰਪੀਜ਼ ਵਾਇਰਸ – ਕਿਸਮ 6 ਦਾ ਹਮਲਾ ਹੋਇਆ ਹੋਵੇ।

– ਲਹੂ ਦੀ ਬਹੁਤੀ ਕਮੀ ਹੋਵੇ, ਤਾਂ ਵੀ ਇਸ ਦੌਰੇ ਦਾ ਖ਼ਤਰਾ ਵਧ ਜਾਂਦਾ ਹੈ।

– ਕਈ ਵਾਰ ਡੀ.ਪੀ.ਟੀ ਜਾਂ ਐਮ.ਐਮ.ਆਰ ਦੇ ਟੀਕੇ ਲੱਗਣ ਤੋਂ ਬਾਅਦ ਵੀ ਇਹ ਬੀਮਾਰੀ ਵੇਖੀ ਗਈ ਹੈ।

ਜਦੋਂ ਬੱਚੇ ਨੂੰ ਬੁਖ਼ਾਰ ਤੇਜ਼ੀ ਨਾਲ ਚੜ੍ਹਦਾ ਜਾਂ ਉਤਰਦਾ ਹੈ ਤਾਂ ਦਿਮਾਗ਼ ਵਿਚ ਗਲੂਟਾਮੇਟ ਦੀ ਮਾਤਰਾ ਵਧ ਜਾਂਦੀ ਹੈ ਜਿਸ ਕਾਰਣ ਦੌਰਾ ਪੈਣ ਦਾ ਖ਼ਤਰਾ ਵਧ ਜਾਂਦਾ ਹੈ। ਕੁੱਝ ਵਿਗਿਆਨੀ ਜ਼ਿਕ ਦੀ ਕਮੀ ਨੂੰ ਵੀ ਇਸਦਾ ਕਾਰਣ ਮੰਨਦੇ ਹਨ।

ਇੱਕ ਗੱਲ ਤਾਂ ਪੱਕੀ ਹੈ ਕਿ ਬੁਖ਼ਾਰੀ ਦੌਰੇ ਵਾਲੇ ਚਾਲੀ ਪ੍ਰਤੀਸ਼ਤ ਬੱਚਿਆਂ ਦੇ ਟੱਬਰ ਵਿਚ ਕਿਸੇ ਨਾ ਕਿਸੇ ਨੂੰ ਇਹ ਬੀਮਾਰੀ ਜ਼ਰੂਰ ਹੁੰਦੀ ਹੈ। ਇਸੇ ਕਰਕੇ ਇਸਨੂੰ 'ਜੀਨ' ਰਾਹੀਂ ਪੁਸ਼ਤ ਦਰ ਪੁਸ਼ਤ ਚੱਲਣ ਵਾਲਾ ਰੋਗ ਵੀ ਮੰਨ ਲਿਆ ਗਿਆ ਹੈ।

ਇਕ ਵਾਰ ਦੌਰਾ ਪੈਣ ਤੋਂ ਬਾਅਦ ਸੈਂਤੀ ਪ੍ਰਤੀਸ਼ਤ ਬੱਚਿਆਂ ਨੂੰ ਦੁਬਾਰਾ ਇਕ ਦੌਰਾ ਪੈ ਜਾਂਦਾ ਹੈ। ਤੀਹ ਕੁ ਪ੍ਰਤੀਸ਼ਤ ਬੱਚਿਆਂ ਨੂੰ ਦੁਬਾਰਾ ਦੋ ਵਾਰ ਦੌਰੇ ਪੈ ਸਕਦੇ ਹਨ ਤੇ ਸਤਾਰਾਂ ਪ੍ਰਤੀਸ਼ਤ ਬੱਚਿਆਂ ਨੂੰ ਬਾਅਦ ਦੀ ਉਮਰ ਵਿਚ ਬੁਖ਼ਾਰੀ ਦੌਰਾ ਤਿੰਨ ਜਾਂ ਵੱਧ ਵਾਰ ਵੀ ਪੈ ਸਕਦਾ ਹੈ।

ਆਮ ਤੌਰ ਤੇ ਪਹਿਲਾ ਬੁਖ਼ਾਰੀ ਦੌਰਾ ਪੈਣ ਤੋਂ 6 ਮਹੀਨੇ ਦੇ ਵਿਚ ਵਿਚ ਇਹ ਦੌਰਾ ਦੁਬਾਰਾ ਪੈਣ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ ਤੇ ਦੋ ਸਾਲ ਤਕ ਖ਼ਤਰਾ ਕਾਇਮ ਵੀ ਰਹਿੰਦਾ ਹੈ। ਜਿਨ੍ਹਾਂ ਬੱਚਿਆਂ ਦੇ ਟੱਬਰ ਵਿਚ ਅੱਗੇ ਬੁਖ਼ਾਰੀ ਦੌਰੇ ਦਾ ਕੋਈ ਮਰੀਜ਼ ਹੋਵੇ, ਉਨ੍ਹਾਂ ਵਿਚ ਬਾਰ ਬਾਰ ਬੁਖ਼ਾਰੀ ਦੌਰੇ ਪੈਣ ਦਾ ਖ਼ਤਰਾ ਵਧ ਜਾਂਦਾ ਹੈ।

ਜੇ ਬੱਚੇ ਨੂੰ ਪਹਿਲਾ ਦੌਰਾ ਡੇਢ ਸਾਲ ਦੀ ਉਮਰ ਤੋਂ ਪਹਿਲਾਂ ਪਿਆ ਹੋਵੇ ਜਾਂ ਢਾਈ ਸਾਲ ਦੀ ਉਮਰ ਤੋਂ ਬਾਅਦ ਪਿਆ ਹੋਵੇ, ਤਾਂ ਵੀ ਦੁਬਾਰਾ ਬੁਖ਼ਾਰੀ ਦੌਰਾ ਪੈਣ ਦੇ ਆਸਾਰ ਵਧ ਜਾਂਦੇ ਹਨ। ਜੇ ਬਹੁਤ ਘੱਟ ਬੁਖ਼ਾਰ ਤੇ ਵੀ ਬੱਚੇ ਨੂੰ ਦੌਰਾ ਪੈ ਜਾਵੇ ਤਾਂ ਦੁਬਾਰਾ ਦੌਰਾ ਪੈਣ ਦਾ ਖ਼ਤਰਾ ਵਧ ਜਾਂਦਾ ਹੈ।

ਬੁਖ਼ਾਰੀ ਦੌਰਾ ਤਿੰਨ ਕਿਸਮਾਂ ਦਾ ਹੁੰਦਾ ਹੈ। ਪਹਿਲੀ ਕਿਸਮ ਵਿਚ ਇਕ ਦੌਰਾ ਪੰਦਰਾਂ ਮਿੰਟ ਤੋਂ ਘਟ ਰਹਿੰਦਾ ਹੈ ਤੇ ਇਸ ਵਿਚ ਹੱਥਾਂ ਪੈਰਾਂ ਦੇ ਝਟਕੇ ਵਜਦੇ ਹਨ। ਮੂੰਹ ਵਿੱਚੋਂ ਝੱਗ ਆਉਂਦੀ ਹੈ। ਟੱਟੀ ਪਿਸ਼ਾਬ ਪਜਾਮੀ ਵਿਚ ਨਿਕਲ ਜਾਂਦਾ ਹੈ ਤੇ ਦੌਰਾ ਰੁਕਣ ਤੋਂ ਬਾਅਦ ਬੱਚਾ ਕੁੱਝ ਦੇਰ ਲਈ ਸੁਸਤ ਪੈ ਜਾਂਦਾ ਹੈ। ਇਹ ਦੌਰਾ


NamdhariElibrary NamdhariElibrary@gmail.com

ਬੁਖ਼ਾਰ ਦੇ ਦੌਰਾਨ ਵੀ ਚੌਵੀ ਘੰਟਿਆਂ ਵਿਚ ਇਕ ਵਾਰ ਤੋਂ ਵਧ ਨਹੀਂ ਪੈਂਦਾ।

ਦੂਜੀ ਕਿਸਮ ਦੇ ਦੌਰੇ ਵਿਚ ਸਰੀਰ ਦੇ ਇਕ ਪਾਸੇ ਦਾ ਦੌਰਾ ਪੈ ਜਾਂਦਾ ਹੈ ਤੇ ਇਕ ਦੌਰਾ ਪੰਦਰਾਂ ਮਿੰਟ ਤੋਂ ਵਧ ਰਹਿ ਸਕਦਾ ਹੈ। ਕਈ ਵਾਰ ਤਾਂ ਅਜਿਹਾ ਦੌਰਾ ਚੌਵੀ ਘੰਟਿਆਂ ਵਿਚ ਦੁਬਾਰਾ ਵੀ ਪੈ ਜਾਂਦਾ ਹੈ। ਇਸ ਦੌਰੇ ਵਿਚ ਸਰੀਰ ਦੇ ਇਕ ਪਾਸੇ ਦੀ ਥੋੜੀ ਦੇਰ ਲਈ ਕਮਜ਼ੋਰੀ ਵੀ ਹੋ ਜਾਂਦੀ ਹੈ।

ਤੀਜੀ ਕਿਸਮ ਦਾ ਦੌਰਾ ਲਗਾਤਾਰ ਅੱਧਾ ਘੰਟਾ ਪੈਂਦਾ ਰਹਿੰਦਾ ਹੈ।

ਜੇ ਬੱਚੇ ਨੂੰ ਦੌਰਾ ਦੂਜੀ ਤਾਂ ਤੀਜੀ ਕਿਸਮ ਦਾ ਪਿਆ ਹੋਵੇ ਤਾਂ ਦੁਬਾਰਾ ਦੌਰਾ ਪੈਣ ਦਾ ਖ਼ਤਰਾ ਕਾਫ਼ੀ ਵਧ ਹੁੰਦਾ ਹੈ।

ਜਿਸ ਬੱਚੇ ਦੀ ਗਰਦਨ ਵਿਚ ਅਕੜਾਓ ਹੋ ਰਿਹਾ ਹੋਵੇ, ਦੌਰਾ ਪੈਣ ਤੋਂ ਪਹਿਲਾਂ ਹੀ ਬੇਸੁਰਤ ਹੋ ਰਿਹਾ ਹੋਵੇ ਜਾਂ ਚਿੜਚਿੜਾ ਹੋਵੇ, ਉਲਟੀਆਂ ਲੱਗੀਆਂ ਹੋਣ, ਸਰੀਰ ਤੇ ਦਾਣੇ ਨਿਕਲੇ ਹੋਣ ਜਾਂ ਦੌਰੇ ਤੋਂ ਕਾਫੀ ਬਾਅਦ ਤਕ ਵੀ ਹੋਸ਼ ਵਿਚ ਨਾ ਆਵੇ ਤਾਂ ਬੱਚੇ ਦੀ ਰੀੜ ਦੀ ਹੱਡੀ ਵਿੱਚੋਂ ਪਾਣੀ ਕੱਢ ਕੇ ਟੈਸਟ ਕਰਨਾ ਜ਼ਰੂਰੀ ਹੁੰਦਾ ਹੈ ਕਿ ਕਿਤੇ ਉਸਨੂੰ ਦਿਮਾਗੀ ਬੁਖ਼ਾਰ ਜਾਂ ਉਸਦੇ ਦਿਮਾਗ਼ ਵਿਚ ਕੀਟਾਣੂਆਂ ਦਾ ਹਮਲਾ ਤਾਂ ਨਹੀਂ ਹੋ ਗਿਆ?

ਦੌਰਾ ਪੈਣ ਤੇ ਬੱਚੇ ਨੂੰ ਪਾਸਾ ਦੁਆ ਦੇਣਾ ਚਾਹੀਦਾ ਹੈ ਅਤੇ ਠੰਡੇ ਪਾਣੀ ਦੀਆਂ ਪੱਟੀਆਂ ਕਰਨੀਆਂ ਚਾਹੀਦੀਆਂ ਹਨ। ਬੱਚੇ ਦਾ ਮੂੰਹ ਇਕ ਪਾਸੇ ਕਰਨਾ ਜ਼ਰੂਰੀ ਹੁੰਦਾ ਹੈ ਤਾਂ ਜੋ ਮੂੰਹ ਅੰਦਰਲੀ ਥੁੱਕ ਸਾਹ ਦੀ ਨਾਲੀ ਵੱਲ ਨਾ ਲੰਘ ਜਾਏ ਤੇ ਬੱਚੇ ਨੂੰ ਸਾਹ ਲੈਣ ਵਿਚ ਔਖਿਆਈ ਨਾ ਆਵੇ ਜੋ ਜਾਨਲੇਵਾ ਸਾਬਤ ਹੋ ਸਕਦੀ ਹੈ।

ਦੌਰਾ ਰੁਕ ਜਾਣ ਤੇ ਬੱਚੇ ਨੂੰ ਇਕਦਮ ਡਾਕਟਰ ਕੋਲ ਲੈ ਜਾਣਾ ਚਾਹੀਦਾ ਹੈ ਤਾਂ ਜੋ ਬੁਖ਼ਾਰ ਦਾ ਇਲਾਜ ਕੀਤਾ ਜਾ ਸਕੇ। ਆਮਤੌਰ ਤੇ ਦੌਰਾ ਰੋਕਣ ਦੀਆਂ ਦਵਾਈਆਂ ਜ਼ਿਆਦਾ ਦੇਰ ਤਕ ਦੇਣ ਦੀ ਲੋੜ ਨਹੀਂ ਪੈਂਦੀ। ਪਰ, ਜੇ ਚਾਰ ਵਾਰ ਬੁਖ਼ਾਰੀ ਦੌਰਾ ਪੈ ਜਾਏ ਤਾਂ ਅਗਲੇਰੀ ਜ਼ਿੰਦਗੀ ਵਿਚ ਮਿਰਗੀ ਦਾ ਦੌਰਾ ਪੈਣ ਦਾ ਆਸਾਰ ਵਧ ਹੁੰਦਾ ਹੈ ਤੇ ਦੌਰੇ ਰੋਕਣ ਦੀ ਦਵਾਈ ਵੀ ਤਿੰਨ ਸਾਲ ਖੁਆਉਣੀ ਪੈਂਦੀ ਹੈ।

ਬੁਖ਼ਾਰੀ ਦੌਰੇ ਵਾਲੇ ਬੱਚਿਆਂ ਦੇ ਮਾਪਿਆਂ ਨੂੰ ਬੁਖ਼ਾਰ ਲਾਹੁਣ ਵਾਲੀ ਦਵਾਈ ਹਮੇਸ਼ਾਂ ਕੋਲ ਰੱਖਣੀ ਚਾਹੀਦੀ ਹੈ ਤਾਂ ਜੋ ਬੱਚੇ ਨੂੰ ਤੇਜ਼ ਬੁਖ਼ਾਰ ਚੜ੍ਹਨ ਹੀ ਨਾ ਦਿੱਤਾ ਜਾਵੇ ਤੇ ਠੰਡੀਆਂ ਪੱਟੀਆਂ ਕਰ ਕੇ ਬੁਖ਼ਾਰ ਉਤਾਰਨਾ ਚਾਹੀਦਾ ਹੈ।

ਕੁੱਝ ਅਜਿਹੇ ਵਹਿਮ ਹਨ ਜੋ ਦੌਰੇ ਵਾਲੇ ਬੱਚਿਆਂ ਵਾਸਤੇ ਜਾਨਲੇਵਾ ਸਾਬਤ ਹੋ ਸਕਦਾ ਹਨ। ਇਹ ਹਨ :

- ਦੌਰੇ ਦੇ ਦੌਰਾਨ ਬੱਚੇ ਦੇ ਮੂੰਹ ਵਿਚ ਪਾਣੀ ਪਾਉਣਾ
- ਦੌਰੇ ਦੇ ਦੌਰਾਨ ਬੱਚੇ ਦਾ ਨੱਕ ਬੰਦ ਕਰ ਦੇਣਾ
- ਦੰਦਲ ਪੈਣ ਤੇ ਚਮਚਾ ਦੰਦਾਂ ਵਿਚ ਫਸਾ ਕੇ ਮੂੰਹ ਖੋਲ੍ਹਣਾ
- ਬੁਖ਼ਾਰ ਦੌਰਾਨ ਪੱਖਾ ਬੰਦ ਕਰ ਕੇ ਕੰਬਲ ਜਾਂ ਰਜਾਈ ਵਿਚ ਲਪੇਟ ਦੇਣਾ
- ਦਵਾਈ ਦੇਣ ਦੀ ਥਾਂ ਝਾੜਾ ਕਰਵਾਉਣਾ
- ਹਸਪਤਾਲ ਲਿਜਾਉਣ ਦੀ ਬਜਾਏ ਜੁੱਤੀ ਸੁੰਘਾਉਂਦੇ ਰਹਿਣਾ।

ਇਕ ਬੁਖ਼ਾਰੀ ਦੌਰੇ ਤੋਂ ਪੀੜ੍ਹਤ ਦੋ ਸਾਲ ਦੇ ਬੱਚੇ ਦੀ ਲਾਸ਼ ਲੈ ਕੇ ਜਦੋਂ ਮਾਪੇ ਹਸਪਤਾਲ ਆਏ ਤਾਂ ਪੁੱਛਣ ਤੇ ਪਤਾ ਲੱਗਾ ਕਿ ਉਨ੍ਹਾਂ ਦੇ ਗੁਆਂਢੀ ਨੇ ਬੱਚੇ ਨੂੰ ਦੌਰਾ ਪੈਣ ਤੇ ਮੂਧੇ ਮੂੰਹ ਮੰਜੇ ਤੇ ਪਾਉਣ ਲਈ ਕਹਿ ਦਿੱਤਾ ਸੀ। ਬੱਚੇ ਦੇ ਸਿਰ ਵਾਲੇ ਪਾਸੇ ਲਾਲ ਮਿਰਚਾਂ, ਹਲਦੀ, ਪਿਆਜ਼ ਤੇ ਨਿੰਬੂ ਰੱਖ ਦਿੱਤਾ ਗਿਆ। ਤੀਲਾਂ ਵਾਲੇ ਝਾੜੂ ਨਾਲ ਬੱਚੇ ਦੇ ਪੈਰਾਂ ਨੂੰ ਕੁੱਟਿਆ ਗਿਆ।

ਨਤੀਜੇ ਵਜੋਂ ਮੂੰਹ ਵਿਚ ਆਈ ਝੱਗ ਤੇ ਨੱਕ ਦੱਬੇ ਹੋਣ ਨਾਲ ਬੰਦ ਹੋਣ ਕਾਰਣ ਬੱਚੇ ਤੋਂ ਸਾਹ ਹੀ ਨਹੀਂ ਲਿਆ ਗਿਆ ਤੇ ਉਸਦੀ ਮੌਤ ਹੋ ਗਈ।

ਜੇ ਡਾਕਟਰ ਦੀ ਅਣਗਹਿਲੀ ਕਾਰਣ ਉਸਨੂੰ ਜੱਜ ਸਾਹਿਬਾਨ ਸਜ਼ਾ ਸੁਣਾ ਸਕਦੇ ਹਨ ਤਾਂ ਇਸ ਤਰ੍ਹਾਂ ਦੇ ਗਵਾਂਢੀਆਂ ਲਈ ਸਜ਼ਾ ਤਜਵੀਜ਼ ਕਿਉਂ ਨਹੀਂ ਹੋ ਸਕਦੀ?

*ਬੱਚਿਆਂ ਦੀ ਮਾਹਿਰ,*
*28, ਪ੍ਰੀਤ ਨਗਰ, ਲੋਅਰ ਮਾਲ,*
*ਪਟਿਆਲਾ।*
*ਫੋਨ ਨੰ: 0175-2216783*

## ਪਾਠਕਾਂ ਦੇ ਧਿਆਨ ਹਿੱਤ

ਵਰਿਆਮ ਦੇ ਸੁਹਿਰਦ ਪਾਠਕਾਂ ਪ੍ਰਤੀ ਬੇਨਤੀ ਹੈ ਕਿ ਜਿਹੜੇ ਸੱਜਣਾਂ ਦੇ ਚੰਦੇ ਬਕਾਇਆ ਹੈ। ਚੰਦਾ ਭੇਜਣ ਦੀ ਕ੍ਰਿਪਾ ਕਰਨ ਤਾ ਕਿ ਉਹਨਾ ਨੂੰ ਵਰਿਆਮ ਨਿਰਵਿਘਨ ਜਾਰੀ ਰਹੇ। ਆਪ ਤੋਂ ਭਰਪੂਰ ਸਹਿਯੋਗ ਦੀ ਉਮੀਦ ਹੈ।

*-ਮੈਨੇਜਰ ਵਰਿਆਮ*


Namdhari Elibrary NamdhariElibrary@gmail.com

# ਸੌਣ ਮਹੀਨੇ ਪਿਪਲੀਂ ਪੀਂਘਾਂ, ਸਈਆਂ ਝੂਟਣ ਆਈਆਂ

*-ਡਾ ਰਾਜਵੰਤ ਕੌਰ*

ਸਾਲ ਦੇ ਬਾਰ੍ਹਾ ਮਹੀਨਿਆਂ ਵਿੱਚੋਂ ਸੌਣ ਦੇ ਮਹੀਨੇ ਦੀ ਆਪਣੀ ਵਿਸ਼ੇਸ਼ਤਾ ਹੈ, ਆਪਣੀ ਇੱਕ ਖ਼ਾਸ ਥਾਂ ਹੈ। ਇਸੇ ਮਹੀਨੇ ਵਿਚ ਹੀ ਜੇਠ ਹਾੜ੍ਹ ਦੀ ਗਰਮੀ ਤੋਂ ਬਾਅਦ ਤਪਦੀ ਹੋਈ ਧਰਤੀ ਦੀ ਹਿੱਕ ਨੂੰ ਠੰਡ ਪੈਂਦੀ ਹੈ। ਸਾਰੇ ਪਾਸੇ ਹਰਿਆਈ ਵਿਖਾਈ ਦਿੰਦੀ ਹੈ। ਸਾਰਾ ਆਲਾ ਦੁਆਲਾ ਧੁਪਿਆ ਹੋਇਆ ਅਤੇ ਸਾਫ਼ ਸਾਫ਼ ਨਜ਼ਰ ਆਉਂਦਾ ਹੈ। ਸਾਰੇ ਨਦੀਆਂ-ਨਾਲੇ, ਨਹਿਰਾਂ, ਤਲਾਬ ਤੇ ਟੋਏ ਪਾਣੀ ਨਾਲ ਭਰਪੂਰ ਹੋ ਜਾਂਦੇ ਹਨ।

ਕੁੜੀਆਂ ਲਈ ਖਾਸ ਕਰ ਕੇ ਨਵੀਆਂ ਵਿਆਹੀਆਂ ਕੁੜੀਆਂ ਲਈ ਤਾਂ ਸੌਣ ਦਾ ਮਹੀਨਾ ਬਹੁਤ ਹੀ ਚਾਵਾਂ ਭਰਿਆ ਹੁੰਦਾ ਹੈ। ਉਹ ਆਪਣੇ ਪੇਕੇ ਘਰ ਆਕੇ ਤੀਆਂ ਦਾ ਤਿਉਹਾਰ ਮਨਾਉਂਦੀਆਂ ਹਨ। ਸਾਰੀਆਂ ਸਹੇਲੀਆਂ ਭੈਣਾਂ ਇੱਕਠੀਆਂ ਹੋ ਕੇ, ਸੋਹਣੇ ਸੋਹਣੇ ਰੰਗਦਾਰ ਕੱਪੜੇ ਪਾ ਕੇ ਪਿੱਪਲਾਂ ਤੇ ਪਈਆਂ ਹੋਈਆਂ ਪੀਂਘਾਂ ਝੂਟਦੀਆਂ ਹਨ। ਤੇ ਗਿੱਧੇ ਪਾਉਂਦੀਆਂ ਹਨ। ਸਾਰਾ ਦਿਨ ਹੱਸਣਾ ਖੇਡਣਾ, ਇਕ ਦੂਜੀ ਨੂੰ ਮਖੌਲ ਕਰਨਾ ਅਤੇ ਗਿੱਧੇ ਪਾਉਂਦੀਆਂ ਦਾ ਦਿਨ ਕਦੋਂ ਨਿਕਲ ਜਾਂਦਾ ਹੈ, ਪਤਾ ਹੀ ਨਹੀਂ ਚਲਦਾ। ਮਾਂ ਬਾਪ ਵੀ ਇਸ ਤਿਉਹਾਰ ਨੂੰ ਲੈ ਕੇ ਬੜੇ ਸ਼ਗਨ ਮਨਾਉਂਦੇ ਹਨ। ਉਹ ਵਿਆਹੀਆਂ ਕੁੜੀਆਂ ਦੇ ਸੌਹਰੇ ਘਰ ਗੁਲਗੁਲੇ ਮਿੱਠੀਆਂ ਬਿਸਕੁਟ ਅਤੇ ਹੋਰ ਮਿਠਾਈਆਂ ਦੇ ਪੀਪੇ ਭਰ ਭਰ ਕੇ ਲੈ ਜਾਂਦੇ ਹਨ।

ਖਾਣ ਪੀਣ ਦੇ ਸ਼ੌਕੀਨ ਲੋਕਾਂ ਲਈ ਤਾਂ ਇਹ ਮਹੀਨਾ ਇਕ ਵਰਦਾਨ ਹੈ। ਸੌਣ ਦੀ ਸੰਗਰਾਂਦ ਦੇ ਕੜਾਹ ਪਰਸ਼ਾਦ ਤੋਂ ਖਾਣ ਪੀਣ ਦਾ ਸਿਲਮਿਲਾ ਸ਼ੁਰੂ ਹੁੰਦਾ ਹੈ ਅਤੇ ਖੀਰ-ਪੂੜੇ ਮਾਲ੍ਹ ਪੂੜੇ ਅਤੇ ਪਕੌੜੇ ਖਾਣ ਤਕ ਚਲਦਾ ਰਹਿੰਦਾ ਹੈ। ਜਦੋਂ ਸੌਣ ਦੀ ਝੜੀ ਲਗਦੀ ਹੈ ਤਾਂ ਸਭ ਲੋਕ ਮੀਂਹ ਦੇ ਨਾਲ ਇਨ੍ਹਾਂ ਪਕਵਾਨਾਂ ਦਾ ਵੀ ਅਨੰਦ ਲੈਂਦੇ ਹਨ।

ਸਭ ਤੋਂ ਜ਼ਿਆਦਾ ਮਜ਼ਾ ਤਾਂ ਬੱਚੇ ਕਰਦੇ ਹਨ। ਉਹ ਮੀਂਹ ਦੇ ਵਿਚ ਭਿੱਜ ਕੇ ਖੂਬ ਮਸਤੀ ਕਰਦੇ ਹਨ। ਅਸੀਂ ਜਦੋਂ ਛੋਟੇ ਹੁੰਦੇ ਸੀ ਤੇ ਸਾਡੀ ਗਲੀ ਦੇ ਬਾਹਰ ਵੱਡੀ ਸੜਕ ਤੇ ਮੀਂਹ ਦਾ ਪਾਣੀ ਭਰ ਜਾਂਦਾ ਸੀ। ਜਿੰਨਾ ਜ਼ਿਆਦਾ ਪਾਣੀ ਭਰਣਾ, ਉਨਾਂ ਜ਼ਿਆਦਾ ਚਾਅ ਚੜ੍ਹਨਾ; ਕਿਉਂਕਿ ਸਕੂਲ ਦੀ ਛੁੱਟੀ ਹੋ ਜਾਂਦੀ ਸੀ। ਅਸੀਂ ਘੰਟਿਆਂ ਬੱਧੀ ਸੜਕ ਦੇ ਕਿਨਾਰੇ ਖੜ੍ਹੇ ਹੋ ਕੇ ਪਾਣੀ ਨੂੰ ਵੇਖਦੇ ਰਹਿਣਾ। ਕਦੇ ਕੋਈ ਛਤਰੀ ਲੈ ਕੇ ਦੁੱਧ ਲੈਣ ਜਾ ਰਿਹਾ ਹੁੰਦਾ ਸੀ, ਕਦੇ ਕੋਈ ਸਵਾਰੀਆਂ ਨਾਲ ਭਰਿਆ ਰਿਕਸ਼ਾ ਦਿਖਾਈ ਦੇ ਜਾਣਾ, ਕਦੇ ਕੋਈ ਸਾਇਕਲ ਵਾਲਾ ਪਾਣੀ ਵਿਚ ਡਿੱਗ ਜਾਣਾ। ਜੇਕਰ ਕਿਤੇ ਕੋਈ ਟਰੱਕ ਆ ਜਾਂਦਾ ਤੇ ਮਜ਼ਾ ਹੀ ਆ ਜਾਦਾ ਕਿਉਂਕਿ ਟਰੱਕ ਦੇ ਚਲੱਣ ਨਾਲ ਪਾਣੀ ਦੀਆਂ ਛੱਲਾਂ ਦੂਰ ਦੂਰ ਤਕ ਆ ਜਾਂਦੀਆਂ ਸਨ। ਇਸ ਨਾਲ ਬੱਚਿਆਂ ਵਿਚ ਬੜਾ ਉਤਸ਼ਾਹ ਪੈਂਦਾ ਹੁੰਦਾ ਸੀ। ਉਹ ਜ਼ੋਰ ਜ਼ੋਰ ਦੀ ਟੱਪਦੇ ਅਤੇ ਰੌਲਾ ਪਾਉਂਦੇ।

ਕਈ ਵਾਰੀ ਜ਼ਿਆਦਾ ਮੀਂਹ ਪੈਣ ਨਾਲ ਬੜੀ ਬੇਸੁਆਦੀ ਹੋ ਜਾਂਦੀ ਹੈ। ਜਿਨ੍ਹਾਂ ਦੇ ਘਰ ਕੱਚੇ ਹਨ ਜਾਂ ਜਿਹੜੇ ਲੋਕ ਝੋਂਪੜੀਆਂ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰ ਉਨ੍ਹਾਂ ਨੇ ਆਪਣੇ ਇੰਤਜ਼ਾਮ ਕੀਤੇ ਹੁੰਦੇ ਹਨ। ਇਸ ਲਈ ਜ਼ਿੰਦਗੀ ਆਪਣੀ ਚਾਲੇ ਚਲਦੀ ਰਹਿੰਦੀ ਹੈ।

ਪਰ ਅਫਸੋਸ ਦੀ ਗੱਲ ਇਹ ਹੈ ਕਿ ਅੱਜ ਕਲ੍ਹ ਸੌਣ ਦੇ ਮਹੀਨੇ ਦੇ ਤਿਉਹਾਰ ਨੂੰ ਮਨਾਉਣਾ ਸਿਰਫ ਫੇਸਬੁਕ ਅਤੇ ਵਟਸਐਪ ਤਕ ਹੀ ਸੀਮਿਤ ਹੋ ਗਿਆ ਹੈ। ਲੋਕ ਇਕ ਦੂਜੇ ਨੂੰ ਸੋਸ਼ਲ ਮੀਡਿਆ ਰਾਹੀਂ ਹੀ ਵਧਾਈਆਂ ਦੇ ਦਿੰਦੇ ਹਨ। ਨਵੀਂ ਪੀੜ੍ਹੀ ਨੂੰ ਇਹਨਾਂ ਪਕਵਾਂਨਾ ਦਾ ਵੀ ਕੋਈ ਚਾਅ ਨਹੀਂ ਹੈ। ਵੱਧ ਤੋਂ ਵੱਧ ਪਕੌੜੇ ਖਾ ਕੇ ਖੁਸ਼ ਹੋ ਜਾਂਦੇ ਹਨ। ਹਾਂ, ਸਕੂਲਾਂ ਕਾਲਜਾਂ ਵਿਚ ਜਾਂ ਲੇਡੀਜ਼ ਕਲੱਬਾਂ ਵਿਚ ਇਕ ਦਿਨ ਮਿੱਥਕੇ ਤੀਆਂ ਦੇ ਤਿਉਹਾਰ ਮਨਾਉਣ ਦੀ ਅਪੌਚਾਰਿਕਤਾ ਕਰ ਲਈ ਜਾਂਦੀ ਹੈ ਜਿਸ ਦੀਆਂ ਤਸਵੀਰਾਂ ਸੋਸ਼ਲ ਮੀਡੀਆ ਤੇ ਅਖ਼ਬਾਰ ਵਿਚ ਆ ਜਾਂਦੀਆਂ ਹਨ।

ਅੱਜ ਕਲ੍ਹ ਦੇ ਮਾਂ ਬਾਪ ਅਤੇ ਨਵੀਂ ਪੀੜ੍ਹੀ ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਸਭਿਆਚਾਰ ਨੂੰ ਸੰਭਾਲਣ ਅਤੇ ਸੌਣ ਦੇ ਮਹੀਨੇ ਦਾ ਅਸਲ ਵਿੱਚ ਅਨੰਦ ਮਾਨਣ।

*98786-16996*


NamdhariElibrary NamdhariElibrary@gmail



# ਨਾਮਧਾਰੀ ਸਿੰਘਾਂ ਦੀਆਂ ਸ਼ਹੀਦੀਆਂ

*— ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ*

ਕਵੀ ਸੰਤੋਖ ਸਿੰਘ ਸਫ਼ਰੀ, ਬਹੁਤ ਖ਼ੂਬਸੂਰਤ ਲਾਈਨਾਂ ਦੀ ਸਿਰਜਣਾ ਕਰਦਾ ਹੈ—

ਇਸ਼ਕ ਜਦੋਂ ਝੁਕਦਾ ਝੁਕਦਾ ਇਸ਼ਟ ਅੱਗੇ,
ਥਾਂ ਥਾਂ ਇਸ਼ਕ ਤੋਂ ਨਹੀਂ ਡੰਡੌਤ ਹੁੰਦੀ।
ਜਿਹੜੀ ਪੱਥਰਾਂ ਦੇ ਸੀਨੇ ਛੇਕ ਪਾਵੇ,
ਨਾ ਮੁਰਾਦ ਹੈ ਉਹ ਸਖੌਤ ਹੁੰਦੀ।
ਆਸ਼ਕ ਖੇਡਦਾ ਆਪਣੀ ਜਾਨ ਉੱਤੇ,
ਕਿਸੇ ਨਾਲ ਨਹੀਂ ਉਹਦੀ ਅਦੌਤ ਹੁੰਦੀ।
ਜਿਹੜੀ ਕੌਮ ਵਿੱਚ ਹੋਣ ਸ਼ਹੀਦ ਪੈਦਾ,
ਉਸ ਕੌਮ ਦੀ ਕਦੇ ਨਹੀਂ ਮੌਤ ਹੁੰਦੀ।

ਪੰਜਾਬ ਦਾ ਇਤਿਹਾਸ ਗਵਾਹ ਹੈ। ਜਿਸ ਕੌਮ ਵਿੱਚ ਸ਼ਹੀਦ ਪੈਦਾ ਹੁੰਦੇ ਹਨ, ਉਹ ਕੌਮਾਂ ਸਦਾ ਜਿਉਂਦੀਆਂ ਰਹਿੰਦੀਆਂ ਹਨ। ਲੁਧਿਆਣੇ ਤੋਂ 27 ਮੀਲ ਦੀ ਵਿੱਥ ਪੁਰ ਇੱਕ ਨਗਰ ਜੋ ਰਾਏ ਅਹਿਮਦ ਨੇ ਸੰਨ 1648 ਵਿੱਚ ਆਬਾਦ ਕੀਤਾ ਸੀ। ਅਹਿਮਦ ਦਾ ਵਡੇਰਾ ਤੁਲਸੀ ਰਾਮ ਰਾਜਪੂਤ ਮੁਸਲਮਾਨ ਹੋ ਗਿਆ ਸੀ, ਜਿਸ ਦਾ ਨਾਮ ਸੇਖ ਚੱਕੂ ਪ੍ਰਸਿੱਧ ਹੈ। ਅਹਿਮਦ ਦੇ ਭਾਈ ਰਾਏ ਕਮਾਲੁੱਦੀਨ ਨੇ ਜਗਰਾਉਂ ਆਬਾਦ ਕੀਤਾ। ਇਸ ਦੇ ਪੁਤਰ ਰਾਏ ਕੱਲਾ ਨੇ ਕਈ ਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਆਪਣੇ ਘਰ ਠਹਿਰਾਕੇ ਸੇਵਾ ਕੀਤੀ। ਰਾਏਕੋਟ ਵਿੱਚ ਗੁਰਦਵਾਰਾ ਟਾਹਲੀਆਣਾ ਸਾਹਿਬ ਦੇ ਕੋਲ ਅੰਗਰੇਜ਼ਾਂ ਨੇ ਬੁੱਚੜਖਾਨਾ ਖੋਲ੍ਹ ਦਿੱਤਾ, ਵਾਤਾਵਰਣ ਦੂਸ਼ਿਤ ਹੋ ਗਿਆ। ਗਊ ਹੱਤਿਆ ਹੋਣ ਲੱਗੀ। ਇਸ ਦੁਖਦਾਈ ਘਟਨਾ ਦਾ ਨਾਮਧਾਰੀ ਸਿੰਘਾਂ ਨੇ ਵਿਰੋਧ ਕੀਤਾ। ਗੁਰਮੁਖ ਸਿੰਘ, ਮਸਤਾਨ ਸਿੰਘ, ਮੰਗਲ ਸਿੰਘ, ਗਿਆਨੀ ਸਿੰਘ, ਰਤਨ ਸਿੰਘ ਨਾਈਵਾਲਾ, ਦਲ ਸਿੰਘ— ਇਹ ਸਿੰਘ ਤਿਆਰ ਹੋਏ ਧਰਮ ਦੀ ਖਾਤਰ ਸੀਸ ਦੇਣ ਵਾਸਤੇ। ਇਹਨਾਂ ਸਿੰਘਾਂ ਨੇ ਲਾੜੇ ਬਣ ਮੌਤ ਹੂਰ ਨੂੰ ਵਿਆਹੁਣ ਵਾਸਤੇ ਕਮਰਕੱਸੇ ਕਰ ਲਏ। ਸੰਤੋਖ ਸਿੰਘ ਸਫ਼ਰੀ ਲਿਖਦੇ ਹਨ—

ਜਦੋਂ ਜਬਰ ਤੇ ਸਬਰ ਦੀ ਜੰਗ ਛਿੜਦੀ,
ਸਾਬਰ ਉੱਠਦੇ ਜਾਨ ਨਿਸਾਰ ਆਖਰ।
ਆਖਰ ਸ਼ਮ੍ਹਾਂ ਕੁਰਬਾਨੀ ਦੀ ਜਦੋਂ ਬਲਦੀ,
ਸਾਬਰ ਉੱਠਦੇ ਹੰਬਲਾਂ ਮਾਰ ਆਖਰ।
ਆਖਰ ਜਿਨ੍ਹਾਂ ਨੇ ਸਿਰ ਤੇ ਚਾਈ ਹੁੰਦੀ,
ਉਹ ਵੀ ਝੱਲਣੇ ਪੈਂਦੇ ਨੇ ਵਾਰ ਆਖਰ।
ਆਖਰ ਸਿਰ ਉੱਤੇ ਸਫ਼ਰੀ ਜਦੋਂ ਝੁੱਲੇ,
ਚੁੱਕਣੀ ਪੈਂਦੀ ਏ ਫੇਰ ਤਲਵਾਰ ਆਖਰ।

ਇਹ ਧਰਮੀ ਮਰਜੀਵੜਿਆਂ ਦਾ ਜਥਾ ਧਰਮ ਯੁੱਧ ਵਿੱਚ ਸ਼ਹੀਦੀ ਪਾਉਣ ਵਾਸਤੇ ਗੁਰਮਤਾ ਕਰਨ ਲਈ ਪਿੰਡ ਤਾਜਪੁਰ ਬੂਟਾ ਰਾਮ ਦੇ ਡੇਰੇ ਤੇ ਇਕੱਤਰ ਹੋਇਆ। ਅੱਠ ਸ੍ਰੀ ਸਾਹਿਬ ਗਿਆਨੀ ਸਿੰਘ ਨੇ ਇੱਕਠੇ ਕੀਤੇ। ਉਹ ਊਠ ਦੇ ਪਲਾਣੇ ਤੇ ਧਰਕੇ ਮੌੜਾਂ ਵਿੱਚਦੀ ਹੋਕੇ ਛੀਨੀਵਾਲ ਆਏ। ਬੂਟਾ ਰਾਮ ਦੇ ਡੇਰੇ ਤੇ ਹਵਨ ਕੀਤਾ। ਕੜਾਹ ਪ੍ਰਸ਼ਾਦ ਵਰਤਾਇਆ। ਅਰਦਾਸਾ ਕਰਕੇ ਤੁਰੇ। ਬਾਰਸ਼ ਪੈਂਦੀ ਸੀ। ਬੁੱਚੜਖਾਨੇ ਦੇ ਦਰਵਾਜ਼ੇ ਅੱਗੇ ਆਏ। ਬੁੱਚੜਾਂ ਪੁੱਛਿਆ ਕੌਣ ਹੋ? ਸਿੰਘਾਂ ਨੇ ਆਖਿਆ ਅਸੀਂ ਊਠਾਂ ਵਾਲੇ ਹਾਂ ਹੁੱਕੇ ਤੇ ਅੱਗ ਧਰਨੀ ਹੈ। ਬੁੱਚੜਾਂ ਨੇ ਦਰਵਾਜ਼ਾ ਖੋਹਲ

ਦਿੱਤਾ। ਸਾਉਣ ਦੀ ਸੰਗਰਾਂਦ 15 ਜੁਲਾਈ 1871 ਈ: ਨੂੰ ਬੁੱਚੜਖਾਨੇ ਦੇ ਅੰਦਰ ਵੜਕੇ ਪਹਿਲਾਂ ਗਊਆਂ ਦੇ ਰੱਸੇ ਵੱਢੇ ਤੇ ਆਜ਼ਾਦ ਕਰਵਾਈਆਂ ਫੇਰ ਸ੍ਰੀ ਸਾਹਿਬ ਨਾਲ ਬੁੱਚੜਾਂ ਦਾ ਸਿਰ ਵੱਢਿਆ। 6 ਬੁੱਚੜ ਵੱਢੇ ਇੱਕ ਦੇ ਖੋਖਰੀ ਮਾਰੀ ਦੋ ਟੁੱਕ ਹੋ ਕੇ ਧਰਤੀ ਤੇ ਡਿਗ ਪਿਆ। ਇੱਕ ਤੀਵੀਂ ਸੀ ਉਸਦੀ ਬਾਂਹ ਵੱਢੀ ਗਈ। ਤਿੰਨ ਸਿੰਘ ਅੰਦਰ ਕਤਲ ਕਰਦੇ ਸੀ, ਬਾਕੀ ਪਹਿਰੇ ਤੇ ਖੜ੍ਹੇ ਸੀ। ਬੁੱਚੜਾਂ ਦੇ ਸ਼ਸਤਰ ਵੱਜਦੇ ਸੀ, ਸਿੰਘਾਂ ਦੇ ਜੈਕਾਰੇ ਗੱਜਦੇ ਸੀ। ਲੋਕ ਸੁਣਦੇ ਸਨ। ਥਾਣਾ ਵੀ ਕੋਲ ਸੀ ਪਰ ਕੋਈ ਨਾ ਆਇਆ। ਸਾਰਾ ਕਾਰਾ ਕਰਕੇ ਸਿੰਘ ਪਿੰਡ ਛੀਨੀਵਾਲ ਨੂੰ ਤੁਰ ਪਏ। ਰਾਏਕੋਟ ਦੇ ਅੱਗੇ ਖੂਹ ਸੀ ਉਥੇ ਸਿੰਘਾਂ ਇਸ਼ਨਾਨ ਕੀਤਾ। ਇੱਕ ਜਿਮੀਦਾਰ ਉਥੇ ਰਾਖਾ ਸੀ ਉਸਨੇ ਕਿਹਾ ਮੈਨੂੰ ਭਜਨ ਦੇ ਦਿਓ। ਸਿੰਘਾਂ ਨੇ ਉਸਨੂੰ ਭਜਨ ਦਿੱਤਾ। ਸਿੰਘ ਛੀਨੀਵਾਲ ਜਾ ਪਹੁੰਚੇ। 8 ਸ੍ਰੀ ਸਾਹਿਬ ਦਬਾ ਦਿੱਤੇ ਆਪ ਵੱਖੋ ਵੱਖ ਹੋ ਗਏ। ਜਦੋਂ ਦਿਨ ਚੜ੍ਹਿਆ ਜਿਸ ਬੁੱਢੀ ਦੀ ਬਾਂਹ ਵੱਡੀ ਹੋਈ ਸੀ ਉਹ ਜਿਊਂਦੀ ਰਹੀ। ਉਸਨੇ ਥਾਣੇ ਰਪਟ ਲਿਖਵਾ ਦਿੱਤੀ ਕਿ ਛੇ ਲਾਸ਼ਾਂ ਬੁੱਚੜਖਾਨੇ ਵਿੱਚ ਪਈਆਂ ਹਨ। ਦਸੌਂਦੀ ਗੁੱਜਰ ਅਤੇ ਉਸਦੀ ਔਰਤ ਬੱਸਾਂ ਮੌਕੇ ਤੇ ਮਾਰੇ ਗਏ ਅਤੇ 7 ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਜ਼ਖਮੀਆਂ ਚੋਂ ਇੱਕ ਬੱਚਾ ਚੋਥੇ ਦਿਨ ਗੁਜ਼ਰ ਗਿਆ। ਥਾਨੇਦਾਰ ਨੇ ਬੁੱਢੀ ਮਾਈ ਨੂੰ ਪੁੱਛਿਆ ਸਿੰਘ ਕਿਥੇ ਹੈ, ਤਾਂ ਉਸਨੇ ਕਿਹਾ ਉਹ ਤਾਂ ਉਸੇ ਵਕਤ ਭੱਜ ਗਏ ਸਨ। ਥਾਨੇਦਾਰ ਸਿੰਘਾਂ ਦੀ ਪੈੜ ਲੱਭਦਾ ਮਗਰ ਤੁਰ ਪਿਆ। ਜਿਮੀਦਾਰ ਜਿਸਨੇ ਭਜਨ ਪੁੱਛਿਆ ਸੀ ਥਾਨੇਦਾਰ ਦੇ ਹੱਥ ਲੱਗ ਗਿਆ ਉਸਨੂੰ ਕੁੱਟਿਆ ਪਰ ਉਸਨੇ ਕੁਝ ਨਾ ਦੱਸਿਆ। ਇੱਕ ਗੁਜਰ ਨੇ ਕਿਹਾ ਕਿ ਦੱਲੂ ਦਲ ਸਿੰਘ ਦੇ ਘਰ ਰਾਤ ਅੱਗ ਬਲਦੀ ਸੀ। ਥਾਣੇਦਾਰ ਨੇ ਮੁਕਬਲ ਦੀ ਤੀਵੀਂ ਦੀ ਜੁਬਾਨ ਨਿਕਾਲਕੇ ਦੋ ਲਕੜੀਆਂ ਵਿੱਚ ਦੇ ਕੇ ਦਬਾਈ ਤਾਂ ਉਸਨੇ ਕਿਹਾ ਦਲ ਸਿੰਘ ਨੂੰ ਸਭ ਖ਼ਬਰ ਹੈ। ਜਦੋਂ ਦੱਲੂ ਨੂੰ ਤਾੜਿਆ ਤਾਂ ਉਸਨੇ ਸ੍ਰੀ ਸਾਹਿਬ ਨਿਕਾਲ ਕੇ ਦੇ ਦਿੱਤੇ। ਦੱਲੂ ਪਿੱਛੋਂ ਵਾਲਿਆਂ ਸਿੰਘਾਂ ਨੂੰ ਫੜਾਉਣ ਲੱਗਾ। ਤੇਜਾ ਸਿੰਘ ਢਿਲਮਾਂ ਵਾਲੇ ਨੇ ਖ਼ਬਰ ਦਿੱਤੀ ਕਿ ਜੇਠੂਪੁਰੇ ਮੈ ਰਸਾਲਾ ਆਏ ਤੁਰਿਆ ਤੁਹਾਡੇ ਫੜਨ ਵਾਸਤੇ। ਸਾਰੇ ਸਿੰਘ ਝਿੜੀ ਵਿੱਚ ਬੈਠ ਗਏ। ਦੂਲਾ ਸਿੰਘ ਨੇ ਕਿਹਾ ਤੁਸੀਂ ਭੱਜ ਜਾਓ। ਮਸਤਾਨ ਸਿੰਘ ਨੇ ਕਿਹਾ ਕਾਰਾ ਅਸੀਂ ਕੀਤਾ ਹੈ ਭੱਜਾਂਗੇ ਨਹੀਂ, ਸੀਸ ਤੇ ਸਹਾਰਾਂਗੇ। ਢਲੀ ਦੁਪਹਿਰ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ। ਦੱਲੂ ਦੀ ਤੀਵੀਂ ਨੂੰ ਸਿੰਘਾਂ ਦੀ ਪਛਾਣ ਵਾਸਤੇ ਲਿਆਂਦਾ। ਗੁਰਮੁੱਖ ਸਿੰਘ, ਮਸਤਾਨ ਸਿੰਘ, ਮੰਗਲ ਸਿੰਘ, ਇਨ੍ਹਾਂ ਸਿੰਘਾਂ ਦੇ ਨਾਮ ਲਿਖਵਾ ਦਿੱਤੇ। ਗੁਲਾਬੂ ਘਰ ਵਿੱਚੋਂ ਪਕੜ ਲਿਆ। 23 ਜੁਲਾਈ ਪਿੰਡ ਚੂਹੜਚੱਕ ਤੋਂ ਸੱਤਾਂ ਸਿੰਘਾਂ ਨੂੰ ਬੇੜੀਆਂ ਪਾ ਦਿੱਤੀਆਂ। ਅੱਠਵਾਂ ਸਿੰਘ ਗਿਆਨੀ ਸਿੰਘ ਉਸਨੂੰ ਦੱਲੂ ਨੇ ਖੰਨੇ ਤੋਂ ਜਾ ਕੇ ਗ੍ਰਿਫਤਾਰ ਕਰਵਾ ਦਿੱਤਾ। ਰਤਨ ਸਿੰਘ ਨਾਈਵਾਲ ਨੂੰ ਵੀ ਗ੍ਰਿਫਤਾਰ ਕਰਵਾ ਦਿੱਤਾ। ਕਾਨ੍ਹ ਸਿੰਘ ਪੁੱਤਰ ਹਾਕਮ ਸਿੰਘ ਪਿੰਡ ਕਮਾਲਪੁਰ ਲੁਧਿਆਣਾ ਨੂੰ ਵੀ ਗ੍ਰਿਫ਼ਤਾਰ ਕਰਵਾ ਦਿੱਤਾ।

28 ਜੁਲਾਈ 1871 ਈ: ਦੀਨਾ ਨਾਥ ਸਤਿਗੁਰੂ ਰਾਮ ਸਿੰਘ ਜੀ ਬਸੀਆਂ ਆਏ। ਫਰੰਗੀ ਨੇ ਪੁੱਛਿਆ ਸਤਿਗੁਰੂ ਜੀ ਤੁਸਾਂ ਨੇ ਬੁੱਚੜ ਵੱਢਣ ਦਾ ਹੁੱਕਮ ਦੀਆ ਹੈ ਸਿੰਘਾਂ ਨੂੰ ਗੁਰੂ ਜੀ ਕਿਹਾ ਅਸੀਂ ਸਿੰਘਾਂ ਨੂੰ ਹੁੱਕਮ ਨਹੀਂ ਦਿੱਤਾ। ਕਾਹਨਾਂ, ਦੱਲੂ ਤੇ ਗੁਲਾਬੂ ਤਿੰਨੇ ਹੀ ਸਾਹਮਣੇ ਆਖਣ ਲੱਗੇ ਕਿ ਆਪ ਖਰਚਾ ਦੇ ਕੇ ਤੁਸੀਂ ਤੋਰੇ ਹਨ। ਗੁਰੂ ਜੀ ਬਚਨ ਕੀਤਾ ਜੇ ਖਰਚਾ ਦਿੱਤਾ ਹੋਊ ਤੇ ਵਹੀ ਵਿੱਚ ਲਿਖਿਆ ਹੋਊ। ਫਰੰਗੀ ਨੇ ਵਹੀਆਂ ਮੰਗਵਾਈਆਂ। ਨਾਓਂ ਨਾ ਨਿਕਲਿਆ। ਗੁਰੂ ਜੀ ਸੱਚੇ ਹੋਏ ਤੇ ਫਰੰਗੀ ਝੂਠਾ ਹੋਇਆ। ਫਰੰਗੀ ਨੇ ਸਿੰਘਾਂ ਦੀ ਬਾਬਤ ਆਖਿਆ ਅੱਜ ਤੋਂ 8 ਰੋਜ਼ ਦੇ ਅੰਦਰ ਫਾਂਸੀ ਦਿੱਤੀ ਜਾਵੇਗੀ। ਗੁਰਮੁਖ ਸਿੰਘ, ਮੰਗਲ ਸਿੰਘ, ਮਸਤਾਨ ਸਿੰਘ, ਗੁਲਾਬ ਸਿੰਘ ਚਾਰਾਂ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ। ਇਹਨਾਂ ਸਜ਼ਾਵਾਂ ਦੀ ਪੁਸ਼ਟੀ ਜੇ.ਐਸ. ਕੈਂਪਬੇਲ ਨੇ 1 ਅਗਸਤ 1871 ਨੂੰ ਕਰ ਦਿੱਤੀ। ਰਾਏਕੋਟ ਕੇਸ ਵਿੱਚ ਚਾਰ ਸਿੰਘਾਂ ਨੂੰ ਫਾਂਸੀ ਦੀ ਸਜ਼ਾ ਦਾ ਹੁੱਕਮ ਦਿੱਤਾ ਸੀ। ਇਹਨਾਂ ਚੋਂ ਗੁਲਾਬਾ ਸਿੰਘ ਨਿੰਦਕ ਬਣ ਕੇ ਬਚ ਗਿਆ। ਅੱਠਵੇਂ ਦਿਨ ਫਾਂਸੀ ਗਡਵਾਈ ਗਈ। ਸਿੰਘਾਂ ਨੇ ਇਸ਼ਨਾਨ ਕੀਤਾ। ਨਵੀਆਂ ਪੁਸ਼ਾਕਾਂ ਪਹਿਨੀਆਂ। ਫਰੰਗੀ ਵੀ ਕੋਲ ਖੜ੍ਹਾ ਸੀ। ਸਿੰਘਾਂ ਨੇ ਪਟੜੇ ਤੇ ਚੜ੍ਹਕੇ ਹੱਸ ਹੱਸਕੇ ਆਪ ਆਪਣੇ ਗਲਾਂ ਵਿੱਚ ਫਾਂਸੀ ਪਾਈ। ਪੈਰਾਂ ਹੇਠੋਂ ਪਟੜਾ ਖਿੱਚਿਆ। ਸਤਿ ਸ੍ਰੀ ਅਕਾਲ ਬੁਲਾਈ। ਅੰਤ ਫਾਂਸੀ ਝੂਟਕੇ ਦੇਸ਼ ਤੇ ਕੌਮ ਵਾਸਤੇ ਆਪਣੇ ਪ੍ਰਾਣ ਨਿਛਾਵਰ ਕਰ ਦਿੱਤੇ। 5 ਅਗਸਤ 1871 ਈ: ਸ਼ਨੀਵਾਰ ਬੱਸੀਆਂ ਕੋਠੀ ਦੇ ਨੇੜੇ ਦਰਖਤ ਨਾਲ ਫਾਂਸੀ ਦਿੱਤੀ ਗਈ। ਇਹਨਾਂ ਦੀਆਂ ਲੋਥਾਂ ਲਾਹਕੇ ਪਿੱਥੇ ਜਾ ਕੇ ਸਸਕਾਰ ਕੀਤਾ।

**ਗਿਆਨੀ ਸਿੰਘ ਕੋ ਤੇ ਰਤਨ ਸਿੰਘ ਕੋ ਫਾਂਸੀ**

ਬਾਬੇ ਗਿਆਨੀ ਸਿੰਘ ਨੂੰ ਪਿਤਾ ਰਾਮ ਕਿਸ਼ਨ ਪਿੰਡ ਮੰਡੀ (ਗਿਆਨੀ ਸਿੰਘ ਦਾ ਅਸਲ ਨਾਮ ਰਤਨ ਸਿੰਘ ਸੀ। ਇਹ 1863 ਈ: ਵਿੱਚ ਨਾਮਧਾਰੀ ਬਣਿਆ। ਤੇ ਦੂਸਰਾ ਰਤਨ ਸਿੰਘ ਨਾਈਵਾਲਾ ਪਿਤਾ ਬੁੱਧ ਸਿੰਘ ਦੋਹਾਂ ਸਿੰਘਾਂ ਨੂੰ ਲੁਧਿਆਣੇ ਲੈ ਆਏ। ਰਾਏਕੋਟ ਦੇ ਸਾਕੇ ਦਾ ਇਲਜ਼ਾਮ ਇਹਨਾਂ ਉੱਪਰ ਸੀ। ਫਾਂਸੀ ਵਾਲੇ ਦਿਨ ਸਿੰਘਾਂ ਨੇ ਦਹੀਂ ਨਾਲ ਇਸ਼ਨਾਨ ਕੀਤਾ। ਚਿੱਟੀਆਂ ਪੁਸ਼ਾਕਾਂ ਕਹਿਕੇ ਬਣਵਾਈਆਂ। ਨਾਲੇ ਕਿਹਾ ਤੰਦੀ


NamdhariElibrary NamdhariElibrary@gmail.com

ਨਹੀਂ ਗਲ ਵਿੱਚ ਪਾਵਣੀ ਰੇਸ਼ਮ ਦੇ ਰੱਸੇ ਗਲ਼ ਵਿੱਚ ਪਾਏ। ਹੱਸਦੇ-ਹੱਸਦੇ ਫਾਂਸੀ ਦੇ ਉਪਰ ਝੂਟ ਗਏ। ਇਹ ਸਾਕਾ 26 ਨਵੰਬਰ 1871 ਈ: ਦਿਨ ਐਤਵਾਰ ਗਿਆਨੀ ਸਿੰਘ ਅਤੇ ਰਤਨ ਸਿੰਘ ਨੂੰ ਫਾਂਸੀ ਦਿੱਤੀ। ਗੁਰੂ ਗੋਬਿੰਦ ਸਿੰਘ ਲਿਖਦੇ ਹਨ:

ਜੋ ਕਛੁ ਇਛਾ ਕਰੋ ਧਨ ਕੀ,
ਤੌ ਚਲਯੋ ਧਨ ਦੇਸਨ ਦੇਸ ਤੇ ਆਵੈ।
ਅਉ ਸਭ ਰਿੱਧਨ ਸਿੱਧਨ ਪੈ ਹਮਰੋ ਨੈਕ ਹੀਆ ਲਲਚਾਵੈ ਨਹੀਂ,

ਔਰ ਸੁਨੋ ਕਛੁ ਜੋਗੁ ਬਿਖੈ,
ਕਹਿ ਕਉਨ ਇਤੋ ਤਪਕੈ ਤਨ ਤਾਵੈ।
ਜੂਝ ਮਰੋਂ ਰਣ ਮੈਂ ਤਜ ਭੈ ਤੁਮਤੇ,
ਪ੍ਰਭ ਸਯਾਮ ਇਹੈ ਬਰ ਪਾਵੈ।

ਜਾਂ ਬਾਬਾ ਗਿਆਨੀ ਸਿੰਘ ਤਖਤੇ ਪਰ ਚੜ੍ਹੇ ਤਾਂ ਕਿਹਾ ਬਿੱਲਿਆ ਮੂੰਹ ਤਾਂ ਸਾਹਮਣੇ ਰੱਖ ਜਵਾਈ ਵਾਲੇ ਪਾਸੇ, ਪਿੱਠ ਕਿਉਂ ਕੀਤੀ ਹੈ। ਦਸ ਮਹੀਨੇ ਕਿਸੇ ਜੱਟੀ ਦੀ ਕੁੱਖ ਵਿੱਚ ਕੱਟਕੇ ਫੇਰ ਆਇਆ ਜਾਣ ਜੁਆਨ ਹੋ ਕੇ ਬਦਲੇ ਲਵਾਂਗਾ ਸੁਣ ਉਏ ਬਿੱਲਿਆ ਤੇਰੀ ਮਤ ਮਾੜੀ ਦੇਖੀ ਹੈ। ਬੇ-ਅਦਾਲਤੀ ਹੋਣ ਲੱਗੀ ਹੈ। ਤੁਹਾਨੂੰ ਮਾਰਨ ਵਾਲਾ ਰਾਮਦਾਸਪੁਰੇ ਬੈਠਾ ਹੈ। ਤੁਹਾਡਾ ਨਾਸ਼ ਕਰੇਗਾ।"

ਸੋ ਇਸ ਪ੍ਰਕਾਰ ਇਹ ਧਰਮੀ ਸੂਰਬੀਰ ਅੰਗਰੇਜ਼ ਹਕੂਮਤ ਨੂੰ ਲਲਕਾਰਦੇ ਹੋਏ ਫਾਂਸੀ ਦੇ ਤਖ਼ਤੇ ਤੇ ਝੂਲ ਗਏ। ਉਹਨਾਂ ਦੇ ਸ਼ਹੀਦੀ ਸਥਾਨ ਤੇ ਲੋਕ ਅੱਜ ਵੀ ਸਲਾਮਾਂ ਕਰਦੇ ਹਨ। ਸੰਤੋਖ ਸਿੰਘ ਸਫ਼ਰੀ ਜੀ ਲਿਖਦੇ ਹਨ—

ਜਿਹੜੇ ਹੱਕ ਹਕੀਕਤ ਨੂੰ ਜਾਣਦੇ ਨਹੀਂ
ਨਾ ਉਹ ਮੁਰਸ਼ਦ ਤੇ ਨਾ ਮੁਰੀਦ ਹੁੰਦੇ।
ਸਾਈ ਸਿਰਾਂ ਦੀ ਜੇਕਰ ਨਾ ਦੇਈਏ,
ਸੌਦੇ ਅਣਖ ਦੇ ਨਹੀਂ ਖਰੀਦ ਹੁੰਦੇ।
ਲਗਨ ਜਿਨ੍ਹਾਂ ਨੂੰ ਦੇਸ਼ ਦੀ ਲੱਗ ਜਾਂਦੀ,
ਢਹਿੰਦੇ ਦਿਲਾਂ ਦੀ ਉਹ ਉਮੀਦ ਹੁੰਦੇ।
ਕਤਲਗਾਹਾਂ ਉਹ ਪੂਜੀਆਂ ਜਾਣ ਸਫ਼ਰੀ,
ਜਿੱਥੇ ਮਾਵਾਂ ਦੇ ਲਾਲ ਸ਼ਹੀਦ ਹੁੰਦੇ।

ਮੋ:- 94636-6099

15 ਅਗਸਤ ਤੇ ਵਿਸ਼ੇਸ਼

# ਪੈਂਦਾ ਏ ਆਜ਼ਾਦੀ ਲਈ....

—ਜਰਨੈਲ ਸਿੰਘ ਬੱਧਣ

ਆਜ਼ਾਦੀ ਦਾ ਹੈ ਮੁੱਲ ਬੜਾ ਔਖਾ ਤਾਰਨਾ,
ਪੈਂਦਾ ਏ ਆਜ਼ਾਦੀ ਲਈ ਸੀਸ ਵਾਰਨਾ।

ਬੰਦ ਬੰਦ ਕਟਵਾ ਕੇ ਪੁੱਠੀ ਖੱਲ ਵੀ ਲੁਹਾ ਕੇ,
ਫਿਰ ਮਾਸ ਨੁਚਵਾ ਕੇ ਸੀਅ ਨਹੀਂ ਉਚਾਰਨਾ।

ਪੈਂਦਾ ਕੰਡਿਆਂ ਤੇ ਸੌਣਾਂ ਲੈਕੇ ਇੱਟ ਦਾ ਸਰ੍ਹਾਣਾ,
ਉਹਨੂੰ ਯਾਦ ਕਰ ਕਰ ਰਾਤਾਂ ਦਾ ਗੁਜ਼ਾਰਨਾ।

ਪੈਂਦਾ ਬੰਬ ਮਾਰ ਸੁੱਤੇ ਹੋਏ ਵੈਰੀ ਨੂੰ ਜਗਾਉਣਾ,
ਫਿਰ ਬਾਹਵਾਂ ਕੱਢ ਕੱਢ ਉਹਨੂੰ ਲਲਕਾਰਨਾ।

ਕਾਲ-ਕੋਠੜੀ 'ਚੋਂ ਜਾ ਕੇ ਪੈਰੀਂ ਬੇੜੀਆਂ ਪਾਕੇ,
ਨੰਗੇ ਪਿੰਡੇ ਉਤੇ ਕੋੜੇ ਮਾਰ ਨੂੰ ਸਹਾਰਨਾ।

ਬੰਬ ਚਿੱਡਾਂ ਨਾਲ ਬੰਨ੍ਹ ਤੋਪਾਂ ਟੈਂਕਾਂ ਨੂੰ ਉਡਾਉਣਾ,
ਜਿੰਦ ਫੀਤਾ ਫੀਤਾ ਕਰ ਦੇਸ਼ ਉੱਤੋਂ ਵਾਰਨਾ।

ਕਰਨਾ ਪੈਂਦਾ ਏ ਗ਼ਦਰ ਤਾਂਹੀਂ ਪੈਂਦੀ ਏ ਕਦਰ,
ਵਿੱਚ ਲੰਡਨ ਦੇ ਜਾਕੇ ਵੈਰੀ ਤਾਈਂ ਮਾਰਨਾ।

ਤੋਪਾਂ ਨਾਲ ਉਡਾ ਜਾਣਾ ਕੂਕ ਕੂਕ ਇਹੋ ਕਹਿਣਾ:
ਲੈਣੀ ਆਪਣੀ ਆਜ਼ਾਦੀ ਜ਼ੁਲਮ ਨਹੀਂ ਸਹਾਰਨਾ।

ਆਜ਼ਾਦੀ ਦਾ ਹੈ ਮੁੱਲ ਬੜਾ ਔਖਾ ਤਾਰਨਾ,
ਪੈਂਦਾ ਏ ਆਜ਼ਾਦੀ ਲਈ ਸੀਸ ਵਾਰਨਾ।

527 ਅਰਬਨ ਅਸਟੇਟ
ਜਲੰਧਰ ਸ਼ਹਿਰ
ਫੋਨ ਨੰ.- 94647-96287


NamdhariElibrary@gma

# ਵਿਲੱਖਣ ਆਯੂਰਵੇਦ



—ਡਾ. ਚੇਤਨ ਮਹਿਤਾ

ਅੱਜ ਤੋਂ ਲੱਗਭੱਗ 5000 ਸਾਲ ਪਹਿਲਾਂ ਲਿਖਿਆ ਗਿਆ, ਸਮੇਂ ਅਤੇ ਵਿਦੇਸ਼ੀ ਹਮਲਾਵਰਾਂ ਦੇ ਪ੍ਰਭਾਵ ਦੇ ਨਾਲ-ਨਾਲ ਹੁਕਮਰਾਨਾਂ ਦੀ ਅਣਦੇਖੀ ਕਾਰਨ ਗੁਮਨਾਮੀ ਦੀ ਗਰਤ 'ਚ ਗੁਆਚਿਆ, ਪਰ ਅਜੋਕੇ ਵਿਗਿਆਨਕ ਮਾਪਦੰਡਾਂ ਦੀ ਕਸੌਟੀ ਤੇ ਮੁੜ-ਮੁੜ ਸੋਨਾ ਸਾਬਤ ਹੋ ਰਿਹਾ ਅਤੇ ਕਈ ਨਵੀਨ ਚਿਕਿਤਸਕ ਖੋਜਾਂ ਦਾ ਮੂਲ ਸਰੋਤ ਭਾਰਤੀ ਚਿਕਿਸਤਾ ਵਿਗਿਆਨ "ਆਯੂਰਵੇਦ" ਵਿਲੱਖਣਤਾਵਾਂ ਨਾਲ ਭਰਪੂਰ ਹੈ। ਇਸਦੀ ਵਿਲੱਖਣਤਾ ਇਸਦੀ ਰਚਨਾ ਦੇ ਉਦੇਸ਼ ਤੋਂ ਹੀ ਆਰੰਭ ਹੋ ਜਾਂਦੀ ਹੈ। ਵੈਦਿਕ ਕਾਲ ਦੇ ਰਿਸ਼ੀ-ਮੁਨੀ; ਜੋ ਕਿ ਉਸ ਕਾਲ ਦੇ ਵਿਗਿਆਨਿਕ ਹੀ ਸਨ ਇਸਦੀ ਰਚਨਾ ਦਾ ਉਦੇਸ਼ ਸਪੱਸ਼ਟ ਕਰਦੇ ਹਨ ਕਿ ਇਸਦੀ ਰਚਨਾ ਨਿਰੋਗ ਮਨੁੱਖ ਦੀ ਨਿਰੋਗਤਾ ਨੂੰ ਕਾਇਮ ਰੱਖਣ ਅਤੇ ਰੋਗੀਆਂ ਦੇ ਇਲਾਜ ਵਾਸਤੇ ਕੀਤੀ ਗਈ ਹੈ। ਜਦ ਕਿ ਕੋਈ ਵੀ ਹੋਰ ਚਿਕਿਤਸਾ ਪ੍ਰਣਾਲੀ ਅਜਿਹਾ ਮੰਤਵ ਨਹੀਂ ਰੱਖਦੀ ਕਿ ਨਿਰੋਗੀ ਨੂੰ ਕਿਵੇਂ ਨਿਰੋਗ ਰੱਖਿਆ ਜਾਵੇ। ਅਜੋਕੇ ਚਿਕਿਤਸਾ ਸ਼ਾਸਤਰ ਵੱਖੋ ਵੱਖ ਬੀਮਾਰੀਆਂ ਦੇ ਇਲਾਜਾਂ ਦੀ ਜਾਣਕਾਰੀ ਤਾਂ ਦਿੰਦੇ ਹਨ ਪਰ 'ਪਹਿਲਾ ਸੁੱਖ ਨਿਰੋਗੀ ਕਾਇਆ' ਦੇ ਸਬੰਧ ਵਿੱਚ ਮੌਨ ਹੋ ਜਾਂਦੇ ਹਨ।

ਆਯੂਰਵੇਦ ਅਨੁਸਾਰ ਮਨ, ਆਤਮਾ ਅਤੇ ਪੰਜ ਮਹਾਭੂਤਾਂ (ਅਕਾਸ਼, ਵਾਯੂ, ਅਗਨੀ, ਜਲ ਅਤੇ ਪ੍ਰਿਥਵੀ) ਦੇ ਸੰਯੋਗ ਨਾਲ ਬਣਿਆ ਸ਼ਰੀਰ ਹੀ ਰੋਗਾਂ ਨਾਲ ਗ੍ਰਸਤ ਹੁੰਦਾ ਹੈ ਅਤੇ ਇਸਦੀ ਹੀ ਚਿਕਿਤਸਾ ਕੀਤੀ ਜਾਂਦੀ ਹੈ। ਇਸੇ ਸਿਧਾਂਤ ਤੋਂ ਹੀ ਆਯੂਰਵੇਦ ਅਨੁਸਾਰ ਕਹੀ ਗਈ ਨਿਰੋਗਤਾ (ਸਵਸਥ) ਦੀ ਪਰਿਭਾਸ਼ਾ ਦਾ ਜਨਮ ਹੁੰਦਾ ਹੈ ਕਿ ਦੋਸ਼, ਧਾਤੂਆਂ, ਅਗਨੀਆਂ, ਮਲ ਪਦਾਰਥਾਂ ਦਾ ਆਪਣੇ ਸਮ ਪਰਮਾਣ ਵਿੱਚ ਹੋਣਾ, ਆਤਮਾ, ਇੰਦਰੀਆਂ ਅਤੇ ਮਨ ਦਾ ਪ੍ਰਸੰਨ ਹੋਣਾ ਹੀ ਨਿਰੋਗਤਾ ਦਾ ਲੱਛਣ ਹੈ। ਅਰਥਾਤ ਸਾਡੇ ਰਿਸ਼ੀਆਂ-ਮੁਨੀਆਂ ਨੇ ਹਜ਼ਾਰਾਂ ਵਰ੍ਹੇ ਪਹਿਲਾਂ ਹੀ ਸ਼ਰੀਰ ਦੇ ਨਾਲ-ਨਾਲ ਮਨ ਅਤੇ ਆਤਮਾ ਦਾ ਨਿਰੋਗਤਾ ਵਿੱਚ ਮਹੱਤਵ ਸਥਾਪਿਤ ਕਰ ਦਿੱਤਾ ਸੀ, ਜਿਸ ਨੂੰ ਅਜੋਕਾ ਵਿਗਿਆਨ 20ਵੀਂ ਸਦੀ ਵਿੱਚ ਜਾ ਕੇ ਹੀ ਸਮਝ ਸਕਿਆ ਹੈ। ਜਦ ਕਿ ਹਜ਼ਾਰਾਂ ਵਰ੍ਹਿਆਂ ਪਹਿਲਾਂ ਹੀ ਆਯੂਰਵੇਦ ਨੇ ਸ਼ਰੀਰਿਕ ਰੋਗਾਂ ਦਾ ਅੰਤ ਵਿੱਚ ਮਾਨਸਿਕ ਰੋਗਾਂ ਅਤੇ ਮਾਨਸਿਕ ਰੋਗਾਂ ਦਾ ਅੰਤ ਵਿੱਚ ਸ਼ਰੀਰਿਕ ਰੋਗਾਂ ਵਿੱਚ ਤਬਦੀਲ ਹੋ ਜਾਣਾ ਦੱਸਿਆ ਹੈ।

ਆਯੂਰਵੇਦ ਦੇ ਇਹ ਮੂਲ ਸਿਧਾਂਤ ਹੀ ਅੱਗੋਂ-ਅੱਗੇ ਇਸ ਨੂੰ ਵਿਲੱਖਣ ਬਣਾਉਂਦੇ ਜਾਂਦੇ ਹਨ। ਇਸ ਬ੍ਰਾਹਮੰਡ ਵਾਂਗੂ ਹੀ ਸਾਡਾ ਸ਼ਰੀਰ ਵੀ ਪੰਜ ਮਹਾਭੂਤਾਂ ਤੋਂ ਬਣਿਆ ਹੈ। ਇਹਨਾਂ ਪੰਜ ਮਹਾਭੂਤਾਂ ਤੋਂ ਹੀ ਤਿੰਨ ਦੋਸ਼ ਵਾਤ, ਪਿੱਤ ਅਤੇ ਕਫ ਜੋ ਕਿ ਸਾਡੇ ਸ਼ਰੀਰ ਦੇ ਕਾਰਜਕਾਰੀ ਤੱਤ ਹਨ ਅਤੇ ਸੱਤ ਧਾਤੂਆਂ ਜੋ ਕਿ ਸਾਡੇ ਸ਼ਰੀਰ ਦੇ ਰਚਨਾਤਮਕ ਤੱਤ ਹਨ ਉਹਨਾਂ ਦਾ ਨਿਰਮਾਣ ਹੁੰਦਾ ਹੈ। ਜਿਵੇਂ ਸੂਰਜ, ਚੰਦਰਮਾ ਅਤੇ ਵਾਯੂ ਇਸ ਸੰਸਾਰ ਨੂੰ ਧਾਰਣ ਕਰਦੇ ਅਤੇ ਚਲਾਉਂਦੇ ਹਨ ਉੱਝ ਹੀ ਵਾਤ, ਪਿੱਤ ਅਤੇ ਕਫ ਵੀ ਸ਼ਰੀਰ ਨੂੰ ਧਾਰਣ ਕਰਦੇ ਅਤੇ ਚਲਾਉਂਦੇ ਹਨ। ਇੱਥੇ ਇਹ ਗਲ ਸਪਸ਼ਟ ਕਰਨਾ ਚਾਹੁੰਦੇ ਹਾਂ ਕਿ ਇਹ ਕਾਰਜਕਾਰੀ ਤੱਤ ਸਮ ਪਰਮਾਣ ਵਿੱਚ ਸ਼ਰੀਰ ਦੀਆਂ ਵੱਖੋ-ਵੱਖ ਕਾਰਜ ਪ੍ਰਣਾਲੀਆਂ ਨੂੰ ਚਲਾਉਂਦੇ ਹਨ ਪਰ ਵੱਖ-ਵੱਖ ਅਹਾਰਜ, ਵਿਹਾਰਜ ਕਾਰਨਾਂ ਕਰਕੇ ਆਪਣੇ ਪਰਮਾਣ ਤੋਂ ਵੱਧ ਜਾਂ ਘੱਟ ਜਾਂਦੇ ਹਨ ਅਰਥਾਤ ਦੂਸ਼ਿਤ ਹੋ ਜਾਂਦੇ ਹਨ ਅਤੇ ਰੋਗਾਂ ਦੇ ਕਾਰਣ ਬਣਦੇ ਹਨ; ਤਾਂ ਹੀ ਦੋਸ਼ ਕਿਹਾ ਜਾਂਦਾ ਹੈ।

ਜਦੋਂ ਗਰਭ ਨਿਰਮਾਣ ਵੇਲੇ ਬੀਜ ਅਤੇ ਸ਼ੁੱਕਰ ਦਾ ਸੰਜੋਗ ਹੁੰਦਾ ਹੈ ਤਾਂ ਉਸ ਵੇਲੇ ਪੰਜ ਮਹਾਭੂਤਾਂ ਅਤੇ ਫਲਸਰੂਪ ਵਾਤ, ਪਿੱਤ, ਕਫ ਦਾ ਕਿਸੇ ਖਿਸ਼ੇਸ਼ ਪਰਮਾਣ ਵਿੱਚ ਸੰਜੋਗ ਹੁੰਦਾ ਹੈ ਅਤੇ ਉਸ ਤੋਂ ਨਿਰਮਿਤ ਜੀਵ ਇੱਕ ਵਿਸ਼ੇਸ਼ ਸ਼ਰੀਰਿਕ ਅਤੇ ਮਾਨਸਿਕ ਪ੍ਰਕਿਰਤੀ ਲੈ ਕੇ ਜਨਮਦਾ ਹੈ ਜੋ ਕਿ ਉਸਦੇ ਸ਼ਰੀਰ ਅਤੇ ਮਨ ਨੂੰ ਜੀਵਨ ਭਰ ਪ੍ਰਭਾਵਿਤ ਕਰਦੀ ਹੈ। ਸ਼ਰੀਰਿਕ ਪ੍ਰਕਿਰਤੀ ਦੋਸ਼ਾਂ ਦੇ ਪ੍ਰਭਾਵ ਅਨੁਸਾਰ ਵਾਤਿਕ, ਪੈਤਿਕ ਅਤੇ ਕਫਜ ਅਤੇ ਮਾਨਸਿਕ ਪ੍ਰਕ੍ਰਿਤੀ ਮਾਨਸਿਕ ਦੋਸ਼ਾਂ ਦੇ ਅਨੁਸਾਰ ਸਾਤਵਿਕ, ਰਾਜਸ ਅਤੇ ਤਾਮਸ ਹੁੰਦੀ ਹੈ। ਇੱਥੇ ਇਹ ਵੀ ਦੱਸ ਦੇਈਏ ਕਿ ਮਾਨਸਿਕ ਦੋਸ਼ ਸਤ, ਰਜ, ਤਮ ਅਤੇ ਸ਼ਰੀਰਿਕ ਦੋਸ਼ ਵਾਤ, ਪਿੱਤ, ਕਫ ਆਪਸ ਵਿੱਚ ਇੱਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਮਨੁੱਖ ਦੇ ਸ਼ਰੀਰਿਕ ਅਤੇ ਮਾਨਸਿਕ ਬਰਤਾਵ ਇਹਨਾਂ ਪ੍ਰਕਿਰਤੀਆਂ ਦੇ ਅਧੀਨ ਹੁੰਦੇ ਹਨ। ਇਸੇ ਕਾਰਨ ਹੀ ਸੰਤਾਨ ਉਤਪੱਤੀ ਦੇ ਸਮੇਂ ਮਾਤਾ-ਪਿਤਾ ਦੀ ਸ਼ਰੀਰਿਕ ਅਤੇ ਮਾਨਸਿਕ ਨਿਰੋਗਤਾ ਸੰਤਾਨ ਦੇ ਸ਼ਰੀਰ ਅਤੇ ਮਨ ਨੂੰ ਪ੍ਰਭਾਵਿਤ ਕਰਦੀ ਹੈ। ਤਾਂ ਹੀ ਸੰਤਾਨ ਪ੍ਰਾਪਤੀ ਦੀ ਇੱਛਾ ਰੱਖਣ ਵਾਲੇ ਇਸਤਰੀ-ਪੁਰਸ਼ ਨੂੰ ਸ਼ੁੱਧ ਸਾਤਵਿਕ, ਅਹਾਰ, ਆਚਾਰ ਅਤੇ ਵਿਹਾਰ ਦੇ ਪਾਲਣ ਕਰਨ ਦਾ ਨਿਰਦੇਸ਼ ਦਿੱਤਾ ਜਾਂਦਾ ਹੈ ਤਾਂ ਜੋ ਉੱਤਮ ਸ਼ਰੀਰ ਅਤੇ ਮਨ ਵਾਲੀ ਸੰਤਾਨ ਉਤਪੰਨ ਹੋਵੇ। ਇਹ ਸਿਧਾਂਤ ਜੈਨੇਟਿਕ ਕੋਡਿੰਗ ਅਤੇ ਅਨੁਵਾਂਸ਼ਿਕ ਬੀਮਾਰੀਆਂ ਵੱਲ ਸਪੱਸ਼ਟ ਸੰਕੇਤ ਦਿੰਦਾ ਹੈ।

ਵਾਤ, ਪਿੱਤ ਅਤੇ ਕਫ ਨੂੰ ਦਿਨ, ਰਾਤ, ਆਯੂ, ਭੋਜਨ ਅਤੇ ਵੱਖੋ-ਵੱਖ ਰਿਤੂਆਂ ਪ੍ਰਭਾਵਿਤ ਕਰਦੀਆਂ ਹਨ। ਦਿਨ, ਰਾਤ, ਆਯੂ, ਅਤੇ ਭੋਜਨ ਦੇ ਸ਼ੁਰੂ, ਮੱਧ ਅਤੇ ਅੰਤ ਵਿੱਚ ਕਰਮ ਅਨੁਸਾਰ ਵਾਤ, ਪਿਤ ਅਤੇ ਕਫ ਦੀ ਅਧਿਕਤਾ ਹੁੰਦੀ ਹੈ। ਇੰਝ ਹੀ ਰੋਗਾਂ ਦਾ ਵਰਗੀਕਰਨ ਵੀ ਦੋਸ਼ਾਂ ਦੇ ਪ੍ਰਭਾਵ ਅਨੁਸਾਰ ਵਾਤਿਕ, ਪੈਤਿਕ ਅਤੇ ਕਫਜ ਕੀਤਾ ਗਿਆ ਹੈ।

ਇਹਨਾਂ ਦੋਸ਼ਾਂ ਉੱਤੇ ਸਾਡੇ ਖਾਨ-ਪਾਨ ਅਤੇ ਆਚਾਰ-ਵਿਚਾਰ-ਵਿਹਾਰ ਦਾ ਪ੍ਰਭਾਵ ਪੈਂਦਾ ਹੈ। ਜਿਸਦੇ ਫਲਸਰੂਪ ਇਹ


Namdhari Elibrary NamdhariElibrary@gmail.com

ਦੋਸ਼, ਧਾਤੂਆਂ ਅਤੇ ਮਨ ਸ਼ਰੀਰ ਵਿੱਚ ਆਪਣੇ ਪਰਮਾਣ ਤੋਂ ਵੱਧ ਜਾਂ ਘੱਟ ਕੇ ਰੋਗਾਂ ਦਾ ਕਾਰਨ ਬਣਦੇ ਹਨ। ਇਹ ਵੀ ਵਰਨਣ ਯੋਗ ਹੈ ਕਿ ਵਾਤਜ ਪ੍ਰਕਿਰਤੀ ਦੇ ਮਨੁੱਖ ਦਰਦਾਂ, ਗੋਡਿਆਂ ਦੇ ਰੋਗ, ਗੀੜ੍ਹ ਦੀਆਂ ਤਕਲੀਫਾਂ, ਦੰਦਾਂ, ਨਹੁੰਆਂ ਦੀਆਂ ਬੀਮਾਰੀਆਂ ਆਦਿ ਦੀ ਸੰਭਾਵਨਾ ਵਧੇਰੇ ਹੁੰਦੀ ਹੈ। ਇਸੇ ਤਰ੍ਹਾਂ ਹੀ ਪਿੱਤ ਪ੍ਰਕਿਰਤੀ ਵਾਲਿਆਂ ਨੂੰ ਪੈਤਿਕ ਰੋਗਾਂ ਜਿਵੇ ਚਮੜੀ ਦੇ ਰੋਗ, ਜਿਆਦਾ ਪਸੀਨਾ ਆਉਣਾ, ਸ਼ਰੀਰ ਵਿੱਚ ਗਰਮੀ ਅਤੇ ਜਲਨ ਦਾ ਅਹਿਸਾਸ, ਪੀਲੀਆ, ਮੂੰਹ ਦਾ ਕਸੈਲਾ ਰਹਿਣਾ ਆਦਿ ਦੀ ਸੰਭਾਵਨਾ ਵਧੇਰੇ ਹੁੰਦੀ ਹੈ ਅਤੇ ਕਫਜ ਪ੍ਰਕਿਰਤੀ ਵਾਲੇ ਮਨੁੱਖਾਂ ਨੂੰ ਕਫਜ ਰੋਗਾਂ ਜਿਵੇਂ ਬੇਵਜ੍ਹਾ ਆਲਸ, ਸ਼ਰੀਰ ਦਾ ਭਾਰੀਪਨ, ਮੋਟਾਪਾ, ਮੂੰਹ ਦੇ ਵਿੱਚ ਮਿਠਾਸ ਰਹਿਣੀ, ਬਿਨਾਂ ਕੁੱਝ ਖਾਧੇ ਪੇਟ ਭਰਿਆ ਰਹਿਣਾ, ਕਮਜ਼ੋਰੀ ਆਦਿ ਦੇ ਹੋਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ। ਸੋ ਆਪਣੀ ਪ੍ਰਕਿਰਤੀ ਦੇ ਅਨੁਸਾਰ ਅਹਾਰ, ਵਿਹਾਰ ਆਦਿ ਦਾ ਚੁਨਾਵ ਕਰਦੇ ਹੋਇਆਂ ਸੰਭਾਵਿਤ ਰੋਗਾਂ ਤੋਂ ਬਚਿਆ ਜਾ ਸਕਦਾ ਹੈ। ਕਿਸੇ ਰੋਗ ਵਿਸ਼ੇਸ਼ ਵਿੱਚ ਔਸ਼ਧੀ ਵਿਸ਼ੇਸ਼ ਦਾ ਚੁਨਾਵ ਰੋਗੀ ਦੀ ਪ੍ਰਕਿਰਤੀ ਦੇ ਅਨੁਸਾਰ ਕੀਤਾ ਜਾ ਸਕਦਾ ਹੈ। ਅਜੋਕਾ ਵਿਗਿਆਨ ਵੀ ਪਰਸਨਲਾਇਜ਼ਡ ਮੈਡੀਸਨ ਦੀ ਦਿਸ਼ਾ ਵਿੱਚ ਨਿਰੰਤਰ ਖੋਜ ਕਰ ਰਿਹਾ ਹੈ।

ਇਹਨਾਂ ਰੋਗਾਂ ਦਾ ਚਿਕਿਤਸਾ ਸੂਤਰ ਵੀ ਬਹੁਤ ਹੀ ਸਧਾਰਨ ਹੈ। ਆਪਣੇ ਪਰਮਾਣ ਤੋਂ ਵਧੇ ਹੋਏ ਦੋਸ਼ ਨੂੰ ਘਟਾਉਣਾ ਅਤੇ ਘਟੇ ਹੋਏ ਦੋਸ਼ ਨੂੰ ਵਧਾਉਣਾ ਅਤੇ ਉਹਨਾਂ ਨੂੰ ਸਮ ਪਰਮਾਣ ਵਿੱਚ ਲੈ ਆਉਣਾ। ਜਿਵੇਂ ਕਿ ਪਹਿਲਾਂ ਵੀ ਕਿਹਾ ਹੈ ਕਿ ਵਿਸ਼ੇਸ਼ ਅਹਾਰ ਦੋਸ਼ ਵਿਸ਼ੇਸ਼ ਨੂੰ ਪ੍ਰਭਾਵਿਤ ਕਰਦਾ ਹੈ। ਇਸੇ ਤਰ੍ਹਾਂ ਵਿਸ਼ੇਸ਼ ਔਸ਼ਧੀਆਂ ਵੀ ਵਿਸ਼ੇਸ਼ ਦੋਸ਼ਾਂ ਨੂੰ ਪ੍ਰਭਾਵਿਤ ਕਰਦੀਆਂ ਹਨ ਅਰਥਾਤ ਵਾਤ, ਪਿੱਤ ਅਤੇ ਕਫ ਨੂੰ ਵਧਾਉਂਦੀਆਂ ਜਾਂ ਘਟਾਉਂਦੀਆਂ ਹਨ। ਸੋ ਦੋਸ਼ਾਂ ਦੀ ਅਧਿਕਤਾ ਜਾਂ ਕਮੀ ਨੂੰ ਦੇਖਦੇ ਹੋਏ ਹੀ ਇਹਨਾਂ ਔਸ਼ਧੀਆਂ ਰਾਹੀਂ ਇਲਾਜ ਕੀਤਾ ਜਾਂਦਾ ਹੈ। ਕਿਉਂ ਜੋ ਇਹ ਇਲਾਜ ਕੁਦਰਤੀ ਬਨਸਪਤੀਆਂ ਰਾਹੀਂ ਕੀਤਾ ਜਾਂਦਾ ਹੈ ਇਸ ਲਈ ਕੈਮੀਕਲਾਂ ਵਾਂਗ ਇਹਨਾਂ ਦਾ ਸ਼ਰੀਰ ਉੱਤੇ ਕੋਈ ਵੀ ਮਾਰੂ ਪ੍ਰਭਾਵ ਨਹੀਂ ਹੁੰਦਾ।

ਇਸ ਇਲਾਜ ਪ੍ਰਣਾਲੀ ਦੀ ਇੱਕ ਹੋਰ ਵਿੱਲਖਣਤਾ ਵੀ ਹੈ ਕਿ ਜਦੋਂ ਦੋਸ਼ ਆਪਣੀ ਮਿਕਦਾਰ ਤੋਂ ਬਹੁਤ ਹੀ ਜਿਆਦਾ ਮਾਤਰਾ ਵਿੱਚ ਵੱਧ ਜਾਂਦੇ ਹਨ ਤਾਂ ਉਹਨਾਂ ਨੂੰ ਸ਼ਰੀਰ ਤੋਂ ਬਾਹਰ ਕੱਢਿਆ ਜਾਂਦਾ ਹੈ। ਇਸ ਵਿਧੀ ਨੂੰ ਪੰਚਕਰਮ ਨਾਮ ਨਾਲ ਜਾਣਿਆ ਜਾਂਦਾ ਹੈ। ਅੱਜ ਕੱਲ ਕੇਰਲਾ ਵਿੱਚ ਇਸ ਰਾਹੀਂ ਕੀਤਾ ਜਾ ਰਿਹਾ ਇਲਾਜ ਵਿਸ਼ਵ ਭਰ ਵਿੱਚ ਬਹੁਤ ਪ੍ਰਸਿੱਧ ਹੋ ਰਿਹਾ ਹੈ। ਪੰਚਕਰਮ ਨੂੰ ਸ਼ੋਧਨ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਭਾਵ ਇਹ ਕਿ ਹਾਨੀਕਾਰਕ ਦੋਸ਼ਾਂ ਨੂੰ ਸ਼ਰੀਰ ਵਿੱਚੋਂ ਬਾਹਰ ਕੱਢ ਕੇ ਸ਼ਰੀਰ ਨੂੰ ਸ਼ੁੱਧ ਕਰ ਦਿੱਤਾ ਜਾਂਦਾ ਹੈ।

ਨਿਰੋਗੀ ਮਨੁੱਖ ਦੀ ਨਿਰੋਗਤਾ ਕਾਇਮ ਰੱਖਣ ਲਈ ਸਵਸਥ ਜੀਵਨ ਸ਼ੈਲੀ ਦਾ ਵਰਨਣ ਕੀਤਾ ਗਿਆ ਹੈ। ਜਿਵੇਂ ਦਿਨਚਰਿਆ ਅਤੇ ਰਿਤੂਚਰਿਆ ਦੀ ਪਾਲਨਾ ਕਰਨੀ। ਦਿਨ ਵਿੱਚ ਸਵੇਰੇ ਉੱਠਣ ਤੋਂ ਲੈ ਕੇ ਸੌਣ ਤੱਕ ਜਿਨ੍ਹਾਂ ਨਿਯਮਾਂ ਦੀ ਪਾਲਨਾ ਕਰਨੀ ਚਾਹੀਦੀ ਹੈ ਉਹਨਾਂ ਦਾ ਵਰਨਣ ਦਿਨਚਰਿਆ ਵਿੱਚ ਕੀਤਾ ਗਿਆ ਹੈ। ਇਸੇ ਤਰ੍ਹਾਂ ਹੀ ਕਿਸ ਵਿਸ਼ੇਸ਼ ਰਿਤੂ ਜਿਵੇਂ ਗਰਮੀ, ਸਰਦੀ, ਵਰਖਾ, ਬਸੰਤ ਆਦਿ ਵਿੱਚ ਕਿਸ ਤਰ੍ਹਾਂ ਦਾ ਖਾਈਏ ਪਾਈਏ, ਕਿਸ ਤਰ੍ਹਾਂ ਦਾ ਆਚਰਣ ਕਰੀਏ ਅਤੇ ਕਿਸ ਤਰ੍ਹਾਂ ਦਾ ਨਾ ਖਾਈਏ ਪਾਈਏ ਅਤੇ ਆਚਰਣ ਨਾ ਕਰੀਏ। ਇਸੇ ਤਰ੍ਹਾਂ ਇਹ ਵੀ ਨਿਰਦੇਸ਼ ਹੈ ਕਿ ਕਦੇ ਵੀ ਮਲ, ਮੂਤਰ, ਭੁੱਖ, ਪਿਆਸ, ਅੱਥਰੂ, ਛਿੱਕ, ਖਾਂਸੀ ਆਦਿ ਦੇ ਵੇਗ ਨੂੰ ਧਾਰਣ ਨਹੀਂ ਕਰਨਾ ਚਾਹੀਦਾ ਅਰਥਾਤ ਰੋਕਣਾ ਨਹੀਂ ਚਾਹੀਦਾ ਅਤੇ ਦੂਜੇ ਪਾਸੇ ਕਾਮ, ਕ੍ਰੋਧ, ਅੰਹਕਾਰ ਆਦਿ ਦੇ ਵੇਗ ਨੂੰ ਰੋਕਣਾ ਚਾਹੀਦਾ ਹੈ। ਨਹੀਂ ਤੇ ਅੱਗੇ ਚੱਲ ਕੇ ਇਹ ਵੱਖੋ ਵੱਖ ਸ਼ਰੀਰਿਕ ਅਤੇ ਮਾਨਸਿਕ ਬੀਮਾਰੀਆਂ ਦਾ ਕਾਰਨ ਬਣਦੇ ਹਨ।

ਇਹ ਵੀ ਦੱਸਿਆ ਗਿਆ ਹੈ ਕਿ ਭੋਜਨ ਗਰਮ-ਗਰਮ ਖਾਣਾ ਚਾਹੀਦਾ ਹੈ, ਬਾਸੀ ਨਹੀਂ ਖਾਣਾ ਚਾਹੀਦਾ। ਇਕਾਂਤ ਵਿੱਚ ਇਕਾਗਰਚਿੱਤ ਹੋ ਕੇ, ਨਾ ਹੱਸਦੇ ਹੋਏ, ਨਾ ਗੱਲਾਂ ਕਰਦੇ ਹੋਏ, ਨਾ ਬਹੁਤਾ ਤੇਜ਼-ਤੇਜ਼ ਅਤੇ ਨਾ ਹੀ ਬਹੁਤਾ ਹੌਲੀ-ਹੌਲੀ ਖਾਣਾ ਚਾਹੀਦਾ। ਭੋਜਨ ਭੁੱਖ ਤੋਂ ਥੋੜ੍ਹਾ ਜਿਹਾ ਘੱਟ ਮਾਤਰਾ ਵਿੱਚ ਖਾਣਾ ਚਾਹੀਦਾ ਹੈ। ਰਾਤ ਦੇ ਸਮੇਂ ਦਹੀਂ ਨਹੀਂ ਖਾਣਾ ਚਾਹੀਦਾ। ਬਰਸਾਤਾਂ ਦੇ ਵਿੱਚ ਸੱਤੂ ਨਹੀਂ ਪੀਣਾ ਚਾਹੀਦਾ ।ਅਤੇ ਹੋਰ ਵੀ ਬਹੁਤ ਕੁਝ।

ਇਸ ਤੋਂ ਇਲਾਵਾ ਸਦ ਵਰਿਤ ਦੇ ਨਿਯਮਾਂ ਦੀ ਪਾਲਨਾ ਦਾ ਵੀ ਨਿਰਦੇਸ਼ ਹੈ। ਕਿ ਸਮਾਜ ਵਿੱਚ ਕਿਸ ਤਰ੍ਹਾਂ ਦੇ ਆਚਰਣ, ਬੋਲ ਬਾਣੀ, ਪਹਿਨਾਵੇ ਆਦਿ ਨੂੰ ਧਾਰਨ ਕਰਨਾ ਚਾਹੀਦਾ ਹੈ। ਸ਼ਰੀਰ, ਮਨ ਅਤੇ ਵਚਨ ਤੋਂ ਕਿਸੇ ਦੂਸਰੇ ਨੂੰ ਕਸ਼ਟ ਦੇਣ ਵਾਲਾ ਕਰਮ ਨਹੀਂ ਕਰਨਾ ਚਾਹੀਦਾ।

ਇਹਨਾਂ ਆਦਤਾਂ ਦਾ ਪਾਲਨ ਕਰਕੇ ਮਨੁੱਖ ਸ਼ਰੀਰਿਕ, ਮਾਨਸਿਕ, ਆਤਮਿਕ ਅਤੇ ਸਮਾਜਿਕ ਤੌਰ ਤੇ ਨਿਰੋਗ ਰਹਿ ਸਕਦਾ ਹੈ। ਸੋ ਅੱਜ ਦੇ ਸਮੇਂ ਵਿੱਚ ਜਦੋਂ ਕਿ ਮਨੁੱਖ ਭੌਤਿਕਵਾਦ ਦੇ ਚੱਕਰ ਵਿੱਚ ਫੱਸ ਕੇ ਸ਼ਰੀਰਿਕ ਅਤੇ ਮਾਨਸਿਕ ਪੱਖੋਂ ਬੀਮਾਰ ਅਤੇ ਹੋਰ ਬੀਮਾਰ ਹੋਈ ਜਾ ਰਿਹਾ ਹੈ ਆਪਣੀਆਂ ਵਿਲੱਖਣਤਾਵਾਂ ਨਾਲ ਭਰਭੂਰ ਆਯੁਰਵੇਦ ਜੋ ਕਿ ਇੱਕ ਚਿਕਿਤਸਾ ਵਿਗਿਆਨ ਦੇ ਨਾਲ-ਨਾਲ ਇੱਕ ਸਵਸਥ ਜੀਵਨ ਸ਼ੈਲੀ ਵੀ ਹੈ; ਹੀ ਮਨੁੱਖ ਨੂੰ ਇਹਨਾਂ ਰੋਗਾਂ ਦੀ ਦਲਦਲ ਚੋਂ ਬਾਹਰ ਕੱਢ ਸਕਦਾ ਹੈ। ਲੋੜ ਹੈ ਆਯੂਰਵੇਦ ਨੂੰ ਅਪਨਾਉਣ ਦੀ, ਆਪਣੀ ਜੀਵਨਸ਼ੈਲੀ ਦਾ ਅੰਗ ਬਨਾਉਣ ਦੀ।

ਐਮ.ਡੀ (ਪੰਚਕਰਮ)
ਆਯੂਰਵੇਦ ਮਾਹਿਰ
44, ਏਕਤਾ ਵਿਹਾਰ, ਜਲੰਧਰ।
ਫੋਨ ਨੰ: 98159-66198


NamdhariElibrary NamdhariElibrary@gmail.com

# ਦਿਲ ਬਿਮਾਰ ਹੈ !

ਅੱਜ ਕਲ੍ਹ ਬਿਮਾਰੀਆਂ ਬਹੁਤ ਹੋ ਗਈਆਂ ਹਨ। ਤਕਰੀਬਨ ਹਰ ਬੰਦਾ ਹੀ ਕੋਈ ਨਾ ਕੋਈ ਬਿਮਾਰੀ ਦਾ ਮਰੀਜ਼ ਹੈ। ਕਿਸੇ ਨੂੰ ਸ਼ੂਗਰ ਕਿਸੇ ਨੂੰ ਹਾਈ ਬਲੱਡ-ਪ੍ਰੈਸ਼ਰ, ਕਿਸੇ ਨੂੰ ਲੋ-ਬਲੱਡ-ਪ੍ਰੈਸ਼ਰ ਕਿਸੇ ਨੂੰ ਕੈਂਸਰ ਕਿਸੇ ਨੂੰ ਕੋਈ ਤੇ ਕਿਸੇ ਨੂੰ ਕੋਈ ਬਿਮਾਰੀ ਜ਼ਰੂਰ ਹੈ। ਸਭ ਤੋਂ ਖ਼ਤਰਨਾਕ ਬਿਮਾਰੀ ਹੈ— ਹਾਰਟ ਅਟੈਕ ਦੀ। ਯਾਨੀ ਦਿਲ ਦੀ ਬਿਮਾਰੀ ਅਤੇ ਇਹ ਬਿਮਾਰੀ ਦਿਨ-ਬ-ਦਿਨ ਵਧਦੀ ਹੀ ਜਾ ਰਹੀ ਹੈ। ਪਤਾ ਨਹੀਂ ਆਬੋ-ਹਵਾ ਹੀ ਐਸੀ ਹੋ ਗਈ ਹੈ ਜਾਂ ਸਾਡੀ ਖਾਧ-ਖੁਰਾਕ ਵਿਚ ਫ਼ਰਕ ਪੈ ਗਿਆ ਹੈ। ਦਰਅਸਲ ਇਹ ਸਾਰਾ ਘੁਆੜਾ ਖਾਧ-ਖੁਰਾਕ ਪੈਦਾ ਕਰਨ ਵਾਲਿਆਂ ਦਾ ਹੀ ਨਹੀਂ, ਫਸਲ ਦੀ ਵਾਧੂ ਝਾੜ ਪੈਦਾ ਕਰਨ ਲਈ ਦਵਾਈਆਂ ਵਰਤਣ ਵਾਲਿਆਂ ਦਾ ਤੇ ਦਵਾਈਆਂ ਬਣਾਉਣ ਵਾਲਿਆਂ ਦਾ ਵੀ ਹੈ। ਉਹ ਆਪਣੀ ਉਪਜ ਨੂੰ ਵਧਾਉਣ ਦੀ ਖਾਤਰ ਕਈ ਤਰ੍ਹਾਂ ਦੀਆਂ ਦਵਾਈਆਂ ਵਰਤਦੇ ਹਨ, ਜਿਹੜੀਆਂ ਬੰਦੇ ਦੇ ਸ਼ਰੀਰ ਉਤੇ ਮਾਰੂ ਅਸਰ ਕਰਦੀਆਂ ਹਨ। ਤੇ ਸ਼ਰੀਰ ਵਿਚਲੀਆਂ ਨਾੜੀਆਂ ਤੇ ਅੰਗਾਂ ਨੂੰ ਕਮਜ਼ੋਰ ਕਰ ਦਿੰਦੀਆਂ ਹਨ। ਇਸੇ ਤਰ੍ਹਾਂ ਇਹਨਾਂ ਦਵਾਈਆਂ ਦਾ ਸਿੱਧਾ ਅਸਰ ਦਿਲ ਉਤੇ ਵੀ ਹੁੰਦਾ ਹੈ।

ਦਿਲ ਨਾਲ ਖੂਨ ਦਾ ਸਬੰਧ ਬੜਾ ਡੂੰਘਾ ਹੈ। ਕੋਲੈਸਟਰੋਲ ਦੀ ਮਾਤਰਾ ਵਧਣ ਦੇ ਨਾਲ ਬੰਦੇ ਦਾ ਖੂਨ ਦਿਲ ਤੱਕ ਪਹੁੰਚਣ ਵਾਲੀਆਂ ਨਾੜੀਆਂ ਵਿਚ ਜੰਮ ਜਾਂਦਾ ਹੈ। ਜਿਸ ਕਰਕੇ ਦਿਲ ਬਿਮਾਰ ਹੋ ਜਾਂਦਾ ਹੈ। ਤੇ ਪੂਰਾ ਕੰਮ ਨਹੀਂ ਕਰਦਾ। ਦਿਲ ਕਰਕੇ ਹੀ ਬੰਦਾ ਹੈ, ਇਸ ਲਈ ਬੰਦਾ ਵੀ ਬਿਮਾਰ ਤੇ ਦਿਲ ਵੀ ਬਿਮਾਰ। ਫੇਰ ਬੰਦਾ ਡਾਕਟਰਾਂ ਕੋਲ ਭੱਜਦਾ ਹੈ। ਅੱਗੋਂ ਡਾਕਟਰ ਹਜ਼ਾਰਾਂ ਨਹੀਂ ਲੱਖਾਂ ਰੁਪਏ ਦੀ ਗੱਲ ਕਰਦੇ ਹਨ। ਬੰਦਾ ਮਰਦਾ ਕੀ ਨਹੀਂ ਕਰਦਾ। ਦਿਲ ਦਾ ਅਪ੍ਰੇਸ਼ਨ ਹੁੰਦਾ ਹੈ ਤੇ ਸਾਰੀ ਉਮਰ ਦਵਾਈਆਂ ਦੇ ਵੱਸ ਪੈ ਜਾਂਦਾ ਹੈ। ਜੇ ਬੰਦਾ ਦਵਾਈ ਛੱਡੇ ਤਾਂ ਮਰਦਾ ਜੇ ਖਾਵੇ ਤਾਂ ਵੀ ਮਰਿਆਂ ਵਰਗਾ। ਤੰਦਰੁਸਤੀ ਦੀ ਕੋਈ ਗਰੰਟੀ ਨਹੀਂ। ਸੋ ਦਿਲ ਕਰਕੇ ਬੰਦਾ ਅੱਜ ਵੀ ਗਿਆ ਤੇ ਕਲ੍ਹ ਵੀ ਗਿਆ।

......

ਭਾਵੇਂ ਦਿਲ ਦੀ ਬਿਮਾਰੀ ਬੜੀ ਖ਼ਤਰਨਾਕ ਹੈ, ਪਰ ਦਿਲ ਬਾਰੇ ਵੀ ਕਈ ਮਜ਼ਾਕੀਆ ਗੱਲਾਂ ਲੋਕਾਂ ਨੇ ਬਣਾਈਆਂ ਹੋਈਆ ਹਨ। ਇਕ ਦਿਨ ਦਫ਼ਤਰ ਬੈਠਾ ਟੈਲੀ ਦੇਖ ਰਿਹਾ ਸੀ— 'ਅਨਲਿਮਟਿਡ ਨੌਨਸੈਂਸ ਪ੍ਰੋਗਰਾਮ ਚਲ ਰਿਹਾ ਸੀ। ਘੁੱਗੀ ਪ੍ਰੋਗਰਾਮ ਪੇਸ਼ ਕਰ ਰਿਹਾ ਸੀ। ਉਸਨੇ ਇਕ ਚੁਟਕਲਾ ਸੁਣਾਇਆ, ਉਹ ਇਸ ਤਰ੍ਹਾਂ ਸੀ:-

"ਇਕ ਆਦਮੀ ਗੱਡੀ ਵਿਚ ਸਫ਼ਰ ਕਰ ਰਿਹਾ ਸੀ। ਉਹ ਹਰ ਸਟੇਸ਼ਨ ਤੇ ਉਤਰਦਾ ਤੇ ਨਾਲ ਬੈਠੀ ਸਵਾਰੀ ਨੂੰ ਕਹਿੰਦਾ—

"ਦੇਖਣਾ ਭਾਈ ਸਾਹਿਬ, ਮੈਂ ਜ਼ਰਾ ਟਿਕਟ ਲੈ ਆਵਾਂ।"ਗੱਡੀ 'ਚੋਂ ਉਤਰ ਕੇ ਟਿਕਟ ਲੈ ਆਉਂਦਾ ਤੇ ਨਾਲ ਦੀ ਸਵਾਰੀ ਦਾ ਸ਼ੁਕਰੀਆ ਅਦਾ ਕਰਦਾ।

ਸਵਾਰੀ ਸਮਝਦੀ ਸੀ ਕਿ ਸ਼ਾਇਦ ਇਹ ਆਦਮੀ ਘਰੋਂ ਲੇਟ ਹੋ ਗਿਆ ਹੋਵੇਗਾ। ਤੇ ਇਸ ਕੋਲੋਂ ਟਿਕਟ ਨਾ ਲਈ ਗਈ ਹੋਵੇਗੀ ਤੇ ਗੱਡੀ ਸਟੇਸ਼ਨ ਤੇ ਆ ਢੁੱਕੀ ਹੋਵੇਗੀ। ਇਸ ਕਰਕੇ ਟਿਕਟੋਂ ਬਗੈਰ ਹੀ ਗੱਡੀ ਚੜ੍ਹ ਆਇਆ ਹੋਵੇਗਾ।.... ਪਰ ਜਦ ਅਗਲੇ ਸਟੇਸ਼ਨ ਤੇ ਫੇਰ ਉਹ ਆਦਮੀ ਟਿਕਟ ਲੈਣ ਲਈ ਉੱਤਰ ਗਿਆ ਤੇ ਟਿਕਟ ਲੈਕੇ ਆ ਗਿਆ। ਨਾਲ ਦੀ ਸਵਾਰੀ ਨੇ ਉਸਨੂੰ ਕਿਹਾ— " ਤੁਸੀਂ ਇਕ ਵਾਰੀ ਹੀ ਕਿਉਂ ਨਹੀਂ ਲੰਬੇ ਸਫ਼ਰ ਦਾ ਟਿਕਟ ਲੈ ਲੈਂਦੇ? ਬਾਰ ਬਾਰ ਜੁ ਟਿਕਟ ਲੈਣ ਲਈ ਉਤਰਦੇ ਹੋ?"

ਅੱਗੋਂ ਉਹ ਆਦਮੀ ਬੈਠਣ ਲੱਗਾ ਨਾਲ ਦੀ ਸਵਾਰੀ ਨੂੰ ਦਸਣ ਲੱਗਾ-

"ਦਰਅਸਲ ਗੱਲ ਇਹ ਹੈ ਕਿ ਮੈਨੂੰ ਡਾਕਟਰ ਨੇ ਹਦਾਇਤ ਕੀਤੀ ਹੋਈ ਹੈ ਕਿ ਤੁਸੀਂ ਲੰਬਾ ਸਫ਼ਰ ਨਹੀਂ ਕਰਨਾ........ਮੈਂ ਦਿਲ ਦੀ ਬਿਮਾਰੀ ਦਾ ਮਰੀਜ਼ ਹਾਂ। ਇਸ ਕਰਕੇ ਬਾਰ-ਬਾਰ ਟਿਕਟ ਲੈਣ· ਜਾਂਦਾ ਹਾਂ, ਤਾਂ ਕਿ ਸਫਰ ਲੰਬਾ ਨਾ ਹੋ ਜਾਵੇ।

ਦਿਲ ਦੀਆਂ ਗੱਲਾਂ ਤਾਂ ਅਜੇ ਹੋਰ ਵੀ ਬਹੁਤ ਹਨ, ਪਰ ਤੁਸੀਂ ਦਿਲ ਦੀਆਂ ਗੱਲਾਂ ਦਿਲ ਵਿਚ ਹੀ ਨਾ ਰੱਖਿਓ, ਤੁਸੀਂ ਵੀ ਕਿਸੇ ਨੂੰ ਦਿਲ ਦੀ ਗੱਲ ਸੁਣਾ ਦੇਈਓ!

*—ਬਲਦੇਵ ਮਾਧੋਪੁਰੀ*


Namdhari Elibrary NamdhariElibrary@gmail.com

ਸਿਤਾਰਵਾਦਕ

# ਪ੍ਰੋ. ਵਰਿੰਦਰ ਕੁਮਾਰ ਜੀ ਨੂੰ ਯਾਦ ਕਰਦਿਆਂ

*—ਹਰਜਿੰਦਰ ਸਿੰਘ*



ਸਮੇਂ ਦੀ ਭਾਵੇਂ ਆਪਣੀ ਚਾਲ ਹੈ ਪਰ ਜਿਸ ਰਫ਼ਤਾਰ ਨਾਲ ਚਮਨ ਵਿੱਚੋਂ ਫੁੱਲ ਟੁੱਟ ਰਹੇ ਹਨ ਜ਼ਿੰਦਗੀ ਦਾ ਇਹ ਬਾਗ ਬੜੀ ਛੇਤੀ ਨਾਲ ਵੀਰਾਨ ਹੁੰਦਾ ਜਾ ਰਿਹਾ ਜਾਪਦਾ ਹੈ। ਯਕੀਨ ਨਹੀਂ ਹੁੰਦਾ ਕਿ ਜਿਸ ਸਤਿਕਾਰਯੋਗ ਸ਼ਖਸੀਅਤ ਨੂੰ ਅਸੀਂ ਹੱਸਦੇ ਹੱਸਦੇ ਮੁੜ ਅਗਲੇ ਐਤਵਾਰ ਮਿਲਣ ਦਾ ਵਾਅਦਾ ਕਰਦਿਆਂ ਵਿਦਾ ਕੀਤਾ ਹੋਵੇ, ਦੋ ਦਿਨਾਂ ਬਾਅਦ ਉਹ ਉਸ ਜਹਾਨ ਲਈ ਵਿਦਾ ਹੋ ਜਾਣਗੇ ਜਿਥੋਂ ਕੋਈ ਵੀ ਕਦੀ ਮੁੜ ਵਾਪਸ ਨਹੀਂ ਆਇਆ। ਗੁਰਬਾਣੀ ਦੀ ਇੱਕ ਤੁੱਕ ਹੈ, 'ਨਾਨਕ ਕਿਸਨੋ ਆਖੀਐ ਵਿਣੁ ਪੁਛਿਆ ਹੀ ਲੈ ਜਾਈ'। ਪਰਮ ਪਿਤਾ ਪਰਮਾਤਮਾ ਦੀ ਇਹ ਰਜ਼ਾ ਹੀ ਕੁਝ ਐਸੀ ਹੈ ਜਿਸ ਅੱਗੇ ਨਾ ਵਕੀਲ, ਨਾ ਦਲੀਲ ਤੇ ਨਾ ਹੀ ਕੋਈ ਅਪੀਲ।

ਮੈਨੂੰ ਯਾਦ ਹੈ ਉਹ ਦਿਨ ਜਦੋਂ ਅੱਜ ਤੋਂ ਪੂਰੇ ਤੇਈ ਸਾਲ ਪਹਿਲਾਂ ਜੇਠ ਮਹੀਨੇ ਦੀ ਇਕ ਤਪਦੀ ਹੋਈ ਸ਼ਾਮ ਨੂੰ ਸ੍ਰੀ ਭੈਣੀ ਸਾਹਿਬ ਸੰਗੀਤ ਸਿਖਿਆਰਥੀ ਲੜਕੇ-ਲੜਕੀਆਂ ਦੇ ਇਕ ਤਕੜੇ ਗਰੁੱਪ ਨੂੰ ਸਿਤਾਰ ਅਤੇ ਸਰੋਦ ਵਾਦਨ ਦੀ ਸਿੱਖਿਆ ਲਈ ਪ੍ਰੋ. ਸ੍ਰੀ ਵਰਿੰਦਰ ਕੁਮਾਰ ਜੀ ਦੇ ਸ਼ਾਗਿਰਦ ਬਣਾਇਆ ਗਿਆ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸ੍ਰੀ ਵਰਿੰਦਰ ਕੁਮਾਰ ਜੀ ਨੇ ਆਪਣੇ ਅਤੀ ਰੁਝੇਵਿਆਂ ਭਰੇ ਨੌਕਰੀ ਪੇਸ਼ਾ ਜੀਵਨ ਵਿੱਚੋਂ ਹਰ ਐਤਵਾਰ ਸ੍ਰੀ ਭੈਣੀ ਸਾਹਿਬ ਦੇ ਇਹਨਾਂ ਸਿਖਿਆਰਥੀ ਬੱਚਿਆਂ ਹਿਤ ਲਾਉਣ ਲਈ ਸਤਿ ਬਚਨ ਕੀਤਾ ਜਿਸ ਨੂੰ ਉਹਨਾਂ ਨੇ ਆਪਣੇ ਜੀਵਨ ਦੇ ਆਖਰੀ ਐਤਵਾਰ ਤੱਕ ਨਿਭਾਇਆ।

ਪ੍ਰੋ. ਵਰਿੰਦਰ ਕੁਮਾਰ ਜੀ ਨਾਮਧਾਰੀ ਸੰਗੀਤ ਸਿਖਿਆਰਥੀਆਂ ਵਿੱਚ 'ਗੁਰੂ ਜੀ' ਕਹਿ ਕੇ ਸਤਕਾਰੇ ਜਾਂਦੇ ਸਨ। ਸਿਤਾਰ ਵਾਦਨ ਦੀ ਸ਼ੁਰੂਆਤੀ ਸਿੱਖਿਆ ਉਹਨਾਂ ਨੇ ਆਪਣੇ ਪਿਤਾ ਸ੍ਰੀ ਲਛਮਨ ਦਾਸ ਜੀ ਤੋਂ ਪ੍ਰਾਪਤ ਕੀਤੀ। ਸ਼ਾਸਤਰੀ ਸੰਗੀਤ ਕਲਾ ਨਾਲ ਜੁੜੇ ਹੋਣ ਕਾਰਨ ਸੰਨ 1973 ਈ: ਵਿੱਚ ਉਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੰਪਰਕ ਵਿੱਚ ਆਏ ਅਤੇ ਅਗਲੇ ਸਾਲ 1974 ਈ: ਵਿੱਚ ਸਤਿਗੁਰੂ ਜੀ ਦੀ ਕਿਰਪਾ ਸਦਕਾ ਉਹ ਵਿਸ਼ਵ ਪ੍ਰਸਿੱਧ ਸਿਤਾਰ ਵਾਦਕ ਉਸਤਾਦ ਵਿਲਾਇਤ ਹੁਸੈਨ ਖਾਂ ਸਾਹਿਬ ਦੇ ਸ਼ਾਗਿਰਦ ਬਣੇ। ਇਸ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨਾਲ ਉਹਨਾਂ ਦੀ ਨਿਕਟਤਾ ਨਿਰੰਤਰ ਬਣੀ ਰਹੀ। ਭਾਵੇਂ ਇਸ ਤੋਂ ਪਹਿਲਾਂ ਵੀ ਨਾਮਧਾਰੀ ਬੱਚੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸ੍ਰੀ ਵਰਿੰਦਰ ਕੁਮਾਰ ਜੀ ਕੋਲੋਂ ਸਿਤਾਰ ਵਾਦਨ ਦੀ ਸਿੱਖਿਆ ਲੈਂਦੇ ਰਹੇ ਪਰ ਸੰਨ 1993 ਈ. ਦੇ ਮਈ ਮਹੀਨੇ ਤੋਂ ਉਹਨਾਂ ਨੂੰ ਪੱਕੇ ਤੌਰ ਤੇ ਹਰ ਐਤਵਾਰ ਨੂੰ ਸ੍ਰੀ ਭੈਣੀ ਸਾਹਿਬ ਵਿੱਚ ਸੰਗੀਤ ਸਿੱਖਿਆ ਦੇਣ ਹਿਤ ਉਸਤਾਦ ਨਿਸ਼ਚਿਤ ਕੀਤਾ ਗਿਆ। ਲਗਾਤਾਰ ਤੇਈ ਸਾਲ ਉਹ ਇਹ ਸੇਵਾ ਨਿਭਾਉਂਦੇ ਰਹੇ।

ਪਹਿਲੇ ਸ਼ਾਗਿਰਦਾਂ ਦੀ ਗਿਣਤੀ ਵਿੱਚ ਸ਼ਾਮਲ ਹੋਣ ਕਾਰਨ ਏਨੇ ਸਾਲ ਮੇਰਾ ਲਗਾਤਾਰ ਉਹਨਾਂ ਨਾਲ ਸੰਪਰਕ ਬਣਿਆ ਰਿਹਾ। ਅਨੇਕ ਉਤਰਾਅ ਚੜ੍ਹਾਅ ਉਹਨਾਂ ਦੀ ਜ਼ਿੰਦਗੀ ਵਿੱਚ ਆਉਂਦੇ ਜਾਂਦੇ ਅਸਾਂ ਵੇਖੇ ਸੁਣੇ ਪਰ ਜ਼ਿੰਦਗੀ ਦੇ ਇਸ ਬਿਖੜੇ ਪੈਂਡੇ ਨੂੰ ਜਿੰਨੀ ਹਿੰਮਤ, ਸਰਲਤਾ ਤੇ ਸਫਲਤਾ ਨਾਲ ਉਹਨਾਂ ਨੇ ਤਹਿ ਕੀਤਾ ਇਸ ਦੀ ਮਿਸਾਲ ਉਹ ਆਪ ਹੀ ਸਨ। ਪਿਛਲੇ ਕੁਝ ਸਾਲਾਂ ਤੋਂ ਬੱਚਿਆਂ ਨੂੰ ਸੰਗੀਤ ਸਿੱਖਿਆ ਦੇਣ ਹਿਤ ਉਹ ਸਾਡੇ ਘਰ ਅਰਥਾਤ( ਸ੍ਰੀ ਸਤਿਗੁਰੂ ਜੀ ਦਾ ਘਰ) ਹੀ ਆਉਂਦੇ ਸਨ। ਬੱਚਿਆਂ ਦੀ ਤਾਲੀਮ ਖਤਮ ਹੋਣ ਉਪਰੰਤ ਪ੍ਰਸ਼ਾਦ ਪਾਣੀ ਛਕਦਿਆਂ ਉਹ ਅਕਸਰ ਹੀ ਆਪਣੀ ਜ਼ਿੰਦਗੀ ਦੀ ਕਿਤਾਬ ਦੇ ਪੁਰਾਣੇ ਵਰਕੇ ਖੋਲ ਲੈਂਦੇ। ਆਪਣੇ ਜੀਵਨੀ ਸਫਰ ਵਿੱਚ ਅਨੇਕਾਂ ਘਰੋਗੀ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਹੋਏ ਉਹਨਾਂ ਨੇ ਦਿੱਲੀ ਯੂਨੀਵਰਸਿਟੀ ਤੋਂ ਸੰਗੀਤ ਵਿੱਚ ਐਮ ਫਿਲ ਦੀ ਡਿਗਰੀ ਪ੍ਰਾਪਤ ਕੀਤੀ। ਸੰਗੀਤ ਅਧਿਆਪਨ ਦੇ ਖੇਤਰ ਵਿੱਚ ਕਾਰਜ ਕਰਦਿਆ ਏ.ਪੀ.ਜੇ. ਕਾਲਜ, ਜਲੰਧਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਸੰਗੀਤ ਵਿਭਾਗ ਦੇ ਮੁਖੀ ਰਹੇ। ਭਾਰਤੀ ਸ਼ਾਸਤਰੀ ਸੰਗੀਤ ਜਗਤ ਵਿੱਚ ਆਪਣੀਆਂ ਪੇਸ਼ਕਾਰੀਆਂ ਅਤੇ ਵਡਮੁੱਲੇ ਯੋਗਦਾਨ ਲਈ ਅਨੇਕਾਂ ਮਾਨ-ਸਨਮਾਨਾਂ ਨਾਲ ਉਹਨਾਂ ਨੂੰ ਨਿਵਾਜਿਆ ਗਿਆ। ਆਪਣੀਆਂ ਸਭ ਪ੍ਰਾਪਤੀਆਂ ਨੂੰ ਉਹ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਦੁਆਰਾ ਸੰਭਵ ਹੋਇਆ ਦੱਸਦੇ।


Namdhari Elibrary NamdhariElibrary@gmail.com

ਬਹੁਤ ਕੁਝ ਉਹਨਾਂ ਕੋਲੋਂ ਸਿੱਖਣ ਨੂੰ ਮਿਲਿਆ। ਸਹਿਜ ਨਾਲ ਬੋਲਣਾ, ਨਿਮਰਤਾ, ਧੀਰਜ, ਜਿੰਦਗੀ ਦੇ ਪ੍ਰਤੀ ਸਾਕਾਰਤਮਕ ਰਵਈਆ ਆਦਿ ਗੁਣ ਉਹਨਾਂ ਵਿੱਚ ਬਹੁਲਤਾ ਵਿਚ ਸਨ। ਸੁਭਾਅ ਬਹੁਤ ਹੱਸਮੁੱਖ ਸੀ। ਆਖਰੀ ਐਤਵਾਰ ਜਦੋਂ ਉਹ ਘਰ ਸ੍ਰੀ ਭੈਣੀ ਸਾਹਿਬ ਆਏ ਤਾਂ ਸਰੀਰ ਕਰਕੇ ਕੁਝ ਕਮਜ਼ੋਰ ਹਾਲਤ ਵਿੱਚ ਲੱਗ ਰਹੇ ਸਨ। ਤੁਰਨ ਲੱਗਿਆਂ ਸ਼ੰਮੀ ਨੇ ਕਿਹਾ ਕਿ ਗੁਰੂ ਜੀ ਆਪ ਜੀ ਕਮਜ਼ੋਰ ਲੱਗ ਰਹੇ ਹੋ। ਅੱਗੋਂ ਹੱਸ ਕੇ ਕਹਿਣ ਲੱਗੇ ਨਹੀਂ ਬੇਟਾ। ਮੈਂ ਠੀਕ ਹਾਂ, ਮੇਰੀ ਸ਼ਰਟ ਹੀ ਕੁਝ ਖੁੱਲੀ ਹੋ ਗਈ ਹੈ। ਕੋਲੋ ਮੈਂ ਕਿਹਾ 'ਗੁਰੂ ਜੀ, ਗਰਮੀ ਦੇ ਦਿਨ ਹਨ, ਬੱਸ ਵਿੱਚ ਸਫਰ ਕਰਦਿਆਂ ਬੁਰੀ ਹਾਲਤ ਹੋ ਜਾਂਦੀ ਹੈ, ਜਿਸ ਦਿਨ ਲੱਗੇ ਕਿ ਗਰਮੀ ਜਿਆਦਾ ਹੈ ਆਪ ਜੀ ਕਲਾਸ ਰਹਿਣ ਦਿਆ ਕਰੋ, ਸਫ਼ਰ ਨਾ ਕਰਿਆ ਕਰੋ'। ਥੋੜਾ ਗੰਭੀਰ ਹੋ ਕੇ ਬੋਲੇ 'ਬੇਟਾ, ਇਹ ਰੁੱਤਾਂ ਤੇ ਬਦਲਦੀਆਂ ਰਹਿਣੀਆ ਨੇ, ਗਰਮੀ ਸਰਦੀ ਇਵ ਹੀ ਆਉਣੀ ਜਾਣੀ ਏ, ਏਹਨਾਂ ਕਰਕੇ ਅਸਾਂ ਆਪਣਾ ਕੰਮ ਥੋੜਾ ਛੱਡਣਾ ਏ।' ਫਿਰ ਹੱਸ ਕੇ ਕਹਿਣ ਲੱਗੇ 'ਨਾਲੇ ਜਦੋਂ ਮੈਂ ਬੱਸ ਵਿੱਚ ਆਉਂਦਾ ਹਾਂ ਬੜੇ ਮੁਸਾਫਿਰ ਮੇਰੇ ਨਾਲ ਬੈਠੇ ਹੁੰਦੇ ਨੇ, ਹਾਂ,' ਕਹਿ ਹੱਸਦੇ ਉਹ ਸਾਥੋਂ ਵਿਦਾ ਹੋ ਗਏ। ਨਹੀਂ ਜਾਣਦੇ ਸਾਂ ਕਿ ਇਸ ਰੂਪ ਵਿੱਚ ਇਹ ਮੁਲਾਕਾਤ ਆਖਰੀ ਹੋਵੇਗੀ।

ਸ੍ਰੀ ਸਤਿਗੁਰੂ ਜੀ ਪ੍ਰਤੀ ਉਹਨਾ ਅੰਦਰ ਮਹਾਨ ਆਦਰ ਸਤਿਕਾਰ ਸੀ। 15 ਜੂਨ ਨੂੰ ਜਦੋਂ ਉਹਨਾਂ ਦੀ ਅੰਤਮ ਯਾਤਰਾ ਵਿੱਚ ਸ਼ਾਮਲ ਹੋਣ ਲਈ ਜਲੰਧਰ ਉਹਨਾਂ ਦੇ ਘਰ ਗਏ ਤਾਂ ਵੇਖਿਆ ਕਿ ਘਰ ਵਿਚ ਹਰ ਕੋਨਾ, ਹਰ ਦੀਵਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਸੀ। ਦੀਵਾਰਾਂ ਸ਼ੈਲਫਾਂ ਤੇ ਸਜੇ ਹੋਏ ਅਨੇਕਾਂ ਸਨਮਾਨ, ਤਸਵੀਰਾਂ ਆਦਿ ਸ੍ਰੀ ਸਤਿਗੁਰੂ ਜੀ ਅਤੇ ਨਾਮਧਾਰੀ ਦਰਬਾਰ ਨਾਲ ਉਹਨਾਂ ਦੇ ਗੂੜ੍ਹ ਰਿਸ਼ਤੇ ਦੀ ਗਵਾਹੀ ਭਰ ਰਹੇ ਸਨ। 17 ਜੂਨ ਨੂੰ ਆਰੀਆ ਸਮਾਜ ਮੰਦਰ, ਜਲੰਧਰ ਵਿਖੇ ਉਹਨਾਂ ਦੀ ਯਾਦ ਵਿੱਚ ਹੋਏ ਸ਼ਰਧਾਂਜਲੀ ਸਮਾਗਮ ਵਿੱਚ ਸ਼ਾਮਲ ਅਨੇਕਾਂ ਧਾਰਮਿਕ, ਸਮਾਜਿਕ ਅਤੇ ਵਿਦਿਅਕ ਅਦਾਰਿਆਂ ਦੀਆਂ ਮੁੱਖ ਸਖਸ਼ੀਅਤਾਂ ਨੇ ਜਿਸ ਤਰਾਂ ਨਮ ਹੋਈਆਂ ਅੱਖਾਂ ਨਾਲ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਉਹ ਸੁਣ ਵੇਖ ਆਪਣੇ ਵਿਦਿਆ ਗੁਰੂ ਸ੍ਰੀ ਵਰਿੰਦਰ ਕੁਮਾਰ ਜੀ ਦੀਆਂ ਜੀਵਨ ਭਰ ਦੀਆਂ ਪ੍ਰਾਪਤੀਆਂ ਦਾ ਘੇਰਾ ਹੋਰ ਵੀ ਵਿਸ਼ਾਲ ਹੁੰਦਾ ਜਾਪਿਆ।

ਅੱਜ ਵੀ ਐਤਵਾਰ ਦਾ ਦਿਨ ਹੈ। ਹੁਣ ਜਦੋਂ ਮੈਂ ਪੂਜਯ ਸ੍ਰੀ ਵਰਿੰਦਰ ਕੁਮਾਰ ਜੀ ਦੀ ਯਾਦ ਵਿੱਚ ਦੋ ਸ਼ਬਦ ਲਿਖ ਰਿਹਾ ਹਾਂ ਤਾਂ ਨਾਲ ਲੱਗਦੇ ਸੰਗੀਤ ਕਮਰੇ ਵਿੱਚੋ ਉਹਨਾਂ ਦੀਆਂ ਸਿਖਾਈਆਂ ਹੋਈਆਂ ਗਤਾਂ ਦੀ ਆਵਾਜ ਆ ਰਹੀ ਹੈ। ਭਾਵੇ ਸਰੀਰ ਕਰਕੇ ਉਹ ਫਾਨੀ ਸੰਸਾਰ ਵਿੱਚ ਨਹੀਂ ਰਹੇ ਪਰ ਆਪ ਜੀ ਦੁਆਰਾ ਸੁਸਿਖਿਅਤ ਅਣਗਿਣਤ ਸ਼ਾਗਿਰਦਾਂ ਦੀਆਂ ਸਿਤਾਰ ਅਤੇ ਹੋਰ ਅਨੇਕਾਂ ਸਾਜਾਂ ਉਪਰ ਚਲਦੀਆਂ ਉਗਲਾਂ ਦੁਆਰਾ ਉਪਜੀਆਂ ਧੁਨਾਂ ਪ੍ਰੋ. ਸ੍ਰੀ ਵਰਿੰਦਰ ਕੁਮਾਰ ਜੀ ਦੀ ਯਾਦ ਨੂੰ ਸਦੀਵੀ ਬਣਾਈ ਰੱਖਣਗੀਆਂ।

---

# ਸਲੋਹ ਵਿਚ ਅਧਿਆਤਮਕ ਸਵੇਰ

ਸਲੋਹ-10 ਜੂਨ- ਅੱਜ ਇਥੇ ਯੂ.ਕੇ. ਦੀ ਨਗਰੀ ਸਲੋਹ ਵਿਚ ਨਾਮਧਾਰੀ ਸਾਧ ਸੰਗਤ ਹੰਸਾ ਵਰਗੇ ਚਿੱਟੇ ਬਾਣੇ ਵਿਚ ਸੰਤ ਸਤਪਾਲ ਸਿੰਘ ਭੁੱਲਰ ਘਰ ਜਾ ਰਹੀ ਸੀ ਉੱਥੇ ਪਹੁੰਚ ਕੇ ਸਫੈਦ ਕੀਤੀ ਗਈ ਵਿਛਾਈ ਉੱਤੇ ਵਿਛੇ ਸਤਿਗੁਰੂ ਜੀ ਦੇ ਆਸਨ ਅੱਗੇ ਮੱਥਾ ਟੇਕ ਕੇ ਸਭ ਮਾਲਾ ਫੇਰਦੇ ਹੋਏ ਨਾਮ ਸਿਮਰਨ ਵਿਚ ਲੀਨ ਹੋ ਰਹੇ ਸਨ। ਦੂਜੇ ਪਾਸੇ ਤਿੰਨ ਉਸਤਾਦ— ਉ. ਹਰਭਜਨ ਸਿੰਘ, ਉ. ਗੁਰਦੇਵ ਸਿੰਘ ਅਤੇ ਉ. ਕਿਰਨਪਾਲ ਸਿੰਘ ਆਸਾ ਦੀ ਵਾਰ ਦੇ ਕੀਰਤਨ ਰਾਹੀਂ ਸਾਧ ਸੰਗਤ ਵਿਚ ਇਸ ਗਲ ਦਾ ਸੰਚਾਰ ਕਰ ਰਹੇ ਸਨ:-

ਬਿਨੁ ਸਤਿਗੁਰੂ ਕਿਨੈ ਨਾ ਪਾਇਓ।<br>
ਬਿਨੁ ਸਤਿਗੁਰੂ ਕਿਨੈ ਨਾ ਪਾਇਆ।

ਉਹਨਾਂ ਦਾ ਸਾਥ ਤਬਲੇ ਤੇ ਨੌਜਵਾਨ ਕਰਤਾਰ ਸਿੰਘ ਦਿਓਰਾ ਅਤੇ ਗੁਰਤੇਜ ਪਾਲ ਸਿੰਘ ਆਦਿ ਦੇ ਰਹੇ ਸਨ।

ਬਾਹਰ ਕੁਝ ਸਿੰਘ ਅਤੇ ਬੀਬੀਆਂ ਅੰਮ੍ਰਿਤ ਛੱਕ ਰਹੇ ਸਨ। ਉਹਨਾਂ ਨੇ ਸੂਬਾ ਕੁਲਦੀਪ ਸਿੰਘ ਚਾਨਾ ਦੀ ਅਗਵਾਈ ਹੇਠ ਦੋ ਵੱਖ-ਵੱਖ ਹਵਨ ਕੀਤੇ।

ਪ੍ਰੋ. ਤਾਰਾ ਸਿੰਘ ਅਨਜਾਣ ਨੇ ਮਾਰੂ ਰਾਗ ਦੇ ਸ਼ਬਦ-ਮੇਰਾ ਮਨੁ ਲੋਚੈ ਗੁਰ ਦਰਸ਼ਨ ਤਾਈ ਦੀ ਵਿਆਖਿਆ ਕਰਦਿਆਂ ਕਿਹਾ ਕਿ ਸਤਿਗੁਰੂ ਦੀ ਆਗਿਆ ਵਿਚ ਰਹਿਣ ਵਾਲਾ ਸਭ ਤੋਂ ਛੋਟਾ ਸਾਹਿਬਜ਼ਾਦਾ ਗੁਰੂ ਅਰਜਨ ਦੇਵ ਦੇ ਰੂਪ ਵਿਚ ਗੁਰ ਗੱਦੀ ਉੱਤੇ ਸੁਭਾਇਮਾਨ ਹੋਇਆ। ਵੱਡੇ ਦੀ ਚਲਾਕੀ ਤੇ ਸੁਆਰਥੀ ਭਾਵਨਾ ਨੇ ਸਤਿਗੁਰੂ ਜੀ ਦਾ ਉਸ ਬਾਰੇ ਮਨ ਖੱਟਾ ਕਰ ਦਿੱਤਾ।

ਅਰਦਾਸ ਤੋਂ ਬਾਦ ਆਈ ਸਾਧ ਸੰਗਤ ਦੇ ਧੰਨਵਾਦ ਅਤੇ ਨਾਸ਼ਤਾ ਕਰਨ ਨਾਲ ਪ੍ਰੋਗਰਾਮ ਦੀ ਸਮਾਪਤੀ ਹੋਈ।

—ਪੱਤਰ ਪ੍ਰੇਰਕ


NamdhariElibrary NamdhariElibrary@gmail.com

# ਕਿੰਨਾ ਪਰ-ਉਪਕਾਰ ਕਮਾ ਗਏ ਓ



—ਪ੍ਰੋ: ਜੋਗਿੰਦਰ ਸਿੰਘ ਕੰਗ

ਧੰਨ ਧੰਨ ਤੁਸੀਂ ਚੰਦ ਕੌਰ ਮਾਤਾ,
ਲੰਗਰ ਨੂੰ ਖ਼ੂਬ ਚਲਾ ਗਏ ਓ।

ਦਿਨ ਰਾਤ ਸੇਵਾ ਵਿਚ ਲੀਨ ਰਹਿ ਕੇ,
ਸਾਨੂੰ ਸੇਵਾ ਦੀ ਜਾਚ ਸਿਖਾ ਗਏ ਓ।

ਕੱਚਾ ਹੁੰਦਾ ਸੀ ਕਦੇ ਭੈਣੀ ਸਾਹਿਬ ਸਾਰਾ,
ਸੁੰਦਰ ਉਸ ਨੂੰ ਕਿੰਨਾ ਬਣਾ ਗਏ ਓ।

ਤੁਰ ਪਏ ਗੁਰੂ ਜਗਜੀਤ ਜਗ ਤਾਰਨੇ ਨੂੰ,
ਪਿੱਛੋਂ ਪੰਥ ਦੀ ਸਾਂਭ ਦਰਸਾ ਗਏ ਓ।

ਸੰਗਤ ਆਈ ਨੂੰ ਰਹੇ ਅਸੀਸ ਦੇਂਦੇ,
'ਜਗਤ ਮਾਤਾ' ਵੀ ਤੁਸੀਂ ਅਖਵਾ ਗਏ ਓ।

ਲੋੜਵੰਦਾਂ ਦੀ ਰਹੇ ਇਮਦਾਦ ਕਰਦੇ,
ਕਿੰਨਾ ਪਰ-ਉਪਕਾਰ ਕਮਾ ਗਏ ਓ।

ਪ੍ਰਤਾਪ ਗੁਰੂ ਦੀ ਬਣ ਕੇ ਨੂੰਹ ਵੱਡੀ,
ਵੱਡੇ ਪੂਰਨੇ ਪੰਥ 'ਚ ਪਾ ਗਏ ਓ।

ਸੇਵਾ ਸਿਮਰਨ ਤਿਆਗ ਦੀ ਬਣ ਮੂਰਤ,
ਮਜੀਠ ਰੰਗ 'ਚ ਜੀਵਨ ਰੰਗਾ ਗਏ ਓ।

ਫ਼ਰਿਆਦੀ ਜੋ ਵੀ ਦਰ 'ਤੇ ਆਣ ਪੁੱਜਾ,
ਉਹਦੇ ਮਨ ਦਾ ਕਮਲ ਖਿੜਾ ਗਏ ਓ।

ਸੇਵਾ ਪੰਥ ਤੇ ਕੌਮ ਦੀ ਕਰ ਡਾਢੀ,
ਜੀਵਨ ਪੰਥ ਤੋਂ ਘੋਲ ਘੁਮਾ ਗਏ ਓ।

ਸਾਨੂੰ ਹੱਸ ਹੱਸ ਖ਼ੁਸ਼ੀਆਂ ਵੰਡਦੇ ਸੀ,
ਅਚਨਚੇਤ ਹੀ ਓਹਲਾ ਕਰਾ ਗਏ ਓ।

ਜੀਵਨ ਨਗਰ ਦਾ ਵੀ ਕਾਇਆ ਕਲਪ ਕੀਤਾ,
ਕਿੰਨਾ ਪਰ-ਉਪਕਾਰ ਕਮਾ ਗਏ ਓ।

ਦੁੱਖਾਂ ਦਰਦਾਂ ਦੀ ਜਦ ਵੀ ਘੜੀ ਆਈ,
ਦਰਦਵੰਦਾਂ ਦੇ ਦਰਦ ਵੰਡਾ ਗਏ ਓ।

ਦੇਸ਼ ਵਿਦੇਸ਼ ਦਾ ਸਫ਼ਰ ਵੀ ਰਹੇ ਕਰਦੇ,
ਕਿੰਨੀ ਹਿੰਮਤ ਦੇ ਤਾਈਂ ਦਿਖਾ ਗਏ ਓ।

ਸਮਰੱਥ ਗੁਰੂ ਜਗਜੀਤ ਦਾ ਵਰ ਪਾ ਕੇ,
ਕੂਕਾ ਪੰਥ ਨੂੰ ਚਾਰ ਚੰਨ ਲਾ ਗਏ ਓ।

ਭੈਣੀ ਸਾਹਿਬ ਦਾ ਨਵ-ਨਿਰਮਾਣ ਕਰਕੇ,
ਤਪੋ ਭੂਮੀ ਦੀ ਸ਼ਾਨ ਵਧਾ ਗਏ ਓ।

ਮਾਈਆਂ ਉੱਤੇ ਵੀ ਕਈ ਉਪਕਾਰ ਕੀਤੇ,
ਕਿੰਨਾ ਸੇਵਾ ਦਾ ਕੁੰਭ ਰਚਾ ਗਏ ਓ।

ਕੁੱਲ ਪੈਮਾਨੇ ਵੀ ਗਿਣਤੀ ਨਹੀਂ ਕਰ ਸਕਦੇ,
ਕਿੰਨਾ ਪਰ-ਉਪਕਾਰ ਕਮਾ ਗਏ ਓ।

ਭੈਣੀ ਰਾਮ ਦਰਬਾਰ ਨੂੰ ਕਰ ਵੱਡਾ,
ਬਾਗ਼ ਸਿੱਖੀ ਦਾ ਖ਼ੂਬ ਮਹਿਕਾ ਗਏ ਓ।

ਆਲੀਸ਼ਾਨ ਵੀ ਕੋਠੀਆਂ ਬਣ ਗਈਆਂ,
ਸਿੱਖਾਂ ਸੇਵਕਾਂ ਤਾਈਂ ਵਸਾ ਗਏ ਓ।

ਬੜੇ ਚਾਵਾਂ ਨਾਲ ਹੋਲਿਆਂ ਮੇਲਿਆਂ 'ਤੇ
ਦੁੱਧ ਬੱਚਿਆਂ ਤਾਈਂ ਵਰਤਾ ਗਏ ਓ।

ਸਿਫ਼ਤਾਂ ਸਾਰਾ ਸੰਸਾਰ ਹੀ ਕਰੀ ਜਾਵੇ,
ਸੇਵਾ ਸਿਦਕ ਦੇ ਦੀਵੇ ਜਗਾ ਗਏ ਓ।

ਕਿਵੇਂ ਸੇਵਾ 'ਚ ਜੀਵਨ ਗੁਜ਼ਾਰਨਾ ਏ,
ਸਾਧ ਸੰਗਤ ਦੇ ਤਾਈਂ ਸਮਝਾ ਗਏ ਓ।

ਗੁਰੂ ਜਗਜੀਤ ਤੋਂ "ਕੰਗ" ਆਦੇਸ਼ ਲੈਕੇ,
ਕਿੰਨਾ ਪਰ-ਉਪਰਕਾਰ ਕਮਾ ਗਏ ਓ।

160 ਗਲੀ ਨੰ: 6 ਸਤਜੋਤ ਨਗਰ
ਦੁੱਗਰੀ-ਧਾਂਦਰਾ ਰੋਡ, ਲੁਧਿਆਣਾ— 14116
ਮੋਬ. ਨੰ.- 098785-03673


NamdhariElibrary NamdhariElibrary@gmail.com

# ਮੇਰੇ ਚੋਣਵੇਂ ਸ਼ਿਅਰ

*—ਡਾ. ਹਰਨੇਕ ਸਿੰਘ ਕੋਮਲ*

ਟੁੱਟ ਜਾਂਦੈ ਖ਼ੂਬਸੂਰਤ ਸੁਪਨਿਆਂ ਦਾ ਤਾਜ ਮਹਿਲ,
ਉਮਰ ਸਾਰੀ ਟੁਕੜਿਆਂ ਨੂੰ ਜੋੜਦਾ ਹੈ ਆਦਮੀ।

ਦੋਸਤੀ ਤੇ ਰਿਸ਼ਤਿਆਂ ਦੀ ਪਰਖ ਕਰਨੀ ਸਿੱਖ ਲੈ,
ਮਹਿਕ ਦੀ ਨਾ ਆਸ ਰੱਖੀਂ ਫੁੱਲ ਹਨ ਇਹ ਕਾਗ਼ਜ਼ੀ।

ਮਖੌਟੇ ਪਹਿਨ ਕੇ ਫਿਰਦੇ ਅਨੇਕਾਂ ਲੋਕ ਨੇ ਦਿਸਦੇ,
ਕੋਈ ਸ਼ਖ਼ਸ ਨਾ ਮਿਲਿਆ ਕਿਤੇ ਆਦਮੀ ਵਰਗਾ।

ਸ਼ਹਿਰ 'ਚੋਂ ਕੱਢ ਕੇ ਸੱਚ ਨੂੰ ਲਾਇਆ ਠੀਕਰੀ ਪਹਿਰਾ,
ਸੱਚ ਨੂੰ ਸ਼ਹਿਰ ਦੇ ਅੰਦਰ ਪੈਰ ਫਿਰ ਧਰਨ ਨਾ ਦਿੱਤਾ।

ਤੇਲ, ਧੂੰਆਂ ਤੇ ਨਿਰਾਸ਼ਾ ਚਿਹਰਿਆਂ 'ਤੇ ਜੰਮ ਗਏ,
ਸ਼ਹਿਰ ਦੇ ਵਿਚ ਨਾ ਮਿਲੇਗੀ ਫੁੱਲ ਵਰਗੀ ਤਾਜ਼ਗੀ।

ਗ਼ਜ਼ਲ ਦੇ ਦਰਬਾਰ ਅੰਦਰ ਗ਼ੈਰ-ਹਾਜ਼ਿਰ ਗ਼ਜ਼ਲ ਸੀ,
ਗ਼ਜ਼ਲ ਦੀ ਤੌਹੀਨ ਹੋਈ ਗ਼ਜ਼ਲ ਦੇ ਦਰਬਾਰ ਵਿੱਚ।

ਜਦੋਂ ਸੀ ਬਦਲਿਆ ਮੌਸਮ ਬੜੇ ਹੀ ਖ਼ਾਬ ਦੇਖੇ ਸਨ,
ਪੁਰਾਣਾ ਹੋ ਗਿਆ ਹੁਣ ਤਾਂ ਨਵੇਂ ਸੰਸਾਰ ਦਾ ਸੁਪਨਾ।

ਏਨਾ ਲਹੂ-ਲੁਹਾਣ ਤਾਂ ਮੈਨੂੰ ਆਪਣਿਆਂ ਨੇ ਕੀਤਾ ਹੈ,
ਗ਼ੈਰਾਂ ਨੇ ਤਾਂ ਮੈਨੂੰ ਐਵੇਂ ਇੱਕ-ਦੋ ਪੱਥਰ ਮਾਰੇ ਸਨ।

ਕਿਸੇ ਮਾਸੂਮ ਦਾ ਜਿਹੜੀ ਕਦੇ ਵੀ ਦਰਦ ਨਾ ਸਮਝੇ,
ਕਿਸੇ ਵੀ ਮੁਲਕ ਦੇ ਅੰਦਰ ਕਦੇ ਸਰਕਾਰ ਨਾ ਹੋਵੇ।

ਕਿਸੇ ਦੀ ਬੇਰੁਖੀ ਸਾੜੇ ਕਿਤੇ ਹੈ ਮੋਹ ਦੀ ਬਾਰਿਸ਼,
ਕਿਸੇ ਨੇ ਜੀਣ ਨਾ ਦਿੱਤਾ ਕਿਸੇ ਨੇ ਮਰਨ ਦਾ ਦਿੱਤਾ।

ਪੜ੍ਹ-ਪੜ੍ਹ ਕੇ ਹਨ ਹਾਰੇ -ਹੰਭੇ ਰੋਟੀ-ਰੋਜ਼ੀ ਦੂਰ ਬੜੀ,
ਰੱਬਾ, ਨਜ਼ਰ ਸਵੱਲੀ ਰੱਖੀਂ ਸਾਡੇ ਬਰਖੁਰਦਾਰਾਂ 'ਤੇ।

ਜੋ ਨਿਕਲੇ ਰੂਹ ਦੇ ਵਿਚੋਂ ਤੇ ਉਤਰੇ ਰੂਹ ਦੇ ਅੰਦਰ,
ਜੇ ਹੋਵੇ ਗੀਤ ਤਾਂ ਹੋਵੇ ਖ਼ੁਦਾ ਦੀ ਬੰਦਗੀ ਵਰਗਾ।

ਚਰਖਿਆਂ ਦੀ ਘੂਕ ਹੈ ਤੇ ਝਾਂਜਰਾਂ ਦਾ ਸ਼ੋਰ ਹੈ,
ਜਾਗ ਸੁਹਣੇ ਜੋਗੀਆ ਤੂੰ ਫਿਰ ਜਗਾਏ ਜ਼ਿੰਦਗੀ।

ਦਰਦ ਕੀ ਹੈ, ਰਹਿਮ ਕੀ ਹੈ, ਬਾਗ਼ਬਾਂ ਨਾ ਜਾਣਦਾ,
ਦਾਸਤਾਂ ਹੁਣ ਬਿਰਖ ਆਪਣੀ ਕਹਿਣ ਜੋਗੇ ਨਾ ਰਹੇ।

ਹਨੇਰੀ ਰਾਤ ਦੇ ਪਿੱਛੋਂ ਉਜਾਲਾ ਖ਼ੂਬ ਹੈ ਫੱਬਦਾ,
ਮਜ਼ਾ ਕੀ ਜਿੱਤ ਦਾ ਕੋਮਲ ਕਦੇ ਜੇ ਹਾਰ ਨਾ ਹੋਵੇ।

ਗ਼ਜ਼ਲ ਕਹਿਣੀ ਖ਼ਾਸ ਮੁਸ਼ਕਿਲ ਤਾਂ ਨਹੀਂ ਹੈ ਦੋਸਤੋ,
ਬਹੁਤ ਮੁਸ਼ਕਿਲ ਸ਼ਿਅਰ ਨੂੰ ਹੈ ਹੰਝੂਆਂ ਵਿਚ ਰੰਗਣਾ।

ਜ਼ਿੰਦਗੀ ਦੀ ਦੌੜ ਦੇ ਵਿਚ ਸਾਂਝ ਹੈ ਪਰ ਫੇਰ ਵੀ,
ਆਦਮੀ ਤੋਂ ਦੂਰ ਕਿੰਨਾ ਹੋ ਗਿਆ ਹੈ ਆਦਮੀ।

ਹੌਲੀ-ਹੌਲੀ ਬਣ ਜੇ ਇਕ ਦਿਨ ਜੋ ਕੰਡਿਆਲੀ ਤਾਰ,
ਹਰਫ਼ ਮਿਟਾ ਕੇ ਸਾਂਝਾਂ ਦੇ ਤੂੰ ਐਸੀ ਲੀਕ ਤਾਂ ਵਾਹ।

ਜੇ ਸੁਨਹਿਰੀ ਰੂਪ ਹੈ ਤਾਂ ਲੋੜ ਕੀ ਹੈ ਗਹਿਣਿਆਂ ਦੀ,
ਸਾਦਗੀ 'ਚ ਸੁੰਦਰਤਾ ਹੈ ਸਾਦਗੀ ਦੀ ਖ਼ੈਰ ਮੰਗੋ।

ਸੁਬਹ-ਸਵੇਰੇ ਪੜ੍ਹਿਆ ਜਿਸ ਨੂੰ ਡਾਢੇ ਚਾਵਾਂ ਨਾਲ,
ਰੱਦੀ ਦਾ ਇਕ ਹਿੱਸਾ ਬਣ ਗਈ ਆਥਣ ਨੂੰ ਅਖ਼ਬਾਰ।

ਸਿਆਸਤ ਸੱਚ ਦੀ ਹੋਵੇ ਧਰਮ-ਈਮਾਨ ਦੀ ਹੋਵੇ,
ਦੇਖਦੇ ਲੋਕ ਨੇ ਹੁਣ ਵੀ ਉਸ ਦਰਬਾਰ ਦਾ ਸੁਪਨਾ।

ਬਾਗ਼ਬਾਂ ਪਾਕਿ ਦਿਲ ਹੁੰਦਾ ਚਮਨ ਨੂੰ ਪਿਆਰ ਜੇ ਕਰਦਾ,
ਚੌਗਿਰਦਾ ਮਹਿਕ ਜਾਣਾ ਸੀ ਚਮਨ ਭਰ ਗਿਆ ਹੁੰਦਾ।

ਯਾਦ ਆਊ ਖ਼ਤੋ-ਕਿਤਾਬਤ ਦਾ ਜ਼ਮਾਨਾ ਫਿਰ ਕਦੇ,
ਦੋਸਤਾਂ ਦੇ ਕੁਝ-ਕੁ ਪੱਤਰ ਰੱਖਣਾ ਸੰਭਾਲ ਕੇ।

ਅੰਦਰੋਂ ਕੋਮਲ, ਟੁੱਟਾ-ਟੁੱਟਾ, ਖ਼ਾਲੀ-ਖ਼ਾਲੀ ਹੈ ਸਾਰਾ,
ਬੰਦਾ ਜੋ ਬਾਹਰੋਂ ਸਾਬਤ ਭਰਿਆ-ਭਰਿਆ ਲਗਦਾ ਹੈ।

ਮੋ.- 93177-61414


NamdhariElibrary NamdhariElibrary@gm

ਕਵਿਤਾ

## ਹੋਣੀ

ਜੀਵਨ ਦੇ ਹਰ ਮੋੜ ਦੇ ਉੱਤੇ,
ਮੌਤ ਫਿਰੇ ਤਰਿਹਾਈ।

ਕਦਮ ਵਧਾਵੇ ਪੈਰ ਪੈਰ,
ਪਾਉਣ ਲਈ ਪਰਛਾਈ।

ਕਦੀ ਹਸਾਵੇ ਕਦੀ ਰੁਲਾਵੇ,
ਖੇਡੇ ਲੁਕਣ ਮਚਾਈ।

ਭਾਹ ਭਾਹ ਅੱਗਾਂ ਦੁੱਖ ਤਪਾਵੇ,
ਜਾਵੇ ਸੁੱਖ ਮਿਟਾਈ।

ਘਰ ਘਰ ਲੱਭੇ ਲੱਪ ਲੱਪ ਅੱਥਰੂ,
ਜਾਂ ਲੱਭੇ ਦੁੱਖ ਜੁਦਾਈ।

ਪਾੜੇ ਚੁੱਕ ਗਲੀਚੇ ਰੀਝਾਂ,
ਫੜ ਹੌਕੇ ਕਰੇ ਵਛਾਈ।

ਪੱਬਾਂ ਭਾਰ ਖਲੋ ਕੇ ਵੇਖਾਂ,
ਕੰਧ ਉਮਰ ਦੀ ਕਿਸ ਬਨਾਈ।

ਕਿਸ ਦਰਵਾਜ਼ਾ ਦਿਲ ਦਾ ਜੜਿਆ,
ਕਿਸ ਨੇ ਜੀਵਨ ਖੇਡ ਮਟਾਈ।

ਕਿਸ ਦੀ ਬੁੱਕਲ ਵਿੱਚ ਬਹਿ ਰੋਵਾਂ,
ਹਰ ਪਾਸੇ ਪੀੜ ਜਗਾਈ।

ਕੱਚੇ ਹੱਡ ਉਮਰ ਦੇ ਤੋੜੇ,
ਤੋੜੀ ਲੱਕ ਤੜਾਗੀ ਪਾਈ।

ਇਹ ਕਲਜੋਗਣ ਕਾਲਖ਼ ਕਿਸ ਤੋਂ,
ਰਾਹ ਜੀਵਨ ਦਾ ਪੁੱਛ ਕੇ ਆਈ।

ਨਾ ਕੋਈ ਆਵੇ ਨਾ ਦੱਸੇ 'ਨਾਗੀ',
ਭਟਕੇ ਗਲੀ ਗਲੀ ਹਲਕਾਈ।

*–ਮਹਿੰਦਰ ਸਿੰਘ 'ਨਾਗੀ'*
97297-09788

## ਗ਼ਜ਼ਲ / –ਜਰਨੈਲ ਸਿੰਘ ਬੱਧਣ

ਤੂੰ ਜੋ ਕਾਤਿਲ ਨੂੰ ਹੀਰੋ ਬਣਾਇਆ ਹੈ,
ਦੁਖਦੀਆਂ ਆਂਦਰਾਂ ਨੂੰ ਹੋਰ ਦੁਖਾਇਆ ਹੈ।
ਜ਼ੁਲਮ ਦੀ ਇਤਹਾ ਕੋਈ ਭੁਲਾ ਨਹੀਂ ਸਕਦਾ,
ਸੱਤ ਸਮਝੀ ਕਿ ਅਸੀਂ ਭੁਲਾਇਆ ਹੈ।
ਉਸ ਜਗ੍ਹਾ ਹਵਾ ਵੀ ਰੁਕ ਕੇ ਲੰਘ ਦੀ ਹੈ,
ਜਿਸ ਜਗ੍ਹਾ ਅਸੀਂ ਖ਼ੂਨ ਵਹਾਇਆ ਹੈ।
ਐਵੇਂ ਅਮਨ ਨਹੀਂ ਹੋ ਗਿਆ ਧਰਤ ਉੱਤੇ,
ਜ਼ੁਲਮ ਦੇ ਹੜ੍ਹ ਨੂੰ ਅਸੀਂ ਬੰਨ੍ਹ ਲਾਇਆ ਹੈ।
ਆਪਣੇ ਹੀ ਖ਼ੂਨ ਨਾਲ ਰੰਗੇ ਨੇ ਹੱਥ ਜਿਸਦੇ,
ਗ਼ਰਕ ਹੋ ਜਾਂਦਾ ਕਿਉਂ ਮੁੜ ਆਇਆ ਹੈ।
ਤੜਫੇਂਗਾ, ਤਰਸੇਂਗਾ ਜ਼ਿੰਦਗੀ ਭਰ ਹੁਣ ਤੂੰ,
ਸਿਰਜਣਹਾਰ ਨੂੰ ਹੀ ਹੱਥ ਪਾਇਆ ਹੈ।
ਕਦੇ ਢਾਹੀ ਜਾਵੇਂ, ਕਦੇ ਬਣਾਈ ਜਾਵੇਂ,
ਤੂੰ ਤਾਂ ਰੱਬ ਨੂੰ ਮਖੌਲ ਬਣਾਇਆ ਹੈ।

ਮੋ.- 94647-96287

## ਗ਼ਜ਼ਲ / –ਜਸਵੰਤ ਸਿੰਘ ਕੈਲਵੀ

ਨਾ ਘਰ ਨੇ ਘਰਾਂ ਵਰਗੇ, ਨਾ ਦਰ ਨੇ ਦਰਾਂ ਵਰਗੇ।
ਨਾ ਨਾਰ ਸੁਰੱਖਿਅਤ ਹੈ, ਨਾ ਨਰ ਨੇ ਨਰਾਂ ਵਰਗੇ।
ਹਾਕਿਮ ਜੁ ਮਿਲੇ ਸਾਨੂੰ, ਅਣਜੋੜ ਵਰਾਂ ਵਰਗੇ।
ਕੀ ਦੇਸ਼ ਸੰਵਾਰਨਗੇ, ਬੇਸੁਝ ਖੈਰਾਂ ਵਰਗੇ ?
ਰੀਝਾਂ ਸੁਕਾ ਦਿੱਤੀਆਂ, ਖ਼ੁਸ਼ੀਆਂ ਨੇ ਮੁਕਾ ਦਿੱਤੀਆਂ।
ਇਹ ਲੂਣ ਹਰਾਮੀ ਨੇ, ਇਹ ਭੂਤ ਡਰਾਂ ਵਰਗੇ।
ਬਾਜ਼ਾਰ ਬਣਾ ਦਿੱਤੇ, ਬਦਬੂ ਦੇ ਛੱਪੜ ਸਭ।
ਨਿਰਮਲ ਤੇ ਪਵਿੱਤਰ ਸਨ, ਬੰਦੇ ਜੁ ਸਰਾ ਵਰਗੇ।
ਝੁੱਗੀਆਂ 'ਚ ਤੜੇ ਜਿਹੜੇ, ਖੇਤਾ 'ਚ ਖੜੇ ਜਿਹੜੇ।
ਕੀ ਜੂਨ ਹੰਢਾਉਂਦੇ ਉਹ ? ਬੇਜਾਨ ਪਰਾਂ ਵਰਗੇ।
ਇਤਬਾਰ ਕਰਾਂ ਕਿੱਦਾਂ ਏਹਨਾਂ ਦੇ ਕਰਾਰਾਂ ਤੇ ?
ਏਹਨਾਂ ਦੇ ਦਿਲਾਸੇ ਤਾਂ ਹਨ ਰੇਤ ਘਰਾਂ ਵਰਗੇ।
'ਜਸ' ਸੋਚ ਕੀ ਕਰਨਾ ? ਹੈ ਜਾਨ ਛੁਡਾਉਣੀ ਕਿੰਝ ?
ਲਾਹੁਣੇ ਇਹ ਗਲੋਂ ਕੀਕਰ ? ਬੇਰਹਿਮ ਕਰਾਂ ਵਰਗੇ।

*ਮੋਬਾਇਲ-98783-81474*


Namdhari Elibrary NamdhariElibrary@gmail

# ਪ੍ਰਤੀਕਿਰਿਆ

## ਵਰਿਆਮ ਦਾ ਸਾਂਭਣ ਯੋਗ ਅੰਕ

ਜੂਨ 2016 ਦਾ ਅੰਕ ਨਿੱਖਰ ਕੇ ਸਾਹਮਣੇ ਆਇਆ ਹੈ, ਸੰਪਾਦਕੀ ਵਿੱਚ ਸ੍ਰ. ਤਾਰਾ ਸਿੰਘ ਅਨਜਾਣ ਹੋਰਾਂ 'ਖੈਰ ਪੰਜਾਬੀ ਦੀ ਮੰਗਦਾ ਹਾਂ' ਵਿਸ਼ਾ ਛੋਹ ਕੇ ਮਾਂ ਬੋਲੀ ਪੰਜਾਬੀ ਪ੍ਰਤੀ ਜੋ ਪਿਆਰ ਤੇ ਖਲੂਸ ਪੇਸ਼ ਕੀਤਾ ਹੈ ਉਹ ਆਪ ਜੀ ਦੀ ਵਿਦਵਤਾ ਦਾ ਸਾਖਸ਼ਾਤ ਨਮੂਨਾ ਹੈ। ਸਤਿਗੁਰੂ ਆਪ ਜੀ ਦੀ ਕਲਮ ਨੂੰ ਹੋਰ ਸ਼ਕੱਤਿਆਂ ਕਰੇ। ਸ਼ਹੀਦਾਂ ਦੇ ਸਿਰਤਾਜ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਬਾਰੇ ਸੰਤ ਜਗਦੀਸ਼ ਸਿੰਘ ਵਰਿਆਮ ਹੋਰਾਂ ਦਾ ਲੇਖ ਬਹੁਤ ਹੀ ਸ਼ਰਧਾ, ਅਕੀਦਤ ਅਤੇ ਖਲੂਸ ਨਾਲ ਭਰਿਆ ਪਿਆ ਹੈ। ਆਪ ਨੇ ਗੁਰੂ ਸਾਹਿਬ ਦੀ ਸ਼ਖਸੀਅਤ ਦੇ ਹਰ ਪੱਖ ਨੂੰ ਬਾਖੂਬੀ ਬਿਆਨ ਕੀਤਾ ਹੈ। ਦਵਿੰਦਰ ਸਿੰਘ ਗਿਲ ਜੀਆ ਨੱਥਾ ਹੋਰਾਂ ਵੀ ਪੰਚਮ ਪਾਤਸ਼ਾਹ ਦੀ ਸ਼ਹਾਦਤ ਨੂੰ ਛੋਹਿਆ ਹੈ। ਇਸ ਸੰਬੰਧ ਵਿੱਚ ਵਿਦਵਾਨ ਖੋਜੀਆਂ ਨੂੰ ਹੋਰ ਸੰਵਾਦ ਰਚਾਉਣਾ ਬਣਦਾ ਹੈ। ਦਿੱਲੀ ਵਿੱਚ ਰਹਿਣ ਵਾਲੇ ਸੂਫੀ ਦਰਵੇਸ਼ ਸਰਮਦ ਨੂੰ ਵੀ ਨਗਨ ਰਹਿਣ ਦਾ ਫਤਵਾ ਲਾਕੇ ਜਾਮਾ ਮਸਜਿਦ ਵਿੱਚ ਹਜ਼ਾਰਾਂ ਲੋਕਾਂ ਦੀ ਹਾਜ਼ਰੀ ਵਿੱਚ ਸ਼ਹੀਦ ਕਰ ਦਿੱਤਾ ਗਿਆ ਸੀ। ਮੇਰੀ ਜਾਚੇ ਮਹਾਨ ਸਤਿਗੁਰੂ ਜੀ ਦੇ ਮਹਿਲ ਮਾਤਾ ਚੰਦ ਕੌਰ ਜੀ ਦੀ ਸ਼ਹਾਦਤ ਵੀ ਉਸੇ ਤਰ੍ਹਾਂ ਹੀ 'ਸਿਰ ਜਾਏ ਤਾਂ ਜਾਏ ਮੇਰਾ ਸਿੱਖੀ ਸਿਦਕ ਨਾ ਜਾਏ' ਬਾਰੇ ਹੋਰ ਵਿਚਾਰਨ ਦੀ ਲੋੜ ਹੈ।

ਸ. ਵਰਿਆਮ ਸਿੰਘ ਸੰਧੂ ਹੋਰਾਂ ਦੀ ਟੋਟਾ ਕੁ ਜ਼ਿੰਦਗੀ ਇਸ ਮਹਾਨ ਕਰਮ ਯੋਗੀ ਇਨਸਾਨ ਦੀ ਜ਼ਿੰਦਗੀ ਦੀਆਂ ਅਜਿਹੀਆਂ ਗੰਢਾਂ ਖੋਲ੍ਹਦੀ ਹੈ ਜਿਹੜੀਆਂ ਕੋਇਲੇ ਨੂੰ ਤਪਸ਼ ਅਤੇ ਦਬਾਅ ਕਾਰਨ ਹੀਰਾ ਬਣਾਉਣ ਵਿੱਚ ਮਦਦ ਕਰਦੀਆਂ ਹਨ। ਇਸ ਮਹਾਨ ਇਨਸਾਨ ਨੇ ਤੰਗੀ ਤੁਰਛੀ ਦੇ ਦਿਨਾਂ ਨੂੰ ਵੀ ਕਿਧਰੇ ਲੁਕੋਇਆ ਨਹੀਂ ਹੈ। ਸਗੋਂ ਉਸ ਅਵਸਥਾ ਨੂੰ ਬੇਹੱਦ ਨਾਜ਼ੁਕ ਛੋਹਾਂ ਦੇ ਦਿੱਤੀਆਂ ਹਨ, ਜਿਹੜੀਆਂ ਪਾਠਕ ਨੂੰ ਹਲੂਣ ਕੇ ਰੱਖਾਂ ਦੇਣ। ਧੰਨਵਾਦ ਸੰਧੂ ਸਾਹਿਬ।

ਡਾਕਟਰ ਹਰਸ਼ਿੰਦਰ ਕੌਰ ਜੀ ਦੇ ਲੇਖ ਮੈਂ ਹਮੇਸ਼ਾ ਪੜ੍ਹਦਾ ਹਾਂ, ਇਸ ਵਾਰ ਵੀ ਡਾਕਟਰ ਸਾਹਿਬ ਸਿਹਤ ਸਮਸਿਆਵਾਂ ਅਤੇ ਉਨ੍ਹਾਂ ਦੇ ਹੱਲ ਲੈਕੇ ਹਾਜ਼ਰ ਹਨ। ਸਤਿਗੁਰਾਂ ਨੇ ਡਾਕਟਰ ਹਰਸ਼ਿੰਦਰ ਕੌਰ ਜੀ ਨੂੰ ਦੋਹਰੀ ਸਮਰਥਾ ਬਖਸ਼ੀ ਹੈ। ਆਪ ਡਾਕਟਰ ਵੀ ਹਨ ਅਤੇ ਲੇਖਕ ਵੀ, ਵਾਹ ਜੀ ਵਾਹ! ਕਿਆ ਕ੍ਰਿਸ਼ਮਾ ਹੈ।

ਸ. ਸੁਵਰਨ ਸਿੰਘ ਵਿਰਕ ਹੋਰਾਂ ਦਾ ਇਤਿਹਾਸਕ ਲੇਖ ਸੰਤ ਕੇਸਰ ਸਿੰਘ 'ਚੁੱਪ' ਇਕ ਖੋਜ ਭਰਪੂਰ ਲੇਖ ਹੈ। ਆਸ ਹੈ ਵਿਰਕ ਜੀ ਇਸ ਤਰ੍ਹਾਂ ਦੇ ਹੋਰ ਲੇਖ ਲਿਖਕੇ ਪਾਠਕਾਂ ਨੂੰ ਨਾਮਧਾਰੀ ਇਤਿਹਾਸ ਤੋਂ ਜਾਣ ਕਰਾਉਂਦੇ ਰਹਿਣਗੇ। ਬਲਦੇਵ ਮਾਧੋਪੁਰੀ ਜੀ ਦਾ ਰੇਡੀਓ ਸੈਟ ਬੇਹੱਦ ਪਸੰਦ ਆਇਆ। ਵਰਿਆਮ ਦੀ ਪੂਰੀ ਟੀਮ ਨੂੰ ਦਾਸ ਵਲੋਂ ਵਧਾਈ। ਸਤਿਗੁਰੂ ਮਹਾਰਾਜ ਮਿਹਰਾਂ ਰੱਖਣ ਹੋਰ ਸਮਰੱਥਾ ਬਖਸ਼ਣ।

*—ਜਰਨੈਲ ਸਿੰਘ ਬੱਧਣ*
*527 ਅਰਬਨ ਅਸਟੇਟ ਫੇਜ਼ 2, ਜਲੰਧਰ ਸ਼ਹਿਰ*
*9464796287*

ਪਿਆਰੇ ਸੰਪਾਦਕ 'ਵਰਿਆਮ' ਜੀ, ਸਤਿ ਸ੍ਰੀ ਅਕਾਲ।

ਜੂਨ 2016 ਦਾ ਅੰਕ ਪ੍ਰਾਪਤ ਹੋਇਆ। ਸਾਰੇ ਹੀ ਅੰਕ ਵਿਚ ਸਾਰੇ ਲੇਖ ਬਹੁਤ ਵਧੀਆ ਹਨ। ਪੜ੍ਹਕੇ ਦਿਲ ਖੁਸ਼ ਹੋ ਗਿਆ। ਇਸੇ ਹੀ ਅੰਕ 'ਚ ਬਲਦੇਵ ਮਾਧੋਪੁਰੀ ਦਾ 'ਮੇਰਾ ਰੇਡੀਓ ਸੈਟ' ਲੇਖ ਪੜ੍ਹਿਆ। ਉਹਨਾਂ ਲੇਖ ਵਿਚ ਭਾਰਤੀ ਰੇਲਵੇ ਦਾ ਵੀ ਛੋਟਾ ਜਿਹਾ ਹਵਾਲਾ ਦਿੱਤਾ ਹੈ ਤੇ ਲਿਖਿਆ ਹੈ ਕਿ ਭਾਰਤ 'ਚ ਰੇਲਵੇ ਸੰਨ 1905 ਦੇ ਸ਼ੁਰੂ ਹੋਈ। ਪਰ ਇਹ ਠੀਕ ਨਹੀਂ ਹੈ। ਰੇਲਵੇ ਹਿਸਟਰੀ ਮੁਤਾਬਿਕ ਰੇਲਵੇ ਦੀ ਦੀ ਸਭ ਤੋਂ ਪਹਿਲੀ ਸਰਵਿਸ 16 ਅਪਰੈਲ 1853 ਨੂੰ ਮੁੰਬਈ ਤੋਂ ਥਾਨੇ ਤਕ ਸ਼ੁਰੂ ਹੋਈ ਸੀ। ਇਸਦੀ ਲੰਬਾਈ 21 ਮੀਲ (33.81 ਕਿਲੋਮੀਟਰ) ਸੀ।

## ਇਕ ਹੋਰ ਜਾਣਕਾਰੀ ਮੁਤਾਬਿਕ

ਪੰਜਾਬ 'ਚ ਪਹਿਲੀ ਰੇਲਵੇ ਸਰਵਿਸ ਸੰਨ 1862 'ਚ ਅੰਮ੍ਰਿਤਸਰ ਤੋਂ ਅਟਾਰੀ ਤਕ ਸ਼ੁਰੂ ਹੋਈ। ਸੰਨ 1870 'ਚ ਅੰਮ੍ਰਿਤਸਰ ਤੋਂ ਗਾਜ਼ੀਆਬਾਦ ਨੂੰ ਬਰਾਸਤਾ ਸਹਾਰਨਪਰ ਸ਼ੁਰੂ ਹੋਈ। ਯਾਦ ਰਹੇ, ਸਤਿਗੁਰੂ ਰਾਮ ਸਿੰਘ ਜੀ ਜਦੋਂ ਜਲਾਵਤਨ ਹੋਏ ਤਾਂ 18 ਜਨਵਰੀ 1872 ਨੂੰ ਸਵੇਰੇ 4 ਵਜੇ ਲੁਧਿਆਣਾ ਜੰਕਸ਼ਨ ਤੋਂ ਸਪੈਸ਼ਲ ਰੇਲ ਤੇ ਇਲਾਹਾਬਾਦ ਲਈ ਰਵਾਨਾ ਹੋਏ ਸਨ। ਹੋਰ ਜਾਣਕਾਰੀ ਲਈ ਰੇਲਵੇ ਦੀ Web site- irfca-org ਦੇਖੀ ਜਾ ਸਕਦੀ ਹੈ।

—ਜੋਗਾ ਸਿੰਘ ਜਲੰਧਰ
7508689061


Namdhari Elibrary NamdhariElibrary@gmail.com


TOP TRAK
new generation bikes
new range for all ages
new
new
new
new
BVQI
UKAS
ISO 9001:2000
PARTAP ENGINEERS
AN ISO 9001 COMPANY
BHAGWAN CHOWK, LUDHIANA - 141 003 (INDIA)
Tel : 91-161-2533276, 2540209 FAX : 91-161-2533273
E-MAIL : gspartap@glide.net.in
Website : www.partapexports.com

BBL
FOODS PVT. LTD.






*India's Larget Second Hand Food*
*Machines Dealer Cum Rebuilder*

**750kgs Potato Chips Line**

**List of the projects, consultation and machines:**

1. Biscuits-Soft Dough, Hard Dough, Crackers
2. Cookies- Wire Cut, Depositer.
3. Bread, Cakes and Bakery Products
4. Wafers - Flat, Round, Enrobed, Moulded
5. Wafers - Round Sticks, Pillows, Flat Sticks.
6. Ice Cream Cones - Moulded or Rolled Sugar Cone.
7. Chocolates- Moulded, Enrobed, Panned, Drops.
8. Potato Chips
9. Extruded- Kurkure, Cheetos.
10. Toast- Bread Toast, Mini Toast.
11. Vermicilli., 12. Water Filling., 13. Paper Cups.
14. Chocolate/Jelly Filling Lines for Small Cups.
15. Namkeens.

***We arrange complete machines, manpower and training receipes with formulation***






# BBL FOODS (P) LTD.

***SANTOSH NAGAR X ROADS, HYDERABAD- 5000059, INDIA***
***Tel : +91 40 24530680, Mobile : 91 98480-50607/ +91 98483 99702***
***e-mail:lakbir.mutchall@gmail.com***
***www.bblfoods.com   www.mutchall.com***


Namdhari Elibrary NamdhariElibrary@gmail.com



ਠੇਕੇਦਾਰ ਹਰਭਜਨ ਸਿੰਘ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਆਪਣੇ ਇੱਕ ਪ੍ਰਾਜੈਕਟ ਬਾਰੇ ਜਾਣਕਾਰੀ ਦਿੰਦੇ ਹੋਏ


# M/S HARBHAJAN SARABJEET & ASSOCIATES

## Engineers & Contractor

A-16,17 N-4, CIDCO Aurangabad,431003
Phone-0240-2482016
email- hsa_associates@yahoo.com

# M/S PAL ESTATE DEVELOPERS

## Builders & Developers

**Plot No. 6 N-2, CIDCO Aurangabad, 431003**
**Phone-0240-2480617**




Namdhari Elibrary NamdhariElibrary@gmail.com



ਸ੍ਰੀ ਭੈਣੀ ਸਾਹਿਬ ਵਿਖੇ 33ਵੇਂ ਨਾਮਧਾਰੀ ਇਸਤਰੀ ਵਿੱਦਿਅਕ ਸੰਮੇਲਨ ਦੌਰਾਨ ਨਾਮਧਾਰੀ ਇਸਤਰੀ ਵਿੱਦਿਅਕ ਜੱਥਾ ਜਲੰਧਰ ਦੀਆਂ ਬੀਬੀਆਂ ਸ੍ਰੀ ਸਤਿਗੁਰੂ ਉਦੇ ਸਿੰਘ ਪਾਸੋਂ ਸਰਵੋਤਮ ਜੱਥੇ ਦਾ ਸਨਮਾਨ ਪ੍ਰਾਪਤ ਕਰਦੀਆਂ ਹੋਈਆਂ।



ਨਾਮਧਾਰੀ ਬੱਚੀ ਸੰਮੇਲਨ ਵਿੱਚ ਹਿੱਸਾ ਲੈਂਦੀ ਹੋਈ।



ਪ੍ਰਧਾਨ ਸੁਖਜੀਤ ਕੌਰ ਸਤਿਗੁਰੂ ਜੀ ਮਹਿਲ ਬੀਬੀ ਗੁਰਸ਼ਰਨ ਕੌਰ ਜੀ ਨੂੰ ਬੈਜ ਲਗਾਉਂਦੇ ਹੋਏ



ਸੰਤ ਸੁਰਤ ਪਾਲ ਸਿੰਘ ਸ੍ਰੀ ਸਤਿਗੁਰੂ ਪਾਸੋਂ ਸਰਵੋਤਮ ਜੱਜ ਦਾ ਪੁਰਸਕਾਰ ਪ੍ਰਾਪਤ ਕਰਦੇ ਹੋਏ।



ਚੰਡੀਗੜ੍ਹ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਯਾਦਗਾਰੀ ਸਮਾਰੋਹ ਸੰਬੰਧੀ ਹੋਈ ਮੀਟਿੰਗ ਦੌਰਾਨ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ, [illegible] ਸੁਰਿੰਦਰ ਸਿੰਘ, ਨਾਮਧਾਰੀ [illegible]

Namdhari Elibrary NamdhariElibrary@gmail.com

P.O. Regd. No. PB/JL-016/2015-2017 **WARIAM** Ladowali Road, Jalandhar -144001
Regd. RNI No. 26453/75
**August :2016**

**Reliable Performance**




**Consistence Performers, Suited to all market needs with high yield, quality & disease resistant.**

**NAMDHARI SEEDS PVT. LTD.**
Bidadi 562 109 Bangalore • Tel.: 98454 71271/ 72, 98453 81817/ 98453 10057
Liaison Office : Tel.: 080 28602167/ 69 • Fax: 080 28602168
e-mail : namdhariseeds@namdhariseeds.com • URL : www.namdhariseeds.com

*Seeds for a better future...*

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 0181-2222543, ਨਿਵਾਸ : 0181-2456289, ਮੋਬਾਇਲ- 98143-18720

Namdhari Elibrary NamdhariElibrary@gmail.com